माङा मागिउ

(17) 10 5/89

मथठ भारा

(10)

ਸਾਡਾ ਸਾਹਿਤ

President
A. B. S. Sadan (Regd)
JAMMU.

ਸੰਪਾਦਕ

ਅਮਰੀਕ ਸਿੰਘ

ਜੰਮੂ ਐਂਡ ਕਸ਼ਮੀਰ
ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

SADA SAHIT (1972) : An anthology of Punjabi Literature written in J & K State during 1968—72. Edited by Amrik Singh

ਸਾਲ : 1974—75
ਮੁੱਲ : 6 ਰੁਪਏ

ਪ੍ਰਕਾਸ਼ਕ : ਸਕੱਤਰ ਜੰਮੂ ਐਂਡ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਕਨਾਲ ਰੋਡ, ਜੰਮੂ।

ਪ੍ਰਿੰਟਰ : ਟੈਗੋਰ ਪ੍ਰਿੰਟਰਜ਼ ਸੈਂਟਰਲ ਮਿਲਜ਼, ਓਲਡ ਰੇਲਵੇ ਰੋਡ, ਜਲੰਧਰ ਸਿਟੀ।

ਸੰਪਾਦਕੀ

1969 ਵਿਚ 'ਸ਼ੀਰਾਜ਼ਾ' ਦਾ ਪ੍ਰਕਾਸ਼ਨ ਅਰੰਭ ਹੋਣ ਨਾਲ ਹੀ 'ਸਾਡਾ ਸਾਹਿਤ' ਦਾ ਪ੍ਰਕਾਸ਼ਨ ਮੁਅਤਲ ਕਰ ਦਿਤਾ ਗਿਆ ਸੀ। ਪੰਜਾਬੀ ਲੇਖਕਾਂ ਤੇ ਪਾਠਕਾਂ ਦੀ ਮੰਗ ਨੂੰ ਮੁਖ ਰਖ ਕੇ ਇਸ ਨੂੰ 1973 ਵਿਚ ਦੋਬਾਰਾ ਚਾਲੂ ਕਰਨ ਦਾ ਨਿਰਨਾ ਕੀਤਾ ਗਿਆ। ਸਾਡੀ ਕੋਸ਼ਿਸ਼ ਸੀ ਕਿ 1972 ਦਾ ਇਹ ਅੰਕ ਛੇਤੀ ਤੋਂ ਛੇਤੀ ਪ੍ਰਕਾਸ਼ਤ ਹੋ ਜਾਏ ਇਸੇ ਕਾਰਨ ਇਸ ਦਾ ਖਰੜਾ ਛਪਣ ਲਈ ਜਲੰਧਰ ਭੇਜ ਦਿਤਾ ਗਿਆ ਪਰ ਹੋਇਆ ਇਹ ਕਿ ਉਥੇ ਪ੍ਰੈਸ ਨੇ ਇਸ ਪਾਸੇ ਯੋਗ ਧਿਆਨ ਨਹੀਂ ਦਿਤਾ ਤੇ ਇਥੇ 1973 ਦਾ ਅੰਕ ਛਪ ਕੇ ਪਾਠਕਾਂ ਸਾਹਮਣੇ ਪੁਜ ਗਿਆ।

ਇਨ੍ਹਾਂ ਚੌਹਾਂ ਸਾਲਾਂ ਵਿੱਚ ਇਥੇ ਢੇਰ ਸਾਰਾ ਸਾਹਿਤ 'ਸ਼ੀਰਾਜ਼ਾ', 'ਹੀਮਾਲ', 'ਚਾਨਣ' ਤੇ 'ਸ਼ੀਲਤਾ', ਵਿੱਚ ਪ੍ਰਕਾਸ਼ਤ ਹੋਇਆ। ਇਸ ਤੋਂ ਛੁੱਟ ਪੰਜਾਬ ਦੇ ਪਤਰਾਂ ਵਿੱਚ ਵੀ ਰਿਆਸਤੀ ਲੇਖਕ ਛਪਦੇ ਰਹੇ। ਇਹੀ ਕਾਰਨ ਹੈ ਕਿ ਇਸ ਅੰਕ ਦੀਆਂ ਤਕਰੀਬਨ ਸਾਰੀਆਂ ਰਚਨਾਵਾਂ ਕਿਧਰੇ ਨਾ ਕਿਧਰੇ ਛਪੀਆਂ ਹੋਇਆਂ ਹਨ ਜਿਸ ਦਾ ਜ਼ਿਕਰ ਅਸੀਂ ਹਰ ਰਚਨਾ ਦੇ ਅੰਤ ਵਿੱਚ ਕਰ ਦਿਤਾ ਹੈ।

ਇਸ ਦੌਰਾਨ ਵਿਚ 'ਚੋਣਵੀ ਪੰਜਾਬੀ ਕਵਿਤਾ' ਤੇ ਪ੍ਰਕਾਸ਼ਤ ਹੋਣ ਨਾਲ ਇਸ ਕਾਲ ਦੀਆਂ ਚੋਣਵੀਆਂ ਕਵਿਤਾਵਾਂ ਉਸ ਵਿਚ ਸ਼ਾਮਲ ਹੋ ਗਈਆਂ ਹਨ ਇਸ ਲਈ ਇਸ ਵੇਰ ਕਵਿਤਾ ਦਾ ਭਾਗ ਜ਼ਰਾ ਛੁਟੇਰਾ ਹੀ ਦਿਸੇਗਾ। ਪ੍ਰਯੋਜਨ ਇਹ ਕੀਤਾ ਗਿਆ ਹੈ ਕਿ ਹਰ ਭਾਗ ਵਿੱਚ ਸੱਤ ਰਚਨਾਵਾਂ ਰਖ ਕੇ ਸਤੋਂਨੇ ਦੀ ਸ਼ਕਲ ਦਿੱਤੀ ਜਾਵੇ।

ਫ਼ਾਰਸੀ ਲਿੱਪੀ ਵਿੱਚ ਸਾਡਾ ਪਹਿਲਾ ਪੰਜਾਬੀ ਪ੍ਰਕਾਸ਼ਨ 'ਚੋਣਵੀਂ ਪੰਜਾਬੀ ਕਵਿਤਾ' ਪ੍ਰਕਾਸ਼ਤ ਹੋ ਚੁੱਕੀ ਹੈ। ਆਸ ਹੈ ਕਿ ਗੁਰਮੁਖੀ ਲਿੱਪੀ ਨਾ ਜਾਨਣ ਵਾਲੇ ਲੇਖਕ ਇਸ ਤੋਂ ਲਾਭ ਉਠਾਣਗੇ। ਇਸ ਤੋਂ ਛੁੱਟ ਗੋਜਰੀ ਭਾਸ਼ੀ ਲੇਖਕ ਵੀ ਆਪਣੇ ਸਾਥੀਆਂ ਦੀਆਂ ਰਚਨਾਵਾਂ ਪੜ੍ਹ ਸਕਣਗੇ। ਸਾਡਾ ਸਾਹਿਤ ਦੇ ਇਸ ਅੰਕ ਵਿਚ ਵੀ ਅਸੀਂ ਗੁੱਜਰ ਵੀਰਾਂ ਨੂੰ ਨਹੀਂ ਭੁੱਲੇ।

ਹੁਣ ਤੋਂ ਹਰ ਸਾਲ ਸਾਡਾ ਸਾਹਿਤ ਪ੍ਰਕਾਸ਼ਤ ਹੋਇਆ ਕਰੇਗਾ। ਲੇਖਕਾਂ ਅਗੇ ਬੇਨਤੀ ਹੈ ਕਿ ਉਹ ਆਪਣੀ ਚੋਣਵੀਂ ਰਚਨਾ, ਲੇਖ, ਕਵਿਤਾ, ਕਹਾਣੀ ਤੇ ਇਕਾਂਗੀ ਸਾਨੂੰ ਭੇਜ ਦਿਆ ਕਰਣ।

ਰਵਾਇਤੀ ਸੈਲੀ ਵਿੱਚ ਲਿਖਣ ਵਾਲੇ ਸਜਣਾਂ ਅਗੇ ਵੀ ਬੇਨਤੀ ਹੈ ਕਿ ਉਹ ਆਪਣੀਆਂ ਸੀਹਰਫ਼ੀਆਂ, ਬਾਰਾਂਮਾਹ ਤੇ ਹੋਰ ਕਿਸਿਆਂ ਦੇ ਖਰੜੇ ਸਾਡੇ ਪਾਸ ਭੇਜ ਦੇਣ ਤਾਂ ਜੋ ਇਨ੍ਹਾਂ ਨੂੰ ਕੁਲੀਆਤ ਦੀ ਸ਼ਕਲ ਵਿਚ ਛਾਪਣ ਦੀ ਯੋਜਨਾ ਬਣ ਸਕੇ।

—ਅਮਰੀਕ ਸਿੰਘ

ਚੰਗੇਰ

ਵਿਚਾਰ ਗੋਸ਼ਟੀ

ਰਿਆਸਤ ਕਸ਼ਮੀਰ ਵਿਚ ਪੰਜਾਬੀ ਕਵਿਤਾ	1	ਸੇਵਾ ਸਿੰਘ
ਗੁੱਜਰੀ ਬੋਲੀ	20	ਉੱਜਲ ਸਿੰਘ ਬਾਹਰੀ
ਜੰਮੂ-ਕਸ਼ਮੀਰ ਵਿੱਚ ਪੰਜਾਬੀ ਕਹਾਣੀ	28	ਮਾਨ ਭਾਰਗਵ
ਜਾਪੁ ਸਾਹਿਬ-ਵਿਚਾਰ ਅਤੇ ਸ਼ੈਲੀ	35	ਜਸਵੰਤ ਸਿੰਘ
ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ ਵਿਚ ਮਨੁੱਖੀ ਚਿਤਰਣ	42	ਗੁਰਚਰਨ ਸਿੰਘ 'ਗੁਲਸ਼ਨ'
ਮੀਆਂ ਮੁਹੰਮਦ ਬਖ਼ਸ਼	49	ਰਘਬੀਰ ਸਿੰਘ ਮੁਕਤ
ਜੰਮੂ-ਕਸ਼ਮੀਰ ਦੀ ਪ੍ਰਸਿੱਧ ਲੋਕ-ਕਹਾਣੀ—ਚੰਨ	57	ਪ੍ਰੇਮ ਸਿੰਘ

ਕੱਥਾ ਸਾਹਿਤ

ਦਿਹਾੜ ਦਾ ਅੰਤ	65	ਦਿਲਜੀਤ ਸਿੰਘ
ਜੀਊਣ ਦਾ ਮੁੱਲ	71	ਖ਼ਜ਼ਾਨ ਸਿੰਘ 'ਸਾਬਰ'
ਰਿਹਾਈ	73	ਦੀਦਾਰ ਸਿੰਘ
ਦਿਲ ਦੀਆਂ ਗਲੀਆਂ	78	ਖ਼ਾਲਿਦ ਹੁਸੈਨ
ਵਿੱਥ	82	ਕੰਵਲ ਕਸ਼ਮੀਰੀ
ਅਸਕੇਪ	88	ਭੁਪਿੰਦਰ ਸੂਦਨ
ਇਕ ਘਟਨਾ-ਇਕ ਕਹਾਣੀ	94	ਹਰਭਜਨ ਸਿੰਘ ਸਾਗਰ

ਕਾਵਿ-ਉਡਾਰੀ

ਗਜ਼ਲ	101	ਸਪਨ ਮਾਲਾ
ਮੇਰਾ ਦਿਲ	103	ਉਜਾਗਰ ਸਿੰਘ 'ਮਹਿਕ'
ਗ਼ਜ਼ਲ	105	ਦੇਸ ਰਾਜ 'ਦਾਨਿਸ਼'
ਗ਼ਜ਼ਲ	106	ਮੋਹਨ ਸਿੰਘ 'ਸ਼ਾਂਤ'
ਗ਼ਜ਼ਲ	107	ਠਾਕਰ ਸਿੰਘ 'ਜ਼ਖ਼ਮੀ'
ਇਕ ਸੰਸਾ	108	ਅਮਰੀਕ ਸਿੰਘ 'ਸੁਖੀ'
ਗੁਜਰੀ ਕਵਿਤਾ	110	ਮੁਹੰਮਦ ਸਾਦਕ

ਵਿਚਾਰ ਗੋਸ਼ਟੀ

ਸੇਵਾ ਸਿੰਘ

ਰਿਆਸਤ ਕਸ਼ਮੀਰ ਵਿਚ ਪੰਜਾਬੀ ਕਵਿਤਾ

ਰਿਆਸਤ ਜੰਮੂ-ਕਸ਼ਮੀਰ ਵਿੱਚ ਪੰਜਾਬੀ ਕਵਿਤਾ ਪੰਜਾਬ ਦੇ ਸਾਹਿਤਕ ਵਿਰਸੇ ਤੋਂ ਪ੍ਰਭਾਵਤ ਹੁੰਦੀ ਰਹੀ ਹੈ। ਇਸ ਵਿਰਾਸਤ ਵਿੱਚ ਗੁਰਬਾਣੀ, ਸੂੱਫੀਆਂ ਦੇ ਕਲਾਮ ਅਤੇ ਕਿਸਾ ਸਾਹਿਤ ਸ਼ਾਮਿਲ ਹੈ। ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ, ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਆਦਿਕ ਮਹਾਨ ਕਵੀਆਂ ਦੀਆਂ ਰਚਨਾਵਾਂ ਮਨੁੱਖਤਾ ਨੂੰ ਭਗਤੀ ਭਾਵ, ਤਸੱਵਫ਼ ਅਤੇ ਪ੍ਰੇਮ-ਪਿਆਰ ਦਾ ਸੰਦੇਸ਼ ਦੇਂਦੀਆਂ ਰਹੀਆਂ ਹਨ। 'ਹੀਰ' ਵਾਰਸ ਸ਼ਾਹ, ਹਾਸ਼ਮ ਦੀ 'ਸੱਸੀ', ਕਾਦਰਯਾਰ ਦਾ 'ਪੂਰਨ-ਭਗਤ' ਫ਼ਜ਼ਲ ਸ਼ਾਹ ਦਾ ਲਿਖਿਆ 'ਸੋਹਣੀ-ਮਹੀਂਵਾਲ' ਦਾ ਕਿੱਸਾ ਅਤੇ ਇਸੇ ਤਰ੍ਹਾਂ ਅਨੇਕਾਂ ਕਿੱਸਾਕਾਰ ਕਵੀਆਂ ਦੀਆਂ ਰਚਨਾਵਾਂ ਲੋਕਾਈ ਦੇ ਜੀਵਨ ਵਿੱਚ ਸੁਹਜ-ਸਵਾਦ ਭਰਦੀਆਂ ਰਹੀਆਂ ਹਨ। ਇਹ ਰਚਨਾਵਾਂ ਪੰਜਾਬੀ ਸਾਹਿਤ ਵਿੱਚ ਕਲਾਸਕੀ ਸਥਾਨ ਰਖਦੀਆਂ ਹਨ।

ਰਿਆਸਤ ਕਸ਼ਮੀਰ ਵਿੱਚ ਇਸ ਅਮੀਰ ਵਿਰਸੇ ਦਾ ਅਸਰ ਸੂਫ਼ੀ ਫ਼ਕੀਰਾਂ, ਸੰਤਾਂ-ਮਹਾਤਮਾਵਾਂ ਅਤੇ ਕਿੱਸਾਕਾਰ ਕਵੀਆਂ ਰਾਹੀਂ ਪਰਸਪਰ ਮੇਲ-ਜੋਲ ਦੇ ਕਾਰਨ ਦਾਖ਼ਲ ਹੁੰਦਾ ਰਿਹਾ ਹੈ। ਇਹ ਗੱਲ ਵਰਨਣ ਯੋਗ ਹੈ ਕਿ ਰਿਆਸਤ ਦਾ ਵਿਸ਼ੇਸ਼ ਭਾਗ ਪੰਜਾਬ ਦੀ ਸਰਹੱਦ ਦੇ ਨਾਲ ਜੁੜਿਆ ਹੋਇਆ ਹੈ ਤੇ ਪਰਸਪਰ ਮੇਲ ਅਤੇ ਸਾਹਿਤਕ ਵਟਾਂਦਰੇ ਦੇ ਅਸਰ ਦਾ ਵੀ ਇਹੋ ਹੀ ਕਾਰਨ ਹੈ।

ਇਸ ਮੇਲ-ਜੋਲ ਦੇ ਪਰਿਣਾਮ ਵਜੋਂ ਪੰਜਾਬੀ ਦਾ ਲੋਕ-ਸਾਹਿਤ, ਜਿਸ ਵਿੱਚ ਵਿਆਹ-ਸ਼ਾਦੀਆਂ ਦੇ ਗੀਤ, ਬੀਰ-ਕਾਵਿ, ਲੋਕ-ਕਹਾਣੀਆਂ, ਅਖਾਣ-ਮੁਹਾਵਰੇ ਆਦਿ ਰਿਆਸਤ ਵਿੱਚ ਸਮੇਂ-ਸਮੇਂ ਆਉਂਦੇ ਰਹੇ ਹਨ। ਇਸ ਤੋਂ ਛੁੱਟ ਸਥਾਨਕ ਪੰਜਾਬੀ ਬੋਲਦੇ ਲੋਕਾਂ ਨੇ ਨਿੱਤ ਨਵੇਂ ਗੀਤ, ਲੋਕ-ਕਹਾਣੀਆਂ (ਕੈਂਚੀ, ਚੰਨ ਆਦਿਕ) ਬੀਰ-ਕਾਵਿ (ਵਾਰ ਮੱਲੀ ਸਬਜ਼ਲੀ, ਵਾਰ ਸ਼ਮਸ ਦੀਨ), ਰਿਆਸਤ ਵਿੱਚ ਹੋ ਬੀਤੀਆਂ ਘੱਟਨਾਵਾਂ ਦੇ ਆਧਾਰ 'ਤੇ ਲਿਖੀਆਂ ਹਨ। ਇਹ ਇਕ ਵੱਡਮੁਲਾ ਖ਼ਜ਼ਾਨਾ ਹੈ ਤੇ ਇਸ ਲੰਮੇ ਲੇਖ ਵਿੱਚ ਜਿਸ ਦਾ ਇਸ਼ਾਰੇ ਮਾਤਰ ਜ਼ਿਕਰ ਹੀ ਕੀਤਾ ਜਾਂਦਾ ਹੈ।

ਲੋਕ-ਸਾਹਿਤ ਤੋਂ ਛੁੱਟ ਰਿਆਸਤ ਕਸ਼ਮੀਰ ਵਿਚ, ਕਵਿਤਾ ਵਿੱਚ ਕਿਸਾ-ਸਾਹਿਤ ਲਿਖਿਆ ਗਿਆ ਹੈ। ਕਿੱਸਾਕਾਰਾਂ ਵਿੱਚੋਂ ਸ਼ਰੋਮਣੀ ਕਵੀ ਮੀਆਂ ਮੁਹੰਮਦ-ਬਖ਼ਸ਼ ਹੈ, ਜਿਨ੍ਹਾਂ ਨੇ ਕਿੱਸਾ 'ਸੈਫ਼ਲ-ਮਲੂਕ' ਲਿਖ ਕੇ ਪੰਜਾਬੀ ਸਾਹਿਤ ਦੇ ਕਿੱਸਾਕਾਰਾਂ ਵਿੱਚ ਇਕ ਮਾਣਨੀ ਸਥਾਨ ਬਣਾ ਲਿਆ ਹੈ। ਆਪ ਜੀ ਮੀਰਪੁਰ, ਖੱਡੀ ਦੇ ਇਲਾਕੇ ਦੇ ਪਿੰਡ ਸਮਵਾਲੀ ਵਿੱਚ ਪੈਦਾ ਹੋਏ। 'ਸੈਫ਼ਲ-ਮਲੂਕ' ਦੇ ਕਿੱਸੇ ਤੋਂ ਛੁੱਟ ਆਪ ਨੇ 'ਸੋਹਣੀ-ਮਹੀਂਵਾਲ', 'ਸ਼ੀਰੀ-ਫ਼ਰਿਹਾਦ', 'ਮਿਰਜ਼ਾ-ਸਾਹਿਬਾਂ', 'ਸ਼ਾਹ ਮਨਸੂਰ' ਆਦਿਕ ਕਿੱਸੇ ਵੀ ਲਿਖੇ ਹਨ; ਅਤੇ ਇਨ੍ਹਾਂ ਤੋਂ ਛੁੱਟ ਆਪ ਜੀ ਦੇ ਸੀਹਰਫ਼ੀਆਂ ਤੇ ਦੋਹੇ ਵੀ ਲਿਖੇ ਹੋਏ ਮਿਲਦੇ ਹਨ।

ਕਿੱਸਾ 'ਸੈਫ਼ਲ-ਮਲੂਕ' ਪੰਜਾਬੀ ਕਿੱਸਿਆਂ ਵਿੱਚ ਇਕ ਵਿਸ਼ੇਸ਼ ਸਥਾਨ ਰਖਦਾ ਹੈ। ਇਸ ਦੀ ਕਹਾਣੀ ਭਾਵੇਂ ਸਥਾਨਕ ਧਰਤੀ ਨਾਲ ਸਬੰਧ ਨਹੀਂ ਰਖਦੀ ਪਰੰਤੂ ਜੋ ਰੰਗ ਕਵੀ ਨੇ ਇਸ ਵਿਚ ਸਮਾਜਕ ਜੀਵਨ ਦੇ ਵਰਨਣ, ਬੋਲੀ, ਅਲੰਕਾਰਾਂ ਅਤੇ ਹੋਰ ਕਾਵਿਕ ਖ਼ੂਬੀਆਂ ਵਜੋਂ ਭਰਿਆ ਹੈ, ਉਸ ਕਰ ਕੇ ਉਹ ਵਾਰਸ ਦੀ 'ਹੀਰ' ਦੇ ਟਾਕਰੇ 'ਤੇ ਖਲੋ ਸਕਦਾ ਹੈ। ਇਹ ਕਿੱਸਾ ਕਸ਼ਮੀਰ ਵਿੱਚ ਬੋਲੀ ਜਾਂਦੀ ਪੰਜਾਬੀ ਬੋਲੀ ਅਖਾਣ-ਮੁਹਾਵਰੇ ਅਤੇ ਸ਼ਬਦ ਭੰਡਾਰ ਦੇ ਵਿਕਾਸ ਸਬੰਧੀ ਚੰਗੀ ਜਾਣਕਾਰੀ ਦਿੰਦਾ ਹੈ।

ਮੁਹੰਮਦ-ਬਖ਼ਸ਼ ਤੋਂ ਛੁੱਟ ਰਿਆਸਤ ਵਿੱਚ ਹੋਰ ਕੋਈ ਉੱਘਾ ਕਿੱਸਾਕਾਰ ਕਵੀ ਸਾਨੂੰ ਨਜ਼ਰ ਨਹੀਂ ਆਉਂਦਾ। ਅਜੋਕੇ ਸਮੇਂ ਵਿੱਚ ਪੀਰ 'ਰਹੀਮ-ਉਲਾ' ਪਿੰਡ ਖੁੱਡ ਪੁਰਾ ਚੰਦੂਸਾ ਤਹਿਸੀਲ ਬਾਰਾਮੂਲਾ ਵਿੱਚ ਇਕ ਹੋਰ ਕਵੀ ਨੇ ਕਿੱਸਾ 'ਗੁੱਲੋ ਸਣੋਬਰ' ਲਿਖਿਆ ਹੈ ਪਰੰਤੂ ਪੰਜਾਬ ਤੋਂ ਆਏ ਕਿਸੇ ਪਰਕਾਸ਼ਕ ਨੇ ਉਨ੍ਹਾਂ ਤੋਂ ਇਹ ਰਚਨਾ ਲੈ ਲਈ ਹੈ ਜਿਸ ਬਾਰੇ ਹੁਣ ਕੋਈ ਉਘ ਸੁਘ ਮਿਲਣੀ ਅਸੰਭਵ ਹੈ। ਵਰਤਮਾਨ ਸਮੇਂ ਦੇ ਸਾਡੇ ਕਵੀ ਗਿਆਨੀ ਕਰਤਾਰ ਸਿੰਘ 'ਕੋਮਲ' ਜੀ ਨੇ ਵੀ 'ਹੀਰ' ਲਿਖੀ ਹੈ, ਜਿਸ ਦਾ ਖਰੜਾ ਤਿਆਰ ਪਿਆ ਹੈ ਪਰੰਤੂ ਛਾਪਣ ਦੀ ਹਿੰਮਤ ਨਹੀਂ ਕੀਤੀ। ਪੜ੍ਹਨ ਤੋਂ ਬਿਨਾਂ ਉਸ ਰਚਨਾ ਬਾਰੇ ਕੁਝ ਜਾਣਕਾਰੀ ਦੇ ਸਕਣਾ ਕਠਨ ਹੈ।

ਪੰਜਾਬੀ ਕਿੱਸਿਆਂ ਦਾ ਪਰਭਾਵ ਕਸ਼ਮੀਰੀ ਦੇ ਕਿੱਸਾ-ਕਾਰ ਕਵੀਆਂ ਤੋਂ ਵੀ ਪਿਆ ਹੈ। ਕਸ਼ਮੀਰੀ ਦੇ ਕਵੀ ਪੀਰ ਮਹੀ-ਉਦ-ਦੀਨ 'ਮਸਕੀਨ' ਯੌਰ ਖੁਸ਼ੀ ਪੁਰਾ, ਕੁਲਗਾਮ ਕਸ਼ਮੀਰ ਨਿਵਾਸੀ ਨੇ 'ਸੋਹਣੀ-ਮਹੀਂਵਾਲ' ਅਤੇ 'ਹੀਰ-ਰਾਂਝਾ' ਦੇ ਕਿੱਸੇ ਕਸ਼ਮੀਰੀ ਵਿੱਚ ਲਿਖੇ ਹਨ; ਜਿਨ੍ਹਾਂ ਵਿੱਚ ਕਵੀ ਨੇ ਵਿਦਵਤਾ ਪੂਰਨ ਢੰਗ ਨਾਲ ਪੰਜਾਬੀ ਕਿੱਸਿਆਂ ਦੀ ਪ੍ਰਿਸ਼ਟਭੂਮੀ 'ਤੇ ਚੰਗਾ ਕਸ਼ਮੀਰੀ ਰੰਗ ਉਸਾਰਿਆ ਹੈ।

ਕਿੱਸਾ-ਕਾਵਿ ਤੋਂ ਛੁੱਟ ਕਸ਼ਮੀਰੀ ਵਿੱਚ ਅਧਿਆਤਮਕ ਰੰਗ ਦੀ ਕਵਿਤਾ ਬਾਰੇ ਜਾਣਨਾ ਵੀ ਬੜਾ ਉਚਿੱਤ ਹੈ। ਪੰਜਾਬ ਵਿੱਚ ਸਿੱਖ-ਰਾਜ ਸਮੇਂ ਇਸ ਪ੍ਰਕਾਰ ਦੀ ਕਵਿਤਾ ਦਾ ਸਥਾਨ ਸੂਫ਼ੀਆਂ, ਸੰਤਾਂ ਅਤੇ ਮਹਾਤਮਾਵਾਂ ਦੇ ਡੇਰਿਆਂ ਤੀਕ ਹੀ ਸੀਮਤ ਸੀ। ਕਸ਼ਮੀਰ ਵਿੱਚ ਵੀ ਇਸ ਤਰ੍ਹਾਂ ਦਾ ਸਾਹਿਤ ਫ਼ਕੀਰਾਂ ਅਤੇ ਸੂੱਫ਼ੀਆਂ ਦੀ ਸਰਕਰਦਗੀ ਹੇਠ ਵਿਕਾਸ ਕਰਦਾ ਰਿਹਾ ਹੈ। ਇਹੋ ਜਿਹੇ ਸਾਹਿਤਕਾਰਾਂ ਅਤੇ ਉਨ੍ਹਾ ਦੇ ਸਾਹਿਤ ਦੇ ਕੁਝ ਕੁ ਨਮੂਨੇ ਪਰਾਪਤ ਹਨ। ਜਿਨ੍ਹਾਂ ਦਾ ਅਸੀਂ ਹੇਠਾਂ ਵਰਣਨ ਕਰਦੇ ਹਾਂ।

ਸਭ ਤੋਂ ਪੁਰਾਣਾ ਕਵੀ ਜਿਸ ਬਾਰੇ ਜਾਣਕਾਰੀ ਸਾਨੂੰ ਪ੍ਰੋ: ਹਰਨਾਮ ਸਿੰਘ ਸ਼ਾਨ ਦੀ

ਸੰਪਾਦਤ ਪੁਸਤਕਾਂ 'ਪੁਰਾਣਾ ਮਾਖਿਓ' ਵਿੱਚ ਪੰਨਾਂ 175-76 ਤੋਂ ਪ੍ਰਾਪਤ ਹੁੰਦੀ ਹੈ, ਬਾਬਾ ਸੰਤ ਰੇਣ ਜੀ ਹਨ। ਸ਼ਾਨ ਜੀ ਲਿਖਦੇ ਹਨ :—

"ਬਾਬਾ ਸੰਤ ਰੇਣ ਜੀ ਆਪਣੇ ਸਮੇਂ ਦੇ ਮੰਨੇ ਪਰਮੰਨੇ ਉਦਾਸੀ[1] ਸਾਧੂ ਸਨ। ਆਪ 1798 ਬਿ: ਸ੍ਰੀਨਗਰ ਕਸ਼ਮੀਰ ਦੇ ਇਕ ਗੌੜ ਬ੍ਰਾਹਮਣ, ਪੰਡਿਤ ਹਰਿਵਲਭ ਜੀ ਦੇ ਘਰ ਪੈਦਾ ਹੋਏ। ਆਪ ਬੜੇ ਨੇਮੀ ਪ੍ਰੇਮੀ, ਪਰਉਪਕਾਰੀ ਜੀਉ ਸਨ, ਗੁਰਮਤਿ ਪ੍ਰਚਾਰ ਦੀ ਚੇਟਕ ਨੇ ਆਪ ਨੂੰ ਚੰਖਾ ਰਟਨ ਕਰਾਇਆ। ਆਪ ਨੇ ਜੀਵਨ ਦਾ ਬਹੁਤ ਹਿੱਸਾ ਭੂਦਨ (ਮਲੇਰ ਕੋਟਲਾ) ਵਿੱਚ ਗੁਜ਼ਾਰਿਆ ਅਤੇ 'ਅਸ਼ੋਕ' ਜੀ ਅਨੁਸਾਰ ਗਾਲਬਨ 1928 ਬਿ: ਵਿਚ ਸੁਰਗਵਾਸ ਹੋਏ। ਉਨ੍ਹਾਂ ਨੇ ਪੰਜ ਪੁਸਤਕਾਂ, 'ਮਨ ਪਰਬੋਧ', ਸ੍ਰੀ ਗੁਰੂ ਨਾਨਕ ਵਿਜੈ, ਗੁਰੂ ਨਾਨਕ ਬੋਧ, ਆਦਿਕ, ਲਿਖੀਆਂ। ਸ੍ਰੀ ਗੁਰੂ ਨਾਨਕ ਵਿਜੈ ਗੁਰੂ ਦੇਵ ਬਾਰੇ ਮਹੱਤਵ ਪੂਰਨ ਰਚਨਾ ਹੈ।"

"ਬਾਬਾ ਜੀ ਦੀ ਠੇਠ ਪੰਜਾਬੀ ਰਚਨਾ ਮਾਝਾਂ ਤੇ ਸੀਹਰਫ਼ੀਆਂ ਦੇ ਰੂਪ ਵਿੱਚ ਮਿਲਦੀ ਹੈ। ਇਨ੍ਹਾਂ ਦਾ ਵਿਸ਼ਾ ਨਿਰੋਲ ਅਧਿਆਤਮਿਕ ਹੈ। ਇਨ੍ਹਾਂ ਤੇ ਸੂਫ਼ੀਵਾਦ ਤੇ ਉਦਾਸੀ ਪੰਥ ਦੀ ਵਿਚਾਰਧਾਰਾ ਦਾ ਪ੍ਰਭਾਵ ਪਰਤੱਖ ਦਿਸਦਾ ਹੈ। ਇਨ੍ਹਾਂ ਵਿੱਚ ਬੜੇ ਸਾਦੇ ਪਰ ਕਾਟਵੇਂ ਜ਼ਹੇ ਅੰਦਾਜ਼ ਵਿੱਚ ਪਰਮਾਰਥਕ ਵਿਸ਼ਿਆਂ ਉਤੇ ਚਾਨਣਾ ਪਾਇਆ ਹੈ। ਮਨੁੱਖਾਂ ਨੂੰ ਵਿਸ਼ੇ-ਵਿਕਾਰ ਤੇ ਖੁਦੀ ਤਕੱਬਰ ਛੱਡ ਕੇ ਇਕ ਪਰਮਾਤਮਾ ਵਲ ਲਿਵ ਲਾਉਣ ਲਈ ਪ੍ਰੇਰਿਆ ਹੈ। ਬਾਬਾ ਜੀ ਦੀਆਂ ਮਾਝਾਂ ਤੇ ਸੀਹਰਫ਼ੀਆਂ ਬੜੀਆਂ ਰਸਦਾਇਕ ਕਿਰਤਾਂ ਹਨ ਅਤੇ ਹੁਸੈਨ ਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਾਂਗ ਪ੍ਰੀਅ ਤੇ ਪਰਚੱਲਤ ਹਨ।"[2]

ਪ੍ਰੋ: ਸ਼ਾਨ ਦੇ ਬਾਬਾ ਜੀ ਬਾਰੇ ਵਿਚਾਰਾਂ ਦੀ ਪ੍ਰੌੜਤਾ ਵਿੱਚ ਬਾਬਾ ਸੰਤ ਰੇਣ ਦੀਆਂ ਰਚਨਾ 'ਚੋਂ ਕੁਝ ਵੰਨਗੀਆਂ ਦੇਣੀਆਂ ਲੋੜੀਂਦੀਆਂ ਜਾਪਦੀਆਂ ਹਨ :—

ਤੁਧ ਭੁਲਿਆਂ ਨੂੰ ਦੁਖ ਘਨੇਰੇ, ਤੁਧ ਡਿਠਿਆਂ ਦੁਖ ਨਾ ਕੋਈ।
ਜੇ ਦੁਖ ਹੁੰਦਾ ਤਾਂ ਮਨਸੂਰ ਭੀ ਰੋਂਦਾ, ਜਿਸ ਨੂੰ ਸੂਲੀ ਸੇਜਾ ਹੋਈ।
ਸ਼ਮਸ ਖੱਲ ਅਪੁੱਠੀ ਲੱਥੀ, ਉਸ ਨੂੰ ਦਰ ਦਰ ਮਿਲੇ ਨਾ ਢੋਈ।
ਸੰਤ ਰੇਣ ਸੁਖ ਉਹੋ ਜਾਣੇ, ਊਹੋ ਜਾਣੇ ਬਿਆ ਨਾ ਕੋਈ।
ਦੁਨੀਆਂ ਝੂਠੀ ਤੇ ਸਾਈਂ ਸੱਚਾ, ਪਰ ਦੁਨੀਆਂ ਪਿਆਰੀ ਲਗੇ।
ਸੱਚ ਛਡੇ ਤੇ ਝੂਠ ਵਿਹਾਝੇ, ਇਹ ਨਿਆਂਉਂ ਪਿਆ ਤੇਰੇ ਅਗੇ।
ਘਰ ਜੈਂਦੇ ਵਿੱਚ ਦੁਸ਼ਮਨ ਹੋਵੇ, ਉਹ ਕਿਚਰ ਤਾਈਂ ਤੱਗੇ।
ਸੰਤ ਰੇਣ ਉਹ ਕਦੇ ਨਾ ਮਿਲਦੇ, ਜੋ ਦੁਨੀਆਂ ਦੇ ਠੱਗੇ।

---

1. ਕਸ਼ਮੀਰ ਵਿਚ ਉਦਾਸੀ ਸੰਪਰਦਾ ਦਾ ਬੜਾ ਪ੍ਰਭਾਵ ਰਿਹਾ ਹੈ। ਬਾਬਾ ਸ੍ਰੀ ਚੰਦ ਜੀ ਦਾ ਗੁਰਦੁਆਰਾ ਸ੍ਰੀਨਗਰ ਵਿਚ ਸ੍ਰੀ ਚੰਦ ਚਨਾਰ ਕਰ ਕੇ ਪ੍ਰਸਿੱਧ ਹੈ। ਬਾਬਾ ਸੰਤ ਰੇਣ ਉਸੇ ਹੀ ਸੰਪਰਦਾ ਦੇ ਇਕ ਮੰਗ ਹਨ ਅਤੇ ਕਸ਼ਮੀਰ ਵਿੱਚ ਇਸੇ ਹੀ ਮਿਸ਼ਨ ਨੂੰ ਲੈ ਕੇ ਆਏ ਸਨ।

2. ਪੁਰਾਣਾ ਮਾਖਿਓਂ ਅੰਤਕਾ 1 ਪੰਨਾ 175-76।

ਬਾਬਾ ਸੰਤ ਰੇਣ ਨਿਸਚੇ ਹੀ ਕਸ਼ਮੀਰ ਦੇ ਜਪ-ਪਲ ਹਨ ਪ੍ਰੰਤੂ ਉਨ੍ਹਾਂ ਦੀ ਬੋਲੀ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਉਹ ਮੁਢਲੇ ਜੀਵਨ ਵਿਚ ਹੀ ਪੰਜਾਬ ਜਾ ਵਸੇ ਸਨ ਤਾਂ ਹੀ ਪੰਜਾਬੀ ਦੇ ਠੇਠ ਮੁਹਾਵਰੇ ਨੂੰ ਅਪਨਾ ਲਿਆ ਹੈ।

ਬਾਬਾ ਜੀ ਤੋਂ ਛੁਟ ਨਵਾਬ-ਉਦ-ਦੀਨ ਚੌਧਰੀ ਢੋਕ ਗੁਜਰਾਂ, ਤਹਿਸੀਲ ਅਖਨੂਰ ਦੇ ਰਹਿਣ ਵਾਲੇ ਇਕ ਹੋਰ ਸੂਫ਼ੀ ਕਵੀ ਹੋਏ ਹਨ ਜਿਨ੍ਹਾਂ ਦੀ ਪੁਸਤਕ ਖ਼ਜ਼ੀਨਤ-ਉਲ-ਵਕਅਜ਼ੀਨ 1908 ਈ: ਵਿਚ ਛੱਪੀ ਹੈ। ਜਿਸ ਵਿਚ ਆਪ ਜੀ ਨੇ ਸਭਿਆਚਾਰਕ ਤੇ ਧਾਰਮਿਕ ਸਿੱਖਿਆ ਦਿਤੀ ਹੈ। ਆਪ ਦੀਆਂ ਰਚਨਾਵਾਂ ਪ੍ਰਾਪਤ ਨਾ ਹੋਣ ਕਰ ਕੇ ਆਪ ਜੀ ਦੀ ਕਾਵ-ਕਲਾ ਅਤੇ ਜੀਵਨ ਸਬੰਧੀ ਵਧੇਰੇ ਚਾਨਣਾ ਨਹੀਂ ਪਾਇਆ ਜਾ ਸਕਦਾ।

ਆਪ ਜੀ ਤੋਂ ਛੁਟ ਤਾਰਾ ਚੰਦ, ਉਸਤਾਦ ਗ਼ੁਲਾਮ ਮੁਹੰਮਦ ਖ਼ਾਦਮ, ਮੌਲਵੀ ਗ਼ੁਲਾਮ ਮੁਹੰਮਦ ਹੈਦਰ, ਮਈਆ ਸਿੰਘ (ਸ੍ਰੀਨਗਰ) ਆਦਿਕ ਕਵਿਆਂ ਨੇ ਧਾਰਮਕ ਰੰਗਣ ਦੀ ਕਵਿਤਾ ਲਿਖੀ ਹੈ।

ਇਸ ਧਾਰਾ ਦੇ ਪ੍ਰਸਿੱਧ ਕਵੀ ਸਾਂਈਂ ਕਾਦਰ ਬਖ਼ਸ਼ ਹੋ ਗੁਜ਼ਰੇ ਹਨ। ਆਪ ਜੀ ਪੁਣਛ ਦੇ ਜਮ-ਪਲ ਸਨ। ਪਰਵਾਰਕ ਜੀਵਨ ਜੀਵਿਆ ਅਤੇ ਉਨ੍ਹਾਂ ਦੇ ਦੋ ਲੜਕੇ ਹੋਏ। ਆਪ ਜੀ ਰੇਂਜਰ ਸਨ ਪ੍ਰੰਤੂ ਚਾਵੇ ਦੇ ਸਾਈਂ ਤੋਂ ਫ਼ਕੀਰੀ ਦੀ ਚਾਟ ਲਗੀ ਤਾਂ ਕੰਮ ਕਾਜ ਛੱਡ ਕੇ ਮਸਤ ਹੋ ਬੈਠੇ। ਪਰੀਵਾਰ ਵਲੋਂ ਵੀ ਬੇ-ਫ਼ਿਕਰ ਹੋ ਬੈਠੇ। ਸੰਗੀਤ ਨਾਲ ਬੜਾ ਲਗਾਓ ਸੀ ਤੇ ਹਰ ਸਮੇਂ ਆਪਣੇ ਕੋਲ ਬੰਸਰੀ ਰਖਦੇ ਸਨ।

ਆਪ ਜੀ ਬੜੇ ਹਾਜ਼ਰ ਜਵਾਬ ਅਤੇ ਖ਼ੁਸ਼ ਮਿਜ਼ਾਜ ਸਨ। ਬੜੀਆਂ ਸਿਆਣਪ ਭਰੀਆਂ ਗੱਲਾਂ ਕਰਦੇ। ਹਰ ਵੇਲੇ ਨੰਗੇ ਪੈਰੀਂ ਹੀ ਫਿਰਦੇ ਰਹਿੰਦੇ। ਕਿਹਾ ਜਾਂਦਾ ਹੈ ਕਿ ਜੇ ਕਰ ਉਹ ਬਾਹਰੋਂ ਚਿੱਕੜ ਵਿਚੋਂ ਲੰਘ ਕੇ ਸਾਫ਼ ਚਿੱਟੀ ਚਾਦਰ-ਵਿਛੇ ਕਮਰੇ ਵਿੱਚ ਆਉਂਦੇ ਤਾਂ ਚਾਦਰ 'ਤੇ ਚਿੱਕੜ ਦੇ ਨਿਸ਼ਾਨ ਨਾ ਪੈਂਦੇ। ਆਪ ਜੀ ਕਵਿਤਾ ਵਿਚ ਕਾਦਰਯਾਰ ਦਾ ਨਾਂ ਵੀ ਵਰਤਦੇ ਹਨ।

ਸਾਈਂ ਜੀ ਦੇ ਜੀਵਨ ਨਾਲ ਕਈ ਸਿਆਣਪ ਭਰੀਆਂ ਗੱਲਾਂ ਜੁੜੀਆਂ ਹੋਈਆਂ ਹਨ ਜੋ ਆਪ ਜੀ ਦੇ ਸ਼ਰਧਾਲੂਆਂ ਵਿਚ ਪਰਚੱਲਤ ਹਨ।

ਆਪ ਜੀ ਦੀ ਲਿਖੀ ਇਕ ਸੀਹਰਫ਼ੀ ਤੋਂ ਆਪ ਦੀ ਕਵਿਤਾ ਬਾਰੇ ਜਾਣਕਾਰੀ ਮਿਲਦੀ ਹੈ। ਉਂਝ ਤਾਂ ਆਪ ਦਾ ਕਲਾਮ ਕਈ ਲੋਕਾਂ ਦੀ ਜ਼ਬਾਨ 'ਤੇ ਹੈ। ਇਹ ਸੀਹਰਫ਼ੀ ਮੌਲਵੀ ਮੁਹੰਮਦ ਮਿਹਰਉਦ-ਦੀਨ ਕੁਮਰ ਢਡਕੋਟ, ਰਾਜੌਰਵੀ ਨੇ ਮਮਤਾਜ਼ ਬਰਦੀ ਪ੍ਰੈਸ ਸਿਆਲਕੋਟ ਤੋਂ ਛਪਵਾਈ। ਸਾਈਂ ਜੀ ਨੂੰ ਫ਼ਖ਼ਰ-ਉਲ-ਸ਼ੁਅਰਾ ਕਰ ਕੇ ਜਾਣਿਆ ਜਾਂਦਾ ਹੈ।

ਸਾਈਂ ਪਿਆਰ ਵਿਚ ਰੱਤੇ ਸਾਈਂ ਕਾਦਰ ਬਖ਼ਸ਼ ਦੀ ਕਵਿਤਾ ਦਾ ਮੂਲ ਵਿਸ਼ਾ ਰੱਬੀ ਪਿਆਰ ਵਿਛੋੜਾ ਤੇ ਹਿਜਰ ਦਾ ਦਰਦ, ਅਤੇ ਉਸ ਨਾਲ ਮਿਲਣ ਲਈ ਤਾਂਘ ਹੈ। ਆਪ ਜੀ ਦੀ ਸੀਹਰਫ਼ੀ ਤੋਂ ਆਪ ਦੀ ਕਵਿਤਾ ਵਿਚ ਸੂਫ਼ੀ ਰੰਗ ਪ੍ਰਗਟ ਹੁੰਦਾ ਹੈ। ਆਪ ਜੀ ਰਵਾਇਤ ਅਨੁਸਾਰ ਆਪਣੀ ਰਚਨਾ ਦਾ ਆਰੰਭ ਕਲਮਾਸ਼ਰੀਫ਼ ਪੜ੍ਹ ਕੇ ਕਰਦੇ ਹਨ। ਆਪ ਜੀ ਤਵਹੀਦ ਪਰੱਸਤ ਹਨ। ਸੋ ਹਰ ਕਾਰਜ ਦਾ ਆਰੰਭ ਰੱਬ ਨੂੰ ਧਿਆਉਣ ਤੋਂ ਬਾਅਦ ਕਰਨਾ ਮੂਲ ਮਨੋਰਥ ਸਮਝਦੇ

ਹਨ। ਰੱਬ ਇਲਮਾਂ ਦਾ ਮਾਲਕ ਅਤੇ ਬਖਸ਼ਨਹਾਰ ਹੈ :—

ਕੁੰਜੀ ਬਾਝ ਨਾ ਕੁਲਫ਼ ਕੁਸ਼ਾ ਹੁੰਦਾ, ਕੁਫ਼ਲ ਦਿਲ ਦਾ ਖੋਲ੍ਹ ਹਕੀਮ ਅਲਾਹ।
ਕੁੰਜੀ ਹੈ ਇਹ ਇਲਮ ਤਵਹੀਦ ਵਾਲੀ, ਜ਼ਾਹਿਰ ਰਾਹ ਸਦਾ ਮੁਸਤਕੀਮ ਅਲਾਹ।

ਰੱਬੀ ਮਿਲਾਪ ਦੀ ਤਾਂਘ ਇਕ ਗੁਝੀ ਭਾਹ ਹੈ ਜੋ ਅੰਦਰ ਹੀ ਅੰਦਰ ਧੁਖਦੀ ਰਹਿੰਦੀ ਹੈ ਤੇ ਵਸਲ ਤੋਂ ਬਿਨਾਂ ਇਸ ਦਾ ਬੁਝਣਾ ਕਠਨ ਹੈ। ਇਸ ਲਈ ਸਾਈਂ ਜੀ ਦੀਦਾਰ ਦੇ ਸ਼ੌਕ ਵਿਚ ਵਿਛੋੜੇ ਦੇ ਅੱਗ ਵਿਚ ਸੜਦੇ ਹੋਏ ਅਗੇ ਹੀ ਅਗੇ ਵਧਦੇ ਜਾਂਦੇ ਹਨ :—

ਬੇ-ਬਾਹਰੋਂ ਨਾ ਕਿਸੇ ਨੂੰ ਨਜ਼ਰ ਆਵੇ, ਅੱਗ ਇਸ਼ਕ ਕਲੇਜੜੇ ਮੱਚੀ ਹੋਈ ਏ।
ਰਮਜ਼ ਦਰਦ ਮੁਹੱਬਤਾਂ ਤੇਰੀਆਂ ਦੀ, ਤਨ ਮਨ ਜਾਨ ਅੰਦਰ ਖੂਬ ਰੱਚੀ ਹੋਈ ਏ।
ਮਸਤੀ ਸ਼ੌਕ ਸ਼ਰਾਬ ਦੀ ਕਲਬ ਅੰਦਰ, ਸੀਨੇ ਵਿਚ ਅਜੇ ਤੋੜੀ ਮੱਚੀ ਹੋਈ ਏ।
'ਕਾਦਰਯਾਰ' ਦਾ ਰਾਜ ਨਾ ਭੇਦ ਕਢਿਆ, ਪਿੱਛਾ ਛੋੜਿਆ ਨਾ ਭਾਵੇਂ ਕੱਚੀ ਹੋਈ ਏ।

ਸਾਈਂ ਜੀ ਦਾ ਪਿਆਰ ਇਨਾਂ ਸੁਹਣਾ ਹੈ ਕਿ ਆਪ ਜੀ ਉਸ ਦੀ ਸੁੰਦਰਤਾ ਦੀ ਉਪਮਾ ਸੁੰਦਰ ਫੁਲਾਂ ਨਾਲ ਕਰਦੇ ਰਜਦੇ ਨਹੀਂ। ਅਤੇ ਉਹ ਇਨਾਂ ਮਿੱਠਾ ਹੈ ਕਿ ਆਪ ਜੀ ਨੂੰ ਉਸ ਦੇ ਸਰੀਰ ਦੇ ਅੰਗਾਂ ਨੂੰ ਵੇਖ ਸਵਾਦਿਸ਼ਟ ਮਠਿਆਈਆਂ ਚੇਤੇ ਆ ਜਾਂਦੀਆਂ ਹਨ। ਆਪਣੇ ਪਿਆਰੇ ਦੀ ਸੁੰਦਰਤਾ ਦਾ ਵਰਣਨ ਕਿਨੀ ਸਾਧਾਰਨਤਾ ਨਾਲ ਬਿਆਨ ਕਰਦੇ ਹਨ :—

ਖ਼ੇ-ਖ਼ੂ ਗੁਲਾਬ ਤੇ ਰੁੱਖ ਕੇਉੜਾ, ਹੁਸਨ ਮੋਤੀਆਂ ਸੁਖ਼ਨ ਚੰਬੇਲੀਆਂ ਦੇ।
ਨਰਗਸ ਨਜ਼ਰ ਨਜ਼ਾਕਤਾਂ ਕੰਵਲ ਝੁਲਦਾ, ਚੰਬਾ ਨਾਜ਼ ਨਿਆਜ਼ ਰਵੇਲਿਆਂ ਦੇ।
ਜੋਬਨ ਸਤਬਰਗਾ ਹੁਸਨ ਸੂਰਜਮੁਖੀਆ, ਜਲਵਾ ਚਮਕ ਲਾਲਾ ਰੂਪ ਕੇਲੀਆਂ ਦੇ।
'ਕਾਦਰਯਾਰ' ਵਫ਼ਾ ਕੌਲ ਨੀਲੋਫ਼ਰ ਦਾ, ਸ਼ਿਕਵਾ ਰਾਜ਼ ਉਲਫ਼ਤ ਜਾਨੀ ਬੇਲੀਆਂ ਦੇ।

—o—

ਦਾਲ-ਦੰਦ ਮਖ਼ਾਨੇ ਤੇ ਜੀਭ ਬਰਫ਼ੀ, ਲਬਾਂ ਨਰਮ ਜਲੇਬੀਆਂ ਲਾਲ ਦਿਲਬਰ।
ਠੰਡੀ ਰਸ-ਗੁੱਲੇ, ਗ਼ਬ ਗ਼ਬ ਗੁਲਾਬ ਜਾਮਨ, ਕਲਾਕੰਦ ਰੁਖ਼ਸਾਰ ਜਮਾਲ ਦਿਲਬਰ।
ਨੱਕ ਰੇਵੜੀ ਤੇ ਮੱਥਾ ਸ਼ਕਰਪਾਰੇ, ਲਡੂ ਕੰਨ ਚਿਸ਼ਮ ਬੂੰਦ ਖ਼ਾਲ ਦਿਲਬਰ।
'ਕਾਦਰਯਾਰ' ਤਨ ਹਲਵਾ ਤੇ ਹੱਥ ਲੁੱਡੇ, ਪੈਰ ਪੇੜਿਆਂ ਦੇ ਮਿੱਠੇ ਥਾਲ ਦਿਲਬਰ।

ਆਪਣੇ ਮਹਿਬੂਬ ਦੇ ਵਸਲ ਲਈ ਇਤਨੇ ਉਤਾਵਲੇ ਹਨ ਕਿ ਉਸ ਦੇ ਸਰੀਰ ਦਾ ਅੰਗ ਬਣ ਜਾਣਾ ਹੀ ਲੋਚਦੇ ਹਨ। ਆਪਣੇ ਮਹਿਬੂਬ ਨੂੰ ਇਕ ਜੀਉਂਦੀ ਅਤੇ ਸਾਕਾਰ ਸੂਰਤ ਵਿਚ ਸਾਹਮਣੇ ਵੇਖਦੇ ਹਨ। ਹੇਠਾਂ ਲਿਖਿਆ ਬੰਦ ਸ਼ਿੰਗਾਰ-ਪੂਰਤ ਕਵਿਤਾ ਦਾ ਇਕ ਉਤਮ ਨਮੂਨਾ ਕਿਹਾ ਜਾ ਸਕਦਾ ਹੈ :—

ਜ਼ਾਲ-ਜ਼ਰਾ ਨਾ ਸਬਰ ਕਿਉਂ ਬਸ਼ਰ ਹੋਇਆ, ਹੁੰਦਾ ਹੁਸਨ ਰਹਿੰਦਾ ਮੂੰਹਾਂ ਸੁਹਣਿਆਂ ਤੇ।
ਹੁੰਦਾ ਜ਼ੁਲਫ਼ ਰੁਖ਼ਸਾਰ ਤੇ ਲਟਕਦਾ ਮੈਂ, ਲੈਂਦਾ ਬੋਸੇ ਸਦਾ ਰੁਖ਼ਾਂ ਮੋਹਣਿਆਂ ਤੇ।
ਸੁਰਮਾਂ ਹੁੰਦਾ ਪੈਂਦਾ ਵਿਚ ਅੱਖੀਆਂ ਦੇ, ਹੁੰਦਾ ਅਬਰੂ ਹੁਖ਼ਸਾਰ ਦੇ ਧੋਣਿਆਂ ਤੇ।
'ਕਾਦਰਯਾਰ' ਦਾ ਜ਼ੇਵਰ ਲਬਾਸ ਹੁੰਦਾ, ਸਿਰ ਭਸ ਅਸਾਡਿਆਂ ਹੋਣਿਆਂ ਤੇ।

ਇਸ਼ਕ ਦੇ ਪੰਧਾਊਆਂ ਲਈ ਦੁਨੀਆਂ ਵਿਚ ਖ਼ਵਾਰੀ ਵੀ ਬੜੀ ਹੁੰਦੀ ਹੈ। ਲੋਕਾਂ ਦੇ ਤਾਅਨੇ ਤੇ ਮਿਹਣੇ ਸਹਿਣੇ ਪੈਂਦੇ ਹਨ :—

ਕੀਫ਼-ਕਿਹੜੀ ਕੀਤੀ ਘਟ ਇਸ਼ਕ ਹੋਰਾਂ, ਮੋਇਆਂ ਨਹੀਂ ਦਿਤੀ ਸਿਰ ਦੀ ਸੱਟ ਸੌ ਸੌ।
ਸੌ ਸੌ ਵਖ ਮੁਸੀਬਤਾਂ ਰੋਜ਼ ਦਸਦਾ, ਮਾਰੇ ਵਿਚ ਕਲੇਜੜੇ ਫਟ ਸੌ ਸੌ।
ਸੌ ਸੌ ਫਿਕਰ ਅੰਦੇਸ਼ਿਆਂ ਵਿਚ ਰਖਦਾ, ਕਰਦੇ ਗ਼ਮ ਉੱਲਟ ਪੱਲਟ ਸੌ ਸੌ।
'ਕਾਦਰਯਾਰ' ਦੀ ਚਾਹ ਵਿੱਚ ਦਿਲ ਉਬਲੇ, ਝਲਦਾ ਤਾਅਨਿਆਂ ਦੇ ਉਹ ਫੱਟ ਸੌ ਸੌ।

ਜਦੋਂ ਵਸਲ ਦੀ ਸਿਕ ਪੂਰੀ ਨਹੀਂ ਹੁੰਦੀ ਤਾਂ ਆਪਣੇ ਮਹਿਬੂਬ ਨੂੰ ਬੇਵਫ਼ਾ ਕਹਿ ਦੇਂਦੇ ਹਨ, ਸਬਰ ਖੁਹਾ ਬਹਿੰਦੇ ਅਤੇ ਦੁਖੀ ਹੋ ਜਾਂਦੇ ਹਨ :—

ਹਾਏ ਹਾਲ ਫ਼ਿਲਹਾਲ ਹੋਰ ਕਰਾਂ ਸੌਦਾ, ਦਿਲ ਨਾਹੀ ਲੈਣ ਦੇਣ ਜੋਗਾ।
ਅਜਕਲ ਭੋਗਦਾ ਖ਼ੂਬ ਜੁਦਾਈਆਂ ਮੈਂ, ਇਹ ਦਿਲ ਸੀ ਵਸਲ ਦੇ ਰਹਿਣ ਜੋਗਾ।
ਦਿਤਾ ਦਿਲ ਮੁਹੱਬਤਾਂ ਵਾਸਤੇ ਸੀ, ਸਾਰੀ ਉਮਰ ਦੇ ਸੁਖ ਤੇ ਚੈਣ ਜੋਗਾ।
ਕਾਦਰਯਾਰ ਤੇਰੀ ਬੇਵਫ਼ਾਈ ਤਕ ਕੇ, ਇਹ ਦਿਲ ਨਾ ਸੀ ਤੈਨੂੰ ਦੇਣ ਜੋਗਾ।

ਸਾਈਂ ਜੀ ਨੂੰ ਦਿਖਾਵੇ ਦੀ ਫ਼ਕੀਰੀ ਨਾਲ ਘਿਰਣਾ ਹੈ :—

ਫ਼ੇ-ਫ਼ਕਰ ਬਣ ਕੇ ਦਿਲੋਂ ਮਕਰ ਰਖਦੇ, ਵਾਂਗ ਬਗਲਿਆਂ ਆਪਣਾ ਨਾਮ ਰਖਿਆ।
ਤਸਬੀਹ ਹੱਥ ਮਹਿਰਾਬ ਸਿਆਹ ਮੱਥੇ, ਵਿਚੋਂ ਕੁਫ਼ਰ ਜ਼ਾਹਿਰ ਇਸਲਾਮ ਰਖਿਆ।
ਬਗ਼ਲ ਵਿਚ ਕਿਤਾਬ ਠਬਾਬ ਸਾਰਾ, ਝੂਠ ਬੋਲਣਾ ਵਿਰਦ ਮਦਾਮ ਰਖਿਆ।
ਕਾਦਰ ਬਖ਼ਸ਼ ਉਹ ਕਦ ਮੁਰਾਦ ਪਾਵਨ, ਤਰਜ਼ ਆਸ਼ਕਾਂ ਤੇ ਸਿਦਕ ਖ਼ਾਮ ਰਖਿਆ।

ਸਾਈਂ ਕਾਦਰ ਬਖ਼ਸ਼ ਚੰਗੇ ਵਿਦਵਾਨ ਕਵੀ ਹਨ। ਧਾਰਮਿਕ ਸਿਖਿਆ ਵਿਚ ਨਿਪੁੰਨ ਸਨ। ਕੁਰਾਨ ਸ਼ਰੀਫ਼ ਦਾ ਚੰਗਾ ਮੁਤਾਲਿਆ ਕੀਤਾ ਹੋਇਆ ਸੀ। ਇਸ ਵਿਚੋਂ ਦਿੱਤੇ ਹਵਾਲਿਆਂ ਤੋਂ ਜਿਵੇਂ ਚੌਦਾਂ ਤਬਕ, ਸੂਰਤ ਯਾਸੀਨ, ਬਾਦੇ ਫਰ-ਫੁਰ, ਖ਼ਲੀਲ, ਕੁਰਾਨ ਦੀ ਤਾਲੀਮ ਤੇ ਕਾਮਲ ਯਕੀਨ ਜ਼ਾਹਿਰ ਹੁੰਦਾ ਹੈ।

ਸਾਈਂ ਜੀ ਪੁਣਛ ਦੇ ਜੰਮ-ਪਲ ਹੋਣ 'ਤੇ ਵੀ ਆਪਣੇ ਕਲਾਮ ਵਿਚ ਪੁਣਛੀ ਧੋਲੀ ਦੀ ਵਰਤੋਂ ਨਹੀਂ ਕਰਦੇ। ਸਗੋਂ ਠੇਠ ਪੰਜਾਬੀ ਵਿਚ ਲਿਖਦੇ ਹਨ। ਕਈ ਥਾਈਂ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਵੀ ਕਰਦੇ ਹਨ ਜਿਵੇਂ ਤਵਾਫ ਔਸਾਫ਼, ਮਦਾਮ, ਹਿਨਾਅ, ਤਰਯਾਕ, ਕਲੀਲ, ਇਸ਼ਤਿਆਕ, ਕਿਬਲਨੁਮਾ ਆਦਿਕ।

ਆਪ ਦੀ ਬੋਲੀ 'ਚੋਂ ਪਹਾੜੀ-ਪੰਜਾਬੀ, ਜੋ ਕਸ਼ਮੀਰ ਵਿਚ ਪਰਚੱਲਤ ਹੈ, ਦਾ ਰੰਗ ਵੀ ਪ੍ਰਗਟ ਹੁੰਦਾ ਹੈ। ਸ਼ਬਦ ਤਰੋਂਕਣਾ (ਛਿੜਕਣਾ) ਕਰਸੀ, ਚਾਸੀ, ਜਾਸੀ, ਘੋਟਣਾ (ਘੁਟਣਾ) ਅਤੇ ਵਿਸ਼ੇਸ਼ ਕਰ ਕੇ 'ਕੀ' ਸ਼ਬਦ ਦੀ ਥਾਂ 'ਕੇ' (ਕੇ ਕਰਸੀ) ਦੀ ਵਰਤੋਂ ਪਹਾੜੀ ਰੰਗ ਨੂੰ ਪ੍ਰਗਟ ਕਰਦੀ ਹੈ। ਹੇਠਾਂ ਦਿਤਾ ਬੰਦ ਇਸ ਗੱਲ ਨੂੰ ਹੋਰ ਸਪੱਸ਼ਟ ਕਰੇਗਾ :—

ਲਾਮ-ਲੋਕ ਬੇਦਰਦ ਭਾਰ ਇਸ਼ਕ ਵਾਲਾ,
ਨਾ ਇਹ ਆਪ ਚਾਂਦੇ ਨਾ ਇਹ ਚਾਣ ਦੇਂਦੇ।

ਗਲ ਵਿਚ ਆਂਸੂਆਂ ਦੇ ਰਾਹ ਦੁਰ ਸੁੱਚੇ,
ਨਾ ਇਹ ਆਪ ਪਾਂਦੇ ਨਾ ਇਹ ਪਾਣ ਦੇਂਦੇ।
ਸਬਰ ਗਮ ਦੋ ਥਾਲ ਨਿਆਮਤਾਂ ਦੇ,
ਨਾ ਇਹ ਆਪ ਖਾਂਦੇ ਨਾ ਇਹ ਖਾਣ ਦੇਂਦੇ।
ਕਾਦਰ ਬਖਸ਼ ਪੁਸ਼ਾਕ ਮਲਾਮਤਾਂ ਦੀ,
ਨਾ ਇਹ ਆਪ ਲਾਂਦੇ ਨਾ ਇਹ ਲ੍ਹਾਣ ਦੇਂਦੇ।

ਆਪ ਜੀ ਨੇ ਜੀਵਨ 'ਚੋਂ ਸਦਾ ਸਜਰੀਆਂ ਉਪਮਾਵਾਂ ਲੈ ਕੇ ਆਪਣੇ ਭਾਵਾਂ ਨੂੰ ਬਿਆਨ ਕੀਤਾ ਹੈ। 'ਘਾਹ ਤੇ ਦਰਾਟੀ' ਦੀ ਉਪਮਾ ਕਿੰਨੀ ਸੁਭਾਵਿਕ ਹੈ :—

ਕਾਦਰਯਾਰ ਨਾ ਅਕਦੇ ਲੱਕ ਭੈੜੇ,
ਤਾਅਨੇ ਘਾਹ ਤੇ ਤੇਜ਼ ਦਰਾਟੀਆਂ ਮੇਂ।

ਸੋ ਸਾਈਂ ਕਾਦਰ ਬਖਸ਼ ਨਿਰਸੰਦੇਹ ਪੰਜਾਬੀ ਸੂਫੀ ਕਵੀਆਂ ਵਿਚ ਚੰਗਾ ਤੇ ਸਰੇਸ਼ਟ ਸਥਾਨ ਰਖਦੇ ਹਨ। ਆਪ ਜੀ ਦਾ ਕਲਾਮ ਲੋਕਾਈ ਦੇ ਮਨ ਵਿਚ ਆਪ ਦਾ ਸਤਕਾਰ ਪੂਰਬਕ ਸਥਾਨ ਬਣਾਈ ਰਖੇਗਾ।

ਰਹੀਮ-ਉਲਾ ਬੇਗ :

ਮੌਲਵੀ ਰਹੀਮ ਉਲਾ ਬੇਗ ਦੇ ਵਡੇਰੇ ਪੰਜਾਬੋਂ ਆ ਕੇ ਉੜੀ ਕਸ਼ਮੀਰ ਵਿਚ ਆਬਾਦ ਹੋਏ। ਆਪ ਜੀ ਕਸ਼ਮੀਰ ਵਿਚ ਜੰਮੇ-ਪਲੇ ਅਤੇ ਅਜ-ਕਲ ਖੁਤਪੁਰਾ (ਚੰਦੂਸਾ) ਤਸੀਲ ਬਾਰਾਮੂਲਾ ਵਿਚ ਰਹਿੰਦੇ ਹਨ। ਪਕੇਰੀ ਉਮਰ ਦੇ ਬਜ਼ੁਰਗ ਹਨ। ਆਪਣੇ ਪਿੰਡ ਵਿਚ ਹੀ ਅਮਾਮਤ ਕਰਦੇ ਹਨ। ਪੰਜਾਬੀ ਤੇ ਉਰਦੂ ਦੋਹਾਂ ਜ਼ਬਾਨਾਂ ਵਿਚ ਲਿਖਦੇ ਹਨ। ਪੰਜਾਬੀ ਵਿਚ ਕੁੱਝ ਸੀਹਰਫੀਆਂ ਲਿਖੀਆਂ ਹਨ। ਇਨ੍ਹਾਂ 'ਤੇ ਇਸਲਾਮੀ ਰੰਗ ਹੈ। ਬੋਲੀ ਤੇ ਵੀ ਰਵਾਇਤੀ ਰੰਗ ਹੈ। ਸ਼ਬਦਾਵਲੀ 'ਤੇ ਅਰਬੀ ਫ਼ਾਰਸੀ ਦਾ ਅਸਰ ਹੈ। ਕੁਝ ਉਦਾਹਰਣਾਂ ਇਹ ਹਨ :—

ਅਲਫ਼-ਆਨ ਮੇਰੀ ਗਮਾਂ ਜਾਨ ਘੇਰੀ,
ਪਿਆ ਯਾਰ ਪਿਆਰੜਾ ਯਾਦ ਫਜਰੀ।
ਮੋਮਨ ਮਸਜਿਦੇਂ ਜਾਏ ਕੇ ਕਰਨ ਸਜਦਾ,
ਅਸੀਂ ਯਾਰ ਦਾ ਕਰਾਂ ਦੀਦਾਰ ਫਜਰੀ।
ਤਸਬੀ ਖ੍ਵਾਨ ਹੈਰਾਨ ਵਿਚ ਤਸਬੀਆਂ ਦੇ,
ਅਸਾਂ ਯਾਰ ਦਾ ਪਾਇਆ [1]ਜੁਨਾਰ ਫਜਰੀ।
ਸ਼ੱਬੋ ਰੋਜ਼ ਜਾਂ ਸੋਜ਼ ਰਹੀਮ ਉਲਾ,
ਆ ਕੇ ਪਿਆਰਿਆ ਦਸ ਦੀਦਾਰ ਫ਼ਜਰੀਂ।

—o—

1. ਜੰਞੂ

ਸੇ-ਸਾਬਤੀ ਰੱਖ ਯਕੀਨ ਜਿਹੜਾ,
ਦਿਲ ਵਿਚ ਯਾਰ ਦਾ ਨਾਮ ਪੁਕਾਰਦਾ ਹੈ।
ਸੌ ਸੌ ਵਾਰ [1]ਲਬੈਕ ਲਬੈਕ ਆਖੇ,
ਇਹੋ ਕੋਲ ਪਿਆਰੜੇ ਯਾਰ ਦਾ ਹੈ।
ਆਸ਼ਿਕ ਸਿਦਕ ਯਕੀਨ ਵਿਚ ਰਹੇ ਕਾਮਿ,
ਨਾਹੀਂ ਦਿਲੋਂ ਮਾਸ਼ੂਕ ਵਿਸਾਰਦਾ ਹੈ।
ਨਾਲ ਸਿਦਕ ਯਕੀਨ ਰਹੀਮ ਉਲਾ,
ਲਾਇਕ ਹੋਵਣਾ ਉਸ ਦਰਬਾਰ ਦਾ ਹੈ।

ਪੰਜਾਬੀ ਜ਼ਬਾਨ ਨਾਲ ਪਿਆਰ ਕਰਨ ਵਾਲੇ ਇਕ ਹੋਰ ਕਵੀ ਹਜ਼ਰਤ ਮੀਆਂ ਨਜ਼ਾਮ-ਉਦ ਦੀਨ ਨਜ਼ਾਮ ਲਾਰਵੀ ਹਨ। ਆਪ ਹੀ ਹਜ਼ਰਤ ਬਾਬਾ ਸਾਹਿਬ 'ਹਜਰਤ ਮੀਆਂ ਅਬਦੁਲਾ' ਲਾਰਵੀ ਦੇ ਜਾਨਸ਼ੀਨ ਨੇ ਤੇ ਰਿਆਸਤ ਵਿਚ ਮਸ਼ਹੂਰ ਸਾਹਿਬੇ-ਲਫ਼ਜ਼ ਫ਼ਕੀਰ ਹਨ। ਆਪ ਜੀ ਦੇ ਸ਼ਰਧਾਲੂ ਪੁਣਛ, ਰਾਜੌਰੀ ਅਤੇ ਰਿਆਸਤ ਦੇ ਹੋਰ ਇਲਾਕਿਆਂ 'ਚੋਂ ਸਮੇਂ ਸਮੇਂ ਵਾਂਗਤ, ਤਸੀਲ ਕੰਗਨ, ਕਸ਼ਮੀਰ ਵਿਚ ਦਰਸ਼ਨਾਂ ਲਈ ਆਉਂਦੇ ਹਨ। ਸ਼ਾਇਰੀ ਨਾਲ ਆਪ ਜੀ ਜਨੂੰਨ ਦੀ ਹਦ ਤਕ ਪਿਆਰ ਕਰਦੇ ਹਨ ਅਤੇ ਆਪ ਵੀ ਸੁਹਣੇ ਸ਼ਿਅਰ ਲਿਖਦੇ ਹਨ। ਇਕ ਨਮੂਨਾ ਪੇਸ਼ ਕਰਦੇ ਹਾਂ :—

ਅਲਫ਼-ਅੱਖੀਆਂ ਅਸਾਂ ਦਲਾਲ ਰਖੀਆਂ,
ਇਹ ਵਕੀਲ ਦੋ ਮੇਰੇ ਜ਼ਮਾਨਿਆਂ ਦੇ।
ਇਹੋ ਹਸਦੀਆਂ ਤੇ ਇਹੋ ਰੋਂਦੀਆਂ ਨੀ,
ਜੋੜੇ ਇਨ੍ਹਾਂ ਨੇ ਜੋੜ ਯਰਾਨਿਆਂ ਦੇ।
ਪੁਛੋਂ ਇਨ੍ਹਾਂ ਨੂੰ ਸਬਰ ਨਸੀਬ ਨਾਹੀਂ,
ਤਰਸਨ ਆਪਣੇ ਦੁਖ ਬੇਗਾਨਿਆਂ ਦੇ।
ਨਜ਼ਾਮ-ਉਦ-ਦੀਨ ਕੀ ਹਸ਼ਰ ਜਵਾਬ ਦੇਸਨ,
ਲੁਟੇ ਇਨ੍ਹਾਂ ਨੇ ਦਿਲ ਨਮਾਣਿਆਂ ਨੇ।

ਮੀਆਂ ਸਾਹਿਬ ਦੀ ਕਵਿਤਾ 'ਤੇ ਸਾਈਂ ਕਾਦਰ ਬਖਸ਼ ਦਾ ਵੀ ਅਸਰ ਹੈ। ਸਗੋਂ ਕਈ ਵਾਰੀਂ ਉਨ੍ਹਾਂ ਤੋਂ ਆਪਣੀ ਕਵਿਤਾ ਦੀ ਅਸਲਾਹ ਵੀ ਕਰਾਉਂਦੇ ਰਹੇ ਹਨ।

ਰਵਾਇਤੀ ਸ਼ਾਇਰੀ ਵਿਚ ਅਧਿਆਤਮਿਕ ਰੰਗ ਦੀ ਰਚਨਾ 'ਤੇ ਕਾਫ਼ੀ ਚਰਚਾ ਕਰਨ ਤੋਂ ਉਪ੍ਰੰਤ ਅਸੀਂ ਇਕ ਹੋਰ ਕਵੀ ਦਾ ਜ਼ਿਕਰ ਕਰਨੋਂ ਨਹੀਂ ਰਹਿ ਸਕਦੇ ਜਿਹੜੇ ਉਰਦੂ ਤੇ ਪੰਜਾਬੀ ਦੋਹਾਂ ਜ਼ਬਾਨਾਂ ਵਿਚ ਲਿਖਦੇ ਸਨ ਤੇ ਲਗ ਪਗ ਨਵੇ ਵਰ੍ਹੇ ਉਮਰ ਭੋਗ ਕੇ 1966 ਵਿਚ ਕਾਲਵਸ ਹੋਏ ਹਨ। ਉਹ ਹਨ ਉਸਤਾਦ ਮੁਹੰਮਦ ਅਸ਼ਰਫ। ਆਪ ਜੀ ਦੇ ਵਡੇਰੇ ਪੰਜਾਬੋਂ ਆ ਕੇ ਬਾਲਾ-ਕੋਟ, ਊੜੀ ਵਿਚ ਆ ਕੇ ਆਬਾਦ ਹੋ ਗਏ। ਪ੍ਰੰਤੂ ਆਪ ਜੀ ਕਸ਼ਮੀਰ ਦੇ ਹੀ ਜੰਮ-ਪਲ ਹੋਣ

1. ਹਾਜ਼ਰ ਹਾਂ।

ਕਰ ਕੇ ਕਸ਼ਮੀਰੀ ਹੀ ਸਨ । ਆਪ ਜੀ ਦੀ ਪੰਜਾਬੀ ਵਿਚ ਇਕ ਰਚਨਾ ਪ੍ਰਾਪਤ ਹੋਈ ਹੈ ਜੋ ਆਪਣੇ ਜਵਾਨ ਪੁੱਤਰ ਦੀ ਮੌਤ ਦੇ ਸਦਮੇ ਵਿਚ ਲਿਖੀ ਗਈ ਹੈ। ਉਰਦੂ ਦੀ ਮਰਸੀਆ ਰੰਗ ਦੀ ਰਚਨਾ ਪੰਜਾਬੀ ਵਿਚ ਘਟ ਹੀ ਵੇਖਣ ਵਿਚ ਆਉਂਦੀ ਹੈ। ਪ੍ਰੰਤੂ ਇਹ ਰਚਨਾ ਉਰਦੂ ਮਰਸੀਆ ਦੀ ਨਕਲ ਨਹੀਂ ਸਗੋਂ ਪੁਤਰ-ਵਿਛੋੜੇ ਵਿਚ ਦਿਲੋਂ ਨਿਕਲੀ ਹੂਕ ਹੈ। ਇਸ 'ਚੋਂ ਕੁਝ ਅੰਸ਼ ਹੇਠਾਂ ਲਿਖਦੇ ਹਾਂ :—

ਸੀਨਾ ਚਾਕ ਪਦਿਰ ਦਾ ਦਿਲ ਵਿਚ ਦਰਦ ਫਰਾਕ ਪਿਸਰ ਦਾ।
ਸੋਹਣੀ ਚੀਜ਼ ਅਜ਼ੀਜ਼ ਮਿਸਰ ਦਾ ਕਿਸ ਨੂੰ ਕਦੋਂ ਵਿਸਰਦਾ।
ਲਾਲ ਗੁਲਾਲ ਪਿਓ ਦਾ ਹਾਲਾ, ਉਮਰੋਂ ਬਾਈ ਸਾਲਾ।
ਸ਼ਾਹ ਸੁਲਤਾਨ ਸਕੰਦਰ ਸਾਨੀ, ਸ਼ਾਹੀ ਸ਼ਾਨ ਸ਼ੁਹਾਲਾ।
ਯੂਸਫ਼ ਸਾਨੀ ਅਜਬ ਜਵਾਨੀ, ਚੰਨ ਜਿਵੇਂ ਅਸਮਾਨੀ।
ਗੁਜ਼ਰ ਗਿਆ ਗ਼ੁਲਮਰਗੋਂ ਜਾ ਕੇ, ਕਾਲਿਆਂ ਕੇਸਾਂ ਵਾਲਾ।
ਬਾਅਦ ਉਹਦੇ ਪਰਦੇਸੀਆਂ ਤਾਈਂ, ਮਿਲਿਆ ਦੇਸ ਨਿਕਾਲਾ।

ਉਪਰ ਅਸਾਂ ਰਿਆਸਤ ਜੰਮੂ-ਕਸ਼ਮੀਤ ਵਿਚ ਪੰਜਾਬੀ ਦੀ ਪੁਰਾਤਨ ਕਵਿਤਾ 'ਤੇ ਵਿਚਾਰ ਕੀਤਾ ਹੈ। ਇਸ ਕਵਿਤਾ ਨੂੰ ਅਸੀਂ ਰਵਾਇਤੀ ਢੰਗ ਦੀ ਕਹਿ ਸਕਦੇ ਹਾਂ। ਕਿਉਂਕਿ ਇਸ ਵਿਚ ਉਹ ਸਾਰੇ ਨਮੂਨੇ ਮਿਲਦੇ ਹਨ ਜੋ ਪੰਜਾਬੀ ਦੀ ਪੁਰਾਣੀ ਕਵਿਤਾ ਵਿਚ ਮਿਲਦੇ ਹਨ। ਹੁਣ ਅਸੀਂ ਕਸ਼ਮੀਰ ਦੀ ਨਵੀਨ ਕਵਿਤਾ ਬਾਰੇ ਕੁਝ ਚਾਨਣਾ ਪਾਉਣ ਦਾ ਯਤਨ ਕਰਾਂਗੇ।

ਆਧੁਨਿਕ ਕਵਿਤਾ :

ਰਿਆਸਤ ਕਸ਼ਮੀਰ ਦੀ ਪੰਜਾਬੀ ਕਵਿਤਾ ਦੇ ਇਤਿਹਾਸ ਦੀ ਵੰਡ ਕਰਨ ਲਗਿਆਂ ਪੰਜਾਬ ਵਿਚ ਪੰਜਾਬੀ ਸਾਹਿਤ ਵਾਂਗ ਕੋਈ ਵਿਸ਼ੇਸ਼ ਲੀਕ ਨਹੀਂ ਵਾਹੁਣੀ ਪੈਂਦੀ। ਅੰਗਰੇਜ਼ਾਂ ਦੇ ਪੰਜਾਬ ਵਿਚ ਪ੍ਰਵੇਸ਼ ਕਰਨ ਨਾਲ ਹੀ ਪੰਜਾਬੀ ਸਾਹਿਤ ਦਾ ਨਵੀਨ ਕਾਲ ਆਰੰਭ ਨਹੀਂ ਸੀ ਹੋਇਆ। ਸਾਹਿਤ ਵਿਚ ਨਵੀਆਂ ਕਦਰਾਂ-ਕੀਮਤਾਂ ਅਤੇ ਸਾਹਿਤਕ ਮਿਆਰ ਕੁਝ ਸਮਾਂ ਲੰਘਣ ਤੋਂ ਬਾਅਦ ਆਏ ਸਨ। ਨਵੀਂ ਤਾਲੀਮ ਦਾ ਆਉਣਾ, ਅੰਗਰੇਜ਼ੀ ਸਾਹਿਤ ਅਤੇ ਇਸ ਰਾਹੀਂ ਦੁਨੀਆਂ ਦੇ ਹੋਰ ਸਾਹਿਤ ਦੀ ਜਾਣਕਾਰੀ ਸਹਿਜੇ ਸਹਿਜੇ ਹੀ ਹੋਈ ਹੈ। 1947 ਤੋਂ ਪਹਿਲਾਂ ਪੰਜਾਬ ਵਿਚ ਸਾਹਿਤ ਦੇ ਨਵੇਂ ਤਜਰਬੇ ਹੋ ਰਹੇ ਸਨ ਅਤੇ ਇਸ ਨੂੰ ਕੁਝ ਸਿਆਣੇ ਲੇਖਕ ਜਿਵੇਂ ਆਈ. ਸੀ. ਨੰਦਾ ਗੁਰਬਖ਼ਸ਼ ਸਿੰਘ, ਸੰਤ ਸਿੰਘ ਸੇਖੋਂ ਆਦਿ ਨਵੀਆਂ ਸੇਧਾਂ ਦੇ ਰਹੇ ਸਨ। ਇਸ ਤੋਂ ਪਹਿਲਾਂ ਪੁਰਾਤਨ ਲੀਹਾਂ ਦੇ ਨਾਲ ਨਾਲ ਨਵੀਆਂ ਲੀਹਾਂ ਉਸਰਦੀਆਂ ਜਾ ਰਹੀਆਂ ਸਨ। ਭਾਈ ਵੀਰ ਸਿੰਘ, ਚਾਤ੍ਰਿਕ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਤੇ ਕਿਰਪਾ ਸਾਗਰ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿਚੋਂ ਕਹੇ ਜਾਂਦੇ ਹਨ।

ਰਿਆਸਤ ਵਿਚ ਵੀ ਕੁਝ ਕਵੀ ਇਸ ਪੁਰਾਤਨਤਾ ਅਤੇ ਨਵੀਨਤਾ ਦੇ ਦੁਮੇਲ 'ਤੇ ਖੜੋਤੇ ਸਾਨੂੰ ਲਭਦੇ ਹਨ। ਇਨ੍ਹਾਂ ਨੇ ਰਵਾਇਤੀ ਰੰਗ, ਕੀ ਵਿਸ਼ੇ ਵਸਤੂ ਅਤੇ ਕੀ ਰੂਪਕ ਤੌਰ ਤੇ, ਨਾਲ ਨਾਲ ਨਿਭਾਇਆ। ਇਹ ਕਵੀ ਹਨ ਗਿਆਨੀ ਬੁੱਧ ਸਿੰਘ, ਗਿਆਨੀ ਦਲੀਪ ਸਿੰਘ ਸੂਦਨ, ਗਿਆਨੀ ਕਰਤਾਰ ਸਿੰਘ ਕੋਮਲ ਤੇ ਬਿਸ਼ਨ ਸਿੰਘ ਕ੍ਰੀਟ। ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਇਹ

ਗੱਲ ਪ੍ਰਗਟ ਹੁੰਦੀ ਹੈ ਕਿ ਵਿਸ਼ੇਸ਼ ਕਰ ਕੇ ਇਨ੍ਹਾਂ ਨੇ ਧਾਰਮਿਕ, ਇਤਿਹਾਸਕ ਅਤੇ ਸਭਿਆਚਾਰਕ ਢੰਗ ਦੀ ਕਵਿਤਾ ਲਿਖੀ ਹੈ। ਇਸ ਤੋਂ ਛੁਟ ਕੁਝ ਕਵੀਆਂ ਵਿਚ ਦੇਸ਼ ਪਿਆਰ ਦਾ ਜਜ਼ਬਾ ਵੀ ਮਿਲਦਾ ਹੈ।

ਗਿ: ਬੁੱਧ ਸਿੰਘ ਜੀ ਨੇ ਕਸ਼ਮੀਰ ਵਿਚ ਨੰਗਾਲੀ, ਪੁਣਛ, ਦੀ ਸੰਤ ਪ੍ਰਣਾਲੀ ਅਤੇ ਕੁਝ ਸਿੱਖ ਘਰਾਣਿਆਂ ਦਾ ਇਸਿਹਾਸ ਲਿਖਿਆ ਹੈ। ਭਾਵੇਂ ਆਪ ਜੀ ਦਾ ਲਿਖਿਆ ਇਤਿਹਾਸ ਰਿਆਸਤ ਵਿਚ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਆਪਣਾ ਭਾਗ ਪਾਉਂਦਾ ਹੈ ਪ੍ਰੰਤੂ ਪ੍ਰਸੰਸਾਤਮਿਕ ਦ੍ਰਿਸ਼ਟੀ ਅਨੁਸਾਰ ਲਿਖਿਆ ਹੋਇਆ ਹੈ, ਪ੍ਰੰਤੂ ਇਸ ਵਿਚ ਕਿਤੇ ਕਿਤੇ ਕਵਿਤਾ ਦੇ ਨਮੂਨੇ ਵੀ ਮਿਲਦੇ ਹਨ। ਗਿਆਨੀ ਜੀ ਨੇ ਪੁਣਛ ਵਿਚ ਪੰਜਾਬੀ ਲੋਕ ਗੀਤ ਵੀ ਇਕੱਤਰ ਕੀਤੇ ਹਨ ਅਤੇ 'ਪਹਾੜੀ ਸੁਗਾਤਾਂ' ਨਾਂ ਦੀ ਪੁਸਤਕ ਵਿਚ ਪ੍ਰਕਾਸ਼ਤ ਕੀਤੇ।

ਉਪ੍ਰੋਕਤ ਵਰਣਨ ਕੀਤੇ ਕਵੀਆਂ ਤੋਂ ਛੁਟ ਸਪਨ ਮਾਲਾ, ਉਜਾਗਰ ਸਿੰਘ ਮਹਿਕ, ਜ਼ਖਮੀ, ਕਰਨ ਸਤਵੰਤ, ਸਰਨ ਸਿੰਘ, ਕੰਵਲ ਕਸ਼ਮੀਰੀ ਤੇ ਮਾਨ ਭਾਰਗਵ ਸਾਡੇ ਆਧੁਨਿਕ ਕਵੀ ਹਨ।

1947 ਦੀ ਵੰਡ ਨੇ ਕਈ ਨਵੀਨ ਵਿਸ਼ੇ ਹੋਂਦ ਵਿਚ ਲੈ ਆਂਦੇ। ਸਭ ਤੋਂ ਵਡਾ ਮਸਲਾ ਸੀ ਵਸਦੇ ਰਸਦੇ ਘਰਾਂ 'ਚੋਂ ਲੋਕਾਂ ਦਾ ਉਜੜਨਾ, ਅਨਗਿਣਤ ਮੌਤਾਂ ਕਾਰਨ ਪਿਛੇ ਰਹੇ ਯਤੀਮਾਂ ਤੇ ਵਿਧਵਾਵਾਂ ਲਈ ਸਹਾਰੇ ਦੀ ਲੋੜ, ਸ਼ਰਨਾਰਥੀਆਂ ਦੀ ਸਮੱਸਿਆ ਤੇ ਮੁੜ ਬਸਾਓ ਦੇ ਮਸਲੇ ਆਦਿਕ। ਇਨ੍ਹਾਂ ਸਮੱਸਿਆਵਾਂ 'ਤੇ ਗਿ: ਦਲੀਪ ਸਿੰਘ ਸੂਦਨ, ਅਵਤਾਰ ਸਿੰਘ ਸ਼ਾਦ ਅਤੇ ਉਜਾਗਰ ਸਿੰਘ ਮਹਿਕ ਨੇ ਆਪਣੀਆਂ ਕੁਝ ਰਚਨਾਵਾਂ ਵਿਚ ਸ਼ਰਨਾਰਥੀਆਂ ਦੇ ਰੋਣੇ ਰੋਏ ਹਨ, ਉਜਾੜੇ ਦੇ ਦੁਖ ਫਰੋਲੇ ਹਨ। ਪ੍ਰੰਤੂ ਇਸ ਢੰਗ ਦੀ ਕਵਿਤਾ ਵਿਚ ਸਾਨੂੰ ਅੰਮ੍ਰਿਤਾ ਪ੍ਰੀਤਮ ਦੀ ਰਚਨਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਾਂਗ ਬਹੁ-ਪੱਖੀ ਮਨੁੱਖਤਾ ਦੇ ਦੁਖਾਂ ਸਬੰਧੀ ਹਿਰਦੇ-ਵੇਦਕ ਬਿਆਨ ਨਹੀਂ ਮਿਲਦਾ। ਸਾਡੇ ਕਵੀਆਂ ਦਾ ਉਪ੍ਰੋਕਤ ਮਸਲਿਆਂ ਬਾਰੇ ਵਰਣਨ ਇਕ-ਪੱਖੀ ਹੈ। ਸ਼ਾਇਦ ਇਸ ਕਰ ਕੇ ਕਿ ਉਹ ਆਪ ਇਸ ਹਲ-ਚਲ ਦਾ ਸ਼ਿਕਾਰ ਹੋਏ ਹਨ।

ਦੇਸ਼ ਦੀ ਵੰਡ ਦਾ ਕਾਰਨ ਸਾਮਰਾਜੀ ਕੁਟਿਲਨੀਤੀ ਤੋਂ ਛੁਟ ਹਿੰਦੂ-ਮੁਸਲਮਾਨਾਂ ਦੀ ਬੇਭਰੋਸਗੀ ਵੀ ਸੀ, ਤੇ ਵੰਡ ਤੋਂ ਬਾਅਦ ਜਦੋਂ ਪੰਜਾਬ ਦੀ ਧਰਤੀ ਮੁਸਲਮਾਨਾਂ ਤੋਂ ਖਾਲੀ ਹੋ ਗਈ ਤਾਂ ਹਿੰਦੂ-ਸਿੱਖ ਏਕਤਾ ਦਾ ਸਵਾਲ ਸਾਹਮਣੇ ਆਇਆ। ਦੇਸ਼ ਵਿਚ ਭਾਸ਼ਾ ਦੇ ਆਧਾਰ ਤੇ ਬਣੇ ਪ੍ਰਾਂਤ ਅਤੇ ਪੰਜਾਬੀ ਲਈ ਯੋਗ ਸਥਾਨ ਪ੍ਰਾਪਤ ਕਰਨ ਦੀ ਮੰਗ ਕਾਰਨ ਹਿੰਦੂ-ਸਿੱਖ ਝਗੜਿਆਂ ਦਾ ਆਰੰਭ ਹੋਇਆ ਤਾਂ ਕਵੀ ਦਾ ਦਿਲ ਨਵੀਂ ਪੈਦਾ ਹੋਈ ਉਪਾਦੀ 'ਤੇ ਸ਼ੰਕਾਵਾਨ ਹੋ ਕੇ ਉਪਦੇਸ਼ ਕਰਨ ਲਗਾ :—

ਹਿੰਦੂ ਸਿੱਖਾਂ ਦੀਆਂ ਅਮੁਕ ਸਾਂਝਾਂ।
ਹਿੰਦੂ ਸਿੱਖਾਂ ਦੀਆਂ ਅਚੁਕ ਸਾਂਝਾਂ।
ਸਾਂਝਾ ਦੇਸ਼ ਤੇ ਕਾਜ ਵੀ ਸਾਂਝਾ।
ਆਜ਼ਾਦੀ ਤੇ ਸਵਰਾਜ ਦੀ ਸਾਂਝਾ।

ਨੈਣ ਕਹੇ ਇਹ ਵਖ ਨੇ ਦੋਵੇਂ।
ਸੱਜੀ ਖੱਬੀ ਅੱਖ ਨੇ ਦੋਵੇਂ।

ਸਾਂਝੇ ਖੇਤ ਤੇ ਵਾੜੀ ਸਾਂਝੀ, ਹਿੰਦੂ ਸਿੱਖ ਫੁਲਵਾੜੀ ਸਾਂਝੀ।
'ਸੂਦਨ' ਸੱਚੀ ਸ਼ਾਨ ਸਵਾਈ, ਹਿੰਦੂ ਸਿੱਖ ਹਨ ਭਾਈ ਭਾਈ।

ਕੋਮਲ ਜੀ ਦੇਸ਼ ਦੀਆਂ ਸਭ ਕੌਮਾਂ ਨੂੰ ਏਕਤਾ ਦਾ ਸੰਦੇਸ਼ ਦੇਂਦੇ ਹਨ :—

ਛਡ ਤਾਅਸਬ ਨਸਲੀ ਘਿਰਣਾ, ਜੇ ਚਾਹੇਂ ਅਮਨ ਅਮਾਨ।
ਇਕੋ ਰੱਬ ਦਾ ਰਾਹ ਦਿਖਾਏ, ਗੀਤਾ, ਗ੍ਰੰਥ, ਅੰਜੀਲ, ਕੁਰਾਨ।

ਇਸੇ ਤਰ੍ਹਾਂ ਮਨੁੱਖੀ ਏਕਤਾ ਦੇ ਖਿਆਲ ਸਾਨੂੰ ਸਪਨ ਮਾਲਾ, ਦਾਨਿਸ਼, ਤ੍ਰਿਲੋਕ ਸਿੰਘ 'ਨਿਰਬਲ' ਆਦਿਕ ਕਵੀਆਂ ਦੀ ਰਚਨਾ ਵਿਚੋਂ ਵੀ ਮਿਲਦੇ ਹਨ।

1947 ਦੇ ਹੋਏ ਕਸ਼ਮੀਰ 'ਤੇ ਪਾਕਿਸਤਾਨੀ ਹਮਲੇ ਕਾਰਨ ਦੇਸ਼ ਦੀ ਆਰਥਕਤਾ ਵਿਚ ਵੀ ਕਾਫ਼ੀ ਪਰੀਵਰਤਨ ਆਇਆ। ਇਕ-ਪੁਰਖਾ ਰਾਜ ਤੇ ਜਾਗੀਰਦਾਰੀ ਨਜ਼ਾਮ ਇਕ ਦਮ ਖਤਮ ਹੋ ਗਿਆ। ਦੇਸ਼ 'ਤੇ ਲੋਕਾਂ ਦਾ ਰਾਜ ਕਾਇਮ ਹੋਇਆ। ਨਵੇਂ ਜ਼ਮੀਨੀ ਕਾਨੂੰਨ ਅਨੁਸਾਰ ਕਿਸਾਨ ਭੋਇਂ ਦੇ ਮਾਲਕ ਹੋ ਗਏ। ਨਵੇਂ ਕਾਨੂੰਨ ਅਨੁਸਾਰ ਕਿਸਾਨ ਦੀਆਂ ਬੁਨਿਆਦੀ ਲੋੜਾਂ ਆਪਣੀ ਭੋਇਂ 'ਚੋਂ ਪੂਰੀਆਂ ਹੋਣ ਦੀ ਆਸ ਬੱਝੀ। ਸੋ ਰਿਆਸਤ ਵਿਚ ਕਿਸਾਨ ਨੂੰ ਭਾਰਤ ਦੇ ਕੁਝ ਹਿਸਿਆਂ ਵਾਂਗ ਕਿਸੇ ਵਿਸ਼ੇਸ਼ ਜਦੋ-ਜਹਿਦ ਨੂੰ ਤੋਰਨਾ ਨਹੀਂ ਪਿਆ। ਭਾਵੇਂ ਸ਼ਪਸੀ ਰਾਜ ਵਿਰੁੱਧ ਚਲ ਰਹੀ ਨੈਸ਼ਨਲ ਕਾਨਫਰੰਸ ਦੀ ਆਜ਼ਾਦੀ ਦੀ ਲਹਿਰ ਵਿਚ 'ਨਵੇਂ ਕਸ਼ਮੀਰ' ਦੀ ਸਿਰਜਨਾ ਰਾਹੀਂ ਭੋਇਂ ਸੁਧਾਰ ਵੀ ਇਕ ਮੰਤਵ ਸੀ। ਸਾਡੇ ਕਿਸਾਨ ਕੋਲ ਜ਼ਮੀਨ ਹੈ, ਘਰ ਹੈ, ਪ੍ਰੰਤੂ ਉਸ ਦੀ ਗਰੀਬੀ ਕਾਇਮ ਹੈ। ਉਹ ਸਹਿਜੇ ਸਹਿਜੇ ਚੰਗੀ ਆਰਥਕਤਾ ਦੇ ਰਾਹ 'ਤੇ ਪੈ ਰਿਹਾ ਹੈ।

ਸੋ ਸਾਡੇ ਕਵੀਆਂ ਨੇ ਜਿਥੇ ਕਿਤੇ ਵੀ ਕਿਸਾਨਾਂ ਤੇ ਮਜ਼ਦੂਰਾਂ ਬਾਰੇ ਕਵਿਤਾਵਾਂ ਲਿਖੀਆਂ ਹਨ ਉਨ੍ਹਾਂ ਸਮੁੱਚੇ ਭਾਰਤ ਦੀ ਸਥਿਤੀ ਨੂੰ ਹੀ ਮੁਖ ਰਖਿਆ ਹੈ। ਅਤੇ ਇਨ੍ਹਾਂ ਵਿਚ ਸਮਾਜਵਾਦੀ ਵਿਚਾਰ ਪੰਜਾਬੀ ਦੇ ਪ੍ਰਸਿੱਧ ਕਵੀ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਆਦਿਕ ਕਵੀਆਂ ਦੇ ਪ੍ਰਭਾਵ ਕਰ ਕੇ ਹਨ।

ਦੇਸ਼ ਵਿਚ ਜਿਥੇ ਆਰਥਕ ਉੱਨਤੀ ਨਾਲ ਕਦਮ ਪੁਟੇ ਜਾ ਰਹੇ ਹਨ ਉਥੇ ਸਮਾਜ ਅਜੇ ਪਛੜਿਆ ਹੋਇਆ ਹੈ, ਪੁਰਾਣੀਆਂ ਲੀਹਾਂ ਅਤੇ ਬੁਰਾਈਆਂ ਤੋਂ ਮੁਕਤ ਨਹੀਂ ਹੋਇਆ। ਰਿਸ਼ਵਤ-ਖੋਰੀ, ਕੁੰਬਾ-ਪਰਵਰੀ ਆਦਿਕ ਬੁਰਾਈਆਂ ਨੂੰ 1ਦੇਸ ਰਾਜ ਦਾਨਿਸ਼, 2ਜ਼ਖਮੀ ਜੀ ਨੇ ਅਤੇ ਸਰਨ ਸਿੰਘ ਨੇ ਨੰਗਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰਨ ਸਿੰਘ ਨੇ ਆਪਣੀ ਕਵਿਤਾ 3'ਇਕ ਮਾਈ' ਵਿਚ ਰਾਜ ਅਤੇ ਸਮਾਜ 'ਤੇ ਭਾਰੀ ਚੋਟ ਕੀਤੀ ਹੈ।

---

1. ਪੁਸਤਕ ਤ੍ਰੰਗਾਂ ਵਿਚ
2. ਕਿਸ ਮਿਣ ਵਿਚ
3. ਪਛਤਾਵਿਆਂ ਦਾ ਮੰਗਲ ਵਿਚ

ਬਦਲਦੀ ਆਰਥਕਤਾ ਦੇ ਕਾਰਨ ਅਤੇ ਰਿਆਸਤ ਕਸ਼ਮੀਰ ਦੀ ਰਾਜਸੀ ਸਥਿੱਤੀ ਕਾਰਨ ਇਥੇ ਨਵੀਂ ਉਭਰਦੀ ਸਰਮਾਏਦਾਰ ਸ਼ਰੇਣੀ ਨੇ ਅਯੋਗ ਸਾਧਨਾਂ ਕਰ ਕੇ ਕਮਾਈ ਦੌਲਤ ਦੇ ਬਲ ਬੋਤੇ ਸਭਿਆਚਾਰਕ ਸੀਮਾਵਾਂ ਟਪੀਆਂ ਹਨ। ਪੜ੍ਹੀ ਲਿਖੀ ਸ਼ਰੇਣੀ ਵਿਚ ਸਮਾਜਕ ਬੰਧਨਾਂ ਦੀ ਉਲੰਘਣਾ ਕਰਨ ਦੀ ਦਲੇਰੀ ਵੀ ਆਈ ਹੈ। ਫੈਸ਼ਨ, ਅਯੱਾਸ਼ੀ ਅਤੇ ਵਿਭਚਾਰ ਆਦਿਕ ਜਿਨ੍ਹਾਂ ਨਵੀਨ ਸਥਿੱਤੀਆਂ ਵਿਚੋਂ ਸਾਡਾ ਅਜੋਕਾ ਸਮਾਜ ਲੰਘ ਰਿਹਾ ਹੈ, ਸਾਡੇ ਕਵੀਆਂ ਦੀ ਦ੍ਰਿਸ਼ਟੀਗੋਚਰ ਘਟ ਹੀ ਹੋਇਆ ਹੈ।

ਇਕ ਵਿਸ਼ੇਸ਼ ਗੱਲ ਜੋ ਸਾਡੀ ਰਿਆਸਤ ਦੇ ਪੰਜਾਬੀ ਦੇ ਨਵੀਨ ਕਵੀਆਂ ਵਿਚ ਵੇਖਣ ਵਿਚ ਆਉਂਦੀ ਹੈ, ਉਹ ਹੈ ਮਨੁਖਤਾ ਦਾ ਦਰਦ ਤੇ ਪਿਆਰ, ਕੌਮਾਂਤਰੀ ਮਸਲੇ, ਅਤੇ ਅਮਨ ਦੀ ਲੋੜ ।ਜਨ੍ਹਾਂ ਨੂੰ ਸਾਡੇ ਕਵੀ ਆਪਣੀਆਂ ਰਚਨਾਵਾਂ ਵਿਚ ਚਿਤਰਦੇ ਹਨ। ਅਮੀਰ ਗ੍ਰੀਬ ਦੇ ਵਿਤਕਰੇ, ਦੌਲਤ ਦੀ ਕਾਣੀ ਵੰਡ ਤੇ ਭੁਖ ਨੰਗ ਆਦਿਕ ਵਿਸ਼ੇ ਉਹ ਬੜੀ ਸੂਝ ਤੇ ਚੇਤਨਤਾ ਨਾਲ ਚਿਤਰਦੇ ਹਨ। 1ਮਹਿਕ ਜੀ ਹੁਣ ਮਜ਼ਦੂਰ ਦਾ ਯੁਗ ਅਨੁਭਵ ਕਰਦੇ ਹਨ ਅਤੇ ਜ਼ੁਲਮਾਂ ਦਾ ਅੰਤ ਵੇਖਦੇ ਹਨ।

(1) ਇਕ ਲਹਿਰ ਆ ਗਈ, ਹਰ ਪਾਸੇ ਛਾ ਗਈ।
ਇਸ ਵਿਚ ਤ੍ਰੰਗਾਂ ਨੇ, ਅਣਗਿਣਤ ਉਮੰਗਾਂ ਨੇ।
ਮੈਨੂੰ ਮਾਨ ਕਿਸਾਨਾਂ, ਮਜ਼ਦੂਰਾਂ ਜਵਾਨਾਂ 'ਤੇ।

(2) ਬਾਗਾਂ ਦੇ ਨੇ ਮਾਲਕ ਹੋ ਰਹੇ ਅਜ ਇਨ੍ਹਾਂ ਦੇ ਮਾਲੀ।
ਕਿਰਤੀ ਕਾਮੇ ਗੀਤ ਨੇ ਗਾਂਦੇ ਵੇਖ ਖੇਤਾਂ ਦਾ ਹਾਸਾ।
ਦੇਸ਼ ਮੇਰੇ ਦੇ ਚਿਹਰੇ ਉਤੇ ਚੜ੍ਹ ਰਹੀ ਹੁਣ ਲਾਲੀ।

ਸਰਨ ਸਿੰਘ ਵਿਚ ਸਰਮਾਏਦਾਰੀ ਵਿਰੁੱਧ ਘਿਰਣਾ ਹੈ ਅਤੇ ਬਦਲ ਦੀ ਭਾਵਨਾ ਬੜੀ ਤੇਜ਼ ਹੈ :—

ਹੁਣ ਲੋਕਾਂ ਦੇ ਵੈਰੀ ਦਾ ਲਹੂ ਪੀਆਂਗਾ,
ਉਸ ਦੇ ਭੈੜੇ ਇਰਾਦਿਆਂ ਦੀ,
ਨਿਖੇਧੀ ਕਰਾਂਗਾ, ਮੈਂ ਨਹੀਂ ਜਰਾਂਗਾ,
ਮਨੁੱਖਤਾ ਲਈ ਜੀਵਨ ਨਿਛਾਵਰ ਕਰਾਂਗਾ।

ਮਾਨ ਭਾਰਗਵ, ਕੰਵਲ ਕਸ਼ਮੀਰੀ, ਜਸਵੰਤ ਸਿੰਘ ਸ਼ਾਨ ਆਦਿਕ ਦੀਆਂ ਕਵਿਤਾਵਾਂ ਅਮੀਰ ਗਰੀਬ ਦੀ ਟੱਕਰ ਨੂੰ ਚਿਤਰਦੀਆਂ ਹਨ। 2ਕਰਨ ਸਤਵੰਤ ਜ਼ਿੰਦਗੀ ਦੇ ਇਸ ਘਿਣਾਉਣੇ ਪੱਖ ਨੂੰ ਇਸ ਦੇ ਵਾਸਤਵਿਕ ਕਾਰਨਾਂ ਨਾਲ ਜੋੜਦਾ ਹੈ। ਉਹ ਇਨ੍ਹਾਂ ਬੁਰਾਈਆਂ ਦੇ ਬੁਨਿਆਦੀ ਕਾਰਨਾਂ ਤਕ ਅਪੜਨ ਦੀ ਕੋਸ਼ਸ਼ ਕਰਦਾ ਹੈ। ਉਹ ਵੰਗਾਰਦਾ ਨਹੀਂ ਤੇ ਨਾ ਹੀ ਉਸ ਦੀ ਕਵਿਤਾ ਵਿਚ ਡਰਾਵਾ ਹੈ, ਧਮਕੀਆਂ ਹਨ ਜਾਂ ਪਰਚਾਰ ਹੈ ਜਿਵੇਂ ਕੁਝ ਕਵੀਆਂ ਵਿਚ ਇਹੋ ਜਿਹੀਆਂ ਗੱਲਾਂ ਵੇਖਣ ਵਿਚ ਆਉਂਦੀਆਂ ਹਨ।

---

1. ਝਨਾਂ ਦੇ ਕੰਢੇ
2. ਪੁਸਤਕ ਪ੍ਰੰਗਰਾਂਦ ਵਿਚ

ਸਮਾਜ ਵਿਚ ਅੰਧ-ਵਿਸ਼ਵਾਸ ਅਤੇ ਹੀਣਤਾ ਭਾਵ ਦਾ ਕੇਵਲ ਗ਼ਰੀਬ ਨੂੰ ਹੀ ਸ਼ਿਕਾਰ ਕਿਵੇਂ ਬਣਾਇਆ ਜਾਂਦਾ ਹੈ। ਕਰਨ ਸਤਵੰਤ ਇਨ੍ਹਾਂ ਸਤਰਾਂ ਵਿਚ ਪ੍ਰਗਟ ਕਰਦਾ ਹੈ :—

ਗਿਆਨੀ ਜੀ,
ਪੰਡਤ ਤੇ ਮੁਲਾਂ ਭੀ ਜੁੜ ਪਏ,
ਕੁਫ਼ਰ ਦਾ ਗਲ ਘੁਟਣੇ,
ਪਲਦਾ ਵੇਖ ਉਹ,
ਜ਼ਰ ਦੇ ਅੰਬਾਰ ਵਿਚ,
ਪੈਂਤਰਾ ਬਦਲ ਕੇ,
ਸਿਰ ਆ ਚੜ੍ਹੇ ਮਜ਼ਲੂਮ ਦੇ।

ਕਵੀ ਸਰਮਾਏਦਾਰਾਂ, ਜਗੀਰਦਾਰਾਂ ਆਦਿਕ 'ਦਾਰਾਂ' ਦਾ ਪੱਖ ਨਹੀਂ ਪੂਰਦਾ ਸਗੋਂ ਉਹ ਕੁਮਿਆਰ, ਲੁਹਾਰ, ਮਿਅਮਾਰ ਆਦਿਕ 'ਆਰਾਂ' ਦਾ ਪੱਖੀ ਹੈ, ਹਮਾਇਤੀ ਹੈ :—

ਅਜ ਦੀ ਦੁਨੀਆਂ ਮੈਂ ਤੇਰਾ ਹਾਂ,
ਮੁੱਚਾਂ ਦੀਏ ਲੋਕ ਮਤੀਏ,
ਉਨ੍ਹਾਂ ਮੁੱਚਾਂ ਦਾ ਮੈਂ ਉੱਚਾ ਹਾਂ,
ਜੀਵਨ 'ਜਨ੍ਹਾਂ ਲਈ ਹਸਰਤ ਹੈ,
ਮੌਤ ਜਿਨ੍ਹਾਂ ਲਈ ਮਸੱਰਤ ਹੈ,
ਦਾਰਾਂ ਦੀਏ ਬਹੁ ਰੰਗੀਏ,
ਮੈਂ 'ਦਾਰ' ਨਾਂਹ, ਕੋਈ 'ਆਰ' ਹਾਂ।

ਇਸੇ ਲਈ ਕਵੀ ਮਜ਼ਦੂਰ ਨੂੰ ਆਪਣੀ ਤਾਕਤ ਦਾ ਅਹਿਸਾਸ ਦਵਾਉਂਦੇ ਹੋਏ ਲਿਖਦਾ ਹੈ :—

ਸੁਣ,
ਜੁਗਾਂ ਤੋਂ ਮਾਰ ਖਾ ਖਾ, ਤੂੰ ਫ਼ੌਲਾਦ ਬਣਿਆ।
ਪਰਖ ਮੈਂ ਲਿਆ।
ਜੁੰਬਸ਼ ਵਿਚ ਜੇ ਆਏਂ ਤੂੰ,
ਹਨੇਰਾ ਮਿਟ ਜਾਏਗਾ।
ਸਭੋ ਫ਼ਲਸਫ਼ੇ ਗਲੇ-ਸੜੇ।
ਮੁਕ ਜਾਣਗੇ ਮਿਟ ਜਾਣਗੇ।

ਸਾਡੇ ਕਵੀ ਜੰਗ ਦੀ ਭੱਠੀ ਵਿਚ ਸੜਦੀ ਮਨੁੱਖਤਾ ਨੂੰ ਵੇਖ ਕੇ ਅਮਨ ਲਈ ਤਰਲੇ ਪਾਉਂਦੇ ਹਨ। ਉਹ ਸਾਰੀ ਮਨੁੱਖਤਾ ਨੂੰ ਕਲਾਵੇ ਵਿਚ ਲੈ ਲੈਂਦੇ ਹਨ। ਸਰਨ ਸਿੰਘ ਦੀ ਕਵਿਤਾ 'ਫਿਰ ਕੇ ਹੋਸੀ' ਕੌਮਾਂਤਰੀ ਬਾਲਾਂ ਦੇ ਜੀਵਨ ਵਿਚ ਜੰਗ ਦੀ ਭਿਆਨਿਕਤਾ ਦਾ ਅਹਿਸਾਸ ਚਿਤਰਦੀ ਹੈ। ਕਰਨ ਸਿੰਘ ਵਿਜੈ ਦੀ ਭਾਵਨਾ ਨੂੰ ਮਨੁੱਖਤਾ ਲਈ ਘਾਤਕ ਸਮਝਦਾ ਹੈ। ਹਿੰਦ-ਪਾਕ ਲੜਾਈ ਦੇ ਪਰੀਣਾਮ ਵਜੋਂ ਹੋਈਆਂ ਵਿਧਵਾਵਾਂ ਦੇ ਦੁਖ ਦਰਦ ਨੂੰ ਵਾਸਤਵਿਕ ਢੰਗ ਨਾਲ ਚਿਤਰਿਆ ਹੈ।

ਕਵੀ ਪ੍ਰਸ਼ਨ ਕਰਦਾ ਹੈ ਕਿ ਵਸਦੇ ਰਸਦੇ ਘਰਾਂ ਨੂੰ ਸੁਖ ਕਿਉਂ ਖੁਸੇ ਜਾਂਦੇ ਹਨ ? ਉੱਤਰ ਵੀ ਆਪ ਹੀ ਦੇਂਦੇ ਹਨ ਕਿ ਹਕੂਮਤ ਦਾ ਨਸ਼ਾ ਹੀ ਇਸ ਦਾ ਮੂਲ ਕਾਰਨ ਹੈ :—

ਪਿਆਰ ਦਾ ਕਾਤਲ,
ਹੁਲਾਰ ਦਾ ਕਾਤਲ
ਨਸ਼ਾ ਹਕੂਮਤ ਦਾ
ਮਜ਼ਲੂਮ ਦੀ ਕਮਜ਼ੋਰੀ।

ਸਾਡੇ ਕਵੀਆਂ ਵਿਚ ਸਮਾਜਕ ਚੇਤੰਨਤਾ ਹੈ। ਉਹ ਸਮਾਜਕ ਰਹੁ-ਰੀਤਾਂ ਦੀ ਉਲੰਘਣ ਕਰਨ ਦੀ ਦਲੇਰੀ ਕਰਦੇ ਹਨ। ਕਰਨ ਸਿੰਘ, ਸਰਨ ਸਿੰਘ, ਉਜਾਗਰ ਸਿੰਘ 'ਮਹਿਕ' ਅਤੇ ਸਪਨ ਮਾਲਾ ਦੀ ਕਵਿਤਾ ਵਿਚੋਂ ਸਾਨੂੰ ਇਹ ਗੁਣ ਪ੍ਰਗਟ ਹੋ ਜਾਂਦੇ ਹਨ। ਜਿਥੇ ਉਹ ਬਹੁ-ਪੱਖੀ ਸਮਾਜਕ ਜੀਵਨ ਦਾ ਅਧਿਅਨ ਕਰਦੇ ਹਨ, ਉਥੇ ਉਨ੍ਹਾਂ ਦੀਆਂ ਰਚਨਾਵਾਂ 'ਚੋਂ ਨਿੱਜਤਵ ਵੀ ਝਲਕਦਾ ਹੈ। ਕਵੀ ਭਿੰਨ ਭਿੰਨ ਵਿਸ਼ਿਆਂ ਸਬੰਧੀ ਕੀ ਨਿਜੀ ਰਾਏ ਰਖਦਾ ਹੈ, ਉਹ ਕਿਵੇਂ ਇਨ੍ਹਾਂ ਵਿਸ਼ਿਆਂ ਸਬੰਧੀ ਮਹਿਸੂਸ ਕਰਦਾ ਹੈ, ਹਰ ਕਵੀ ਦੀ ਰਚਨਾ ਤੋਂ ਇਹ ਗੱਲ ਪ੍ਰਗਟ ਹੋਣੀ ਅਤੀ ਲੋੜੀਂਦੀ ਗੱਲ ਹੈ। ਪ੍ਰੰਤੂ ਸਾਨੂੰ ਇਹ ਗੱਲ ਵੀ ਜਾਣਨੀ ਅਤੀ ਜ਼ਰੂਰੀ ਹੁੰਦੀ ਹੈ ਕਿ ਉਸ ਦਾ ਨਿੱਜੀ ਜੀਵਨ ਕਿਹੋ ਜਿਹਾ ਹੈ। ਨਿੱਜਤਵ ਵਿਚ ਹਰ ਕਵੀ ਦਾ ਬੁਨਿਆਦੀ ਸੁਭਾਵ, ਪਿਆਰ ਬਾਰੇ ਉਸ ਦੇ ਖ਼ਿਆਲ ਆਦਿਕ ਗੱਲਾਂ ਵੀ ਜਾਣਨੀਆਂ ਜ਼ਰੂਰੀ ਹਨ। ਸੋ ਅਸੀਂ ਆਪਣੇ ਕਵੀਆਂ ਵਿਚ ਇਸ ਵਿਸ਼ੇ 'ਤੇ ਕੁਝ ਵਿਸਥਾਰ ਨਾਲ ਚਾਨਣਾ ਪਾਉਣ ਦੀ ਕੋਸ਼ਸ਼ ਕਰਾਂਗੇ।

ਕਵਿਤਾ ਵਿਚ ਪਿਆਰ ਦਾ ਵਿਸ਼ਾ ਸਰਬ ਪ੍ਰੀਅ ਵਿਸ਼ਾ ਹੈ, ਜੋ ਕਿਸੇ ਵੀ ਕਵੀ ਦੀ ਰਚਨਾ ਦਾ ਅਨਿਖੜ ਅੰਗ ਹੁੰਦਾ ਹੈ। ਇਸ ਜਜ਼ਬੇ ਅਧੀਨ ਅਤੇ ਪ੍ਰੇਰਣਾ ਦਵਾਰਾ ਕਵਿਤਾ ਜਨਮਦੀ, ਪਲ਼ਰਦੀ ਤੇ ਵਿਕਾਸ ਕਰਦੀ ਹੈ। ਸਾਡੇ ਕਵੀਆਂ ਵਿਚ ਇਸ ਜਜ਼ਬੇ ਦੀ ਘਾਟ ਨਹੀਂ। ਅਸੀਂ ਇਨ੍ਹਾਂ ਵਿਚ ਸਿੰਗਾਰ ਰਸ ਭਰਪੂਰ ਕਵਿਤਾ ਦਾ ਬਹੁ-ਪੱਖੀ ਗਿਆਨ ਵੇਖਦੇ ਹਾਂ। ਪ੍ਰੇਮਕਾ ਦੀ ਸੁੰਦਰਤਾ, ਉਸ ਦੇ ਅੰਗਾਂ ਦੀ ਸੁਹਲਤਾ ਤੇ ਸ੍ਰੀਰਕ ਖਿੱਚ, ਵਿਛੋੜਾ ਵਸਲ, ਬੇਵਫ਼ਾਈ ਦਾ ਵਰਣਨ ਕਵੀਆਂ ਵਿਚ ਮਿਲਦਾ ਹੈ।

ਸਾਡੇ ਪਹਿਲੇ ਕਵੀ ਕੋਮਲ ਜੀ ਦੀ ਰਚਨਾ ਵਿਚ ਆਦਰਸ਼ਕ ਪਿਆਰ ਦੇ ਝਾਉਂਲੇ ਮਿਲਦੇ ਹਨ :—

ਮੇਰਾ ਪਿਆਰ ਹਡੋਂ ਚੰਮੋਂ ਉੱਚਾ
ਨਾ ਖ਼ਾਹਿਸ਼ ਮੈਨੂੰ ਕਬਜ਼ੇ ਦੀ
ਮੈਂ ਹਾਂ ਪ੍ਰੀਤ ਨਿਘ ਦਾ ਭੁੱਖਾ
ਖਿੜਦੀ ਜਿਸ ਸੰਗ ਆਤਮਾ ਰਹਿੰਦੀ
ਸੱਚੀ ਪ੍ਰੀਤ ਸਾਈਂ ਚਰਨ ਪੁਚਾਏ
ਉਸ ਪ੍ਰੀਤ ਦੀ ਮੈਂ ਚਾਹ ਕਰਾਂ।

ਉਜਾਗਰ ਸਿੰਘ ਮਹਿਕ ਵੀ ਪ੍ਰੇਮਕਾ ਦੀ ਸੁੰਦਰਤਾ ਦਾ ਮੁਤਲਾਸ਼ੀ ਹੈ। ਵਸਲ ਦਾ ਚਾਹਵਾਨ

ਹੈ। ਦੋ ਜੀਵਾਂ ਦ ਪਿਆਰ ਨੂੰ ਪਿਛਲੇ ਜਨਮਾਂ ਦੇ ਮੇਲ ਦਾ ਪ੍ਰਤੀਫਲ ਸਮਝਦਾ ਹੈ। ਸ੍ਰੀਰਕ ਸੁਦਰਤਾ ਵਲ ਵਧੇਰੇ ਆਕਰਖਿਤ ਹੁੰਦਾ ਹੈ :--

(1) ਗਲੇ ਨਾਲ ਤੈਨੂੰ ਲਗਾਣਾ ਚਾਹਵਾਂ,
ਅੱਗ ਆਪਣੇ ਦਿਲ ਦੀ ਬੁਝਾਣਾ ਮੈਂ ਚਾਹਵਾਂ।

(2) ਕਾਲੀ ਕੁੰਡਲ ਜ਼ੁਲਫ ਕਿਸੇ ਦੀ,
ਕਰ ਗਈ ਕੋਈ ਇਸ਼ਾਰਾ ।

ਕਰਨ ਸਤਵੰਤ ਦੀ ਆਰੰਭਕ ਕਵਿਤਾ ਪਿਆਰ ਤੋਂ ਹੀ ਉਤਪੰਨ ਹੋਈ ਹੈ । ਪ੍ਰੰਤੂ ਹੁਣ ਉਨ੍ਹਾਂ ਦੀ ਰਚਨਾ ਵਿਚ ਇਹ ਜਜ਼ਬਾ ਘਟ ਹੀ ਵੇਖਣ ਵਿਚ ਆਉਂਦਾ ਹੈ। ਆਰੰਭਕ ਪਿਆਰ ਮਾਨਣ ਦੀ ਰੁਚੀ ਇਨ੍ਹਾਂ ਸੱਤਰਾਂ ਚੋ' ਪ੍ਰਗਟ ਹੁੰਦੀ ਹੈ :—

ਤੇਰੀ ਗੱਲ ਵਿਚ ਬਾਹਵਾਂ ਪਾ
ਮੁਸਕਾਨ ਨਿਘ ਤੇਰੇ ਬੁਲ੍ਹਾਂ ਤੇ
ਨੈਣ ਗੁਲਾਬੀ ਤਕਦਾ ਰਹਾਂ
ਦਿਲ ਦੀ ਸੱਧਰ ।

ਕੰਵਲ ਕਸ਼ਮੀਰੀ ਕਲਪਨਾ ਦਵਾਰਾ ਗਵਾਚੇ ਹੁਸਨ ਦੀ ਭਾਲ ਕਰਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਰੋਮਾਂਟਿਕ ਰੰਗ ਵਧੇਰੇ ਹੈ।

ਸ਼ਾਲਾ ਤੇਰਾ ਝਾਉਂਲਾ ਨਾ ਹੁੰਦਾ
ਤੂੰ ਹੀ ਹੁੰਦੀ
ਇਹ ਕਹਿਰਾਂ ਦੀ ਠੰਡੀ ਸ਼ਾਮ ਤੇਰੀ
ਨਿਘ ਤੇਰੀ ਨਾਲ ਭੱਖ ਜਾਂਦੀ ।

ਪਿਆਰ ਦਾ ਵਰਣਨ ਨਿਰਾ ਵਸਲ ਦੀ ਘੜੀਆਂ ਮਾਨਣ ਲਈ ਨਹੀਂ ਜਾਂ ਨਿਰਾ ਹੁਸਨ ਦੇ ਗਲ ਬਾਹਵਾਂ ਪਾ ਰੋਮਾਂਟਿਕ ਦੁਨੀਆਂ ਵਿਚ ਗਵਾਚਣਾ ਹੀ ਨਹੀਂ, ਇਸ ਵਿਚ ਸਮਾਜਿਕ ਬੰਧਨਾਂ ਦਾ ਆਉਣਾ, ਕਸ਼ਟ ਝਲਣੇ ਅਤੇ ਇਸ ਪ੍ਰਕਾਰ ਦੀਆਂ ਅਨੇਕਾਂ ਕਠਨਾਈਆਂ ਦਾ ਗਿਆਨ ਹੋਣਾ ਅਤੇ ਇਨ੍ਹਾਂ ਦੇ ਸਮਾਜਕ ਕਾਰਨਾਂ ਦਾ ਨਿਰਣਾ ਕਰ ਸਕਣ ਦੀ ਸੂਝ ਹੋਣੀ ਵੀ ਲਾਜ਼ਮੀ ਹੈ। ਸਾਡੇ ਕਵੀ ਇਨ੍ਹਾਂ ਗਲਾਂ ਦੇ ਗਿਆਨ ਤੋਂ ਅਵੇਸਲੇ ਨਹੀ। 'ਦਾਨਿਸ਼' ਜੀ ਨੂੰ ਦੋ ਜੀਵਾਂ ਦੇ ਨਾ ਮਿਲ ਸਕਣ ਦੀ ਹਕੀਕਤ ਦਾ ਗਿਆਨ ਹੈ :—

ਮੇਰਾ ਮਿਲਣਾ ਤੁਹਾਨੂੰ ਖ਼ੂਬ ਹੈ, ਧੋਖਾ ਏ ਭੁਲੇਖਾ ਏ,
ਕਿਸੇ ਸੂਰਤ ਵੀ ਦਰਿਆ ਦੇ ਕਿਨਾਰੇ ਮਿਲ ਨਹੀਂ ਸਕਦੇ।

ਕਰਨ ਸਕਵੰਤ ਦੇ ਖ਼ਿਆਲ ਅਨੁਸਾਰ :—

ਸਿਤਮਾਂ ਦੀ ਛਾਂ ਹੇਠ
ਝਾੜਾਂ ਦੀ ਅੱਗ ਪੀ ਪੀ

ਲੋਕਾਂ ਦੇ ਫਟ ਸਹਿ ਸਹਿ
ਪਲਦਾ ਹੈ ਝੂਟਾ ਪਿਆਰ ਦਾ ।

ਇਸਤਰੀ ਦੀਆਂ ਸਮਾਜਕ ਮਜਬੂਰੀਆਂ ਨੂੰ ਮਾਨ ਭਾਰਗਵ ਨੇ ਗਾਇਆ ਹੈ ।

ਬਾਗ਼ੀ ਕੋਇਲ ਬੋਲਦੀ, ਬੰਧਨੀਂ ਜਕੜੀ ਨਾਰ ।
ਗਗਨੀਂ ਪੰਛੀ ਬੋਲਦਾ, ਪਿੰਜਰੇ ਬੰਦੀ ਪਿਆਰ ।

ਸਪਨ ਮਾਲਾ ਇਸਤਰੀ ਦੇ ਜੀਵਨ ਵਿਚ ਪਤਝੜ ਹੀ ਵੇਖਦੀ ਹੈ :—

ਜੀਵਨ ਦਾ ਮੇਲ ਪਤਝੜਾਂ ਦੇ ਨਾਲ ਹੋ ਗਿਆ,
ਹੁਣ ਕੋਈ ਵੀ ਉਡੀਕ ਨਾ ਬਾਹਰ ਦੀ ਰਿਹੀ ।

ਸਰਨ ਸਿੰਘ ਇਸਤਰੀ ਦੀ ਮਜਬੂਰੀ ਤੇ ਜੀਵਨ-ਲੋੜਾਂ ਲਈ ਸ੍ਹੀਰ ਵੇਚਣਾ ਅਤੇ ਉਸ ਨਾਲ ਕੀਤੀ ਬੇਵਫ਼ਾਈ ਵਿਰੁਧ ਸਭ ਤੋਂ ਵਧੀਕ ਲਿਖਦਾ ਹੈ । ਉਸ ਦੇ ਬਿਆਨ ਵਿਚ ਯਥਾਰਥਕਤ ਹੈ ਤੇ ਦਲੇਰੀ ਹੈ । ਪ੍ਰੰਤੂ ਜਿਹੜੀ ਗੱਲ ਸਰਨ ਸਿੰਘ ਵਿਚ ਸਭ ਨਾਲੋਂ ਵਿਸ਼ੇਸ਼ ਅਤੇ ਦਲੇਰਾਨਾ ਹੈ, ਉਹ ਹੈ ਇਸਤਰੀ ਅਤੇ ਲਿੰਗ-ਖਿੱਚ ਦੇ ਭਾਵਾਂ ਨੂੰ ਅਨੁਭਵ ਕਰਨਾ । ਉਹ ਇਸਤਰੀ ਦੀ ਸੁੰਦਰਤਾ ਵਿਚ ਇਕ ਸਵਾਦ ਅਨੁਭਵ ਕਰਦਾ ਹੈ ;—

ਮੇਰੀ ਖ਼ਾਹਿਸ਼ ਸੀ ਮੈਂ ਉਸ ਨੂੰ ਪਿਆਰਦਾ
ਕਾਲੇ ਲੰਮੇ ਵਾਲਾਂ ਨੂੰ ਉਂਗਲਾਂ ਨੂੰ ਸੰਵਰਦਾ
ਨੈਣਾਂ ਨੂੰ ਚੁੰਮਦਾ, ਗਲਾਂ ਨੂੰ ਚੁੰਮਦਾ
ਬੁਲਾਂ ਦਾ ਰਸ ਵਾਂਗ ਭੰਵਰੇ ਚੂਸਦਾ
ਹਿਕ ਨਾਲ ਲਾ, ਉਸ ਨੂੰ ਦਿਲ'ਚ ਉਤਾਰਦਾ।

ਇਸ ਤਰ੍ਹਾਂ ਦੇ ਲਿੰਗ-ਭਾਵੀ ਵਿਚਾਰ ਪੰਜਾਬੀ ਕਵਿਤਾ ਵਿਚ ਇਕ ਨਵੇਕਲੀ ਥਾਂ ਰਖਦੇ ਹਨ । ਇਨ੍ਹਾਂ ਇਨਕਲਾਬੀ ਤਜ਼ਰਬਿਆਂ ਬਾਰੇ ਡਾ: ਗੁਰਚਰਨ ਸਿੰਘ ਲਿਖਦੇ ਹਨ :—

"ਪਰਛਾਵਿਆਂ ਦਾ ਜੰਗਲ' ਅਤੇ ਇਸ ਪ੍ਰਕਾਰ ਦੀਆਂ ਤਕਰੀਬਨ ਸਾਰੀਆਂ ਦੀਆਂ ਸਾਰੀਆਂ ਕਵਿਤਾਵਾਂ ਬੜੇ ਇਨਕਲਾਬੀ ਤਜਰਬੇ ਹਨ । ਘੱਟ ਤੋਂ ਘੱਟ ਸੈਂ ਆਪਣੀ ਸਾਰੀ ਉਮਰ ਵਿਚ ਪੰਜਾਬੀ ਜਾਂ ਕਿਸੇ ਹੋਰ ਬੋਲੀ ਵਿਚ ਇਸ ਰੰਗ ਦੀ ਕਾਵਿ ਰਚਨਾ ਨਹੀਂ ਪੜ੍ਹੀ ।1"

ਇਹ ਗੱਲ ਹਕੀਕਤ ਹੈ ਕਿ ਮਨੁੱਖ ਨਿੱਜੀ ਜੀਵਨ ਸਬੰਧੀ ਕਿਹੋ ਜਿਹਾ ਵਤੀਰਾ ਇਖ਼ਤਿਆਰ ਕਰਦਾ ਹੈ ਅਤੇ ਲਿੰਗ ਵਿਚਾਰਾਂ ਨੂੰ ਸਾਹਿਤ ਵਿਚ ਹਰ ਸਮੇਂ ਖੁਲ੍ਹ ਕੇ ਕਵੀਆ ਨੇ ਵਰਤਿਆ ਹੈ । ਪ੍ਰੰਤੂ ਜੇ ਕਵੀ ਸਭਿਆਚਾਰਕ ਕੀਮਤਾਂ ਤਿਆਗ ਦੇਂਦਾ ਹੈ, ਸੀਮਾਵਾਂ ਟਪ ਜਾਂਦਾ ਹੈ ਤਾਂ ਇਸ ਪ੍ਰਕਾਰ ਵਰਣਨ ਅਢੁਕਵਾਂ ਅਤੇ ਅਸਭਿਅ ਹੋ ਨਿਬੜਦਾ ਹੈ । ਇਸ ਪੱਖ ਤੋਂ ਸਰਨ ਸਿੰਘ ਨੂੰ ਆਪਣੀ ਕਲਮ ਨੂੰ ਸੰਜਮ ਅਤੇ ਸੰਕੋਚ ਨਾਲ ਵਰਤਣ ਦੀ ਅਵਸ਼ਕਤਾ ਹੈ ।

ਪਿਆਰ ਦੇ ਵਿਸ਼ੇ ਤੇ ਬਹੁਤ ਕੁਝ ਕਿਹਾ ਜਾ ਚੁਕਿਆ ਹੈ । ਇਕ ਹੋਰ ਗੱਲ ਜਿਸ ਦੀ

---

1. ਖ਼ੁਦ ਬੈਂਕ ਪੁਸਤਕ ਪਰਛਾਵਿਆਂ ਦਾ ਜੰਗਲ ।

ਭਾਲ ਆਪਣੇ ਕਵੀਆਂ ਦੀ ਰਚਨਾ 'ਚੋਂ ਕਰਨੀ ਜ਼ਰੂਰੀ ਹੈ, ਪਰਕਿਰਤੀ ਚਿਤਰਨ ਸਬੰਧੀ ਹੈ।

ਕਸ਼ਮੀਰ ਸੰਸਾਰ ਦੇ ਕਵੀਆਂ ਲਈ ਸਵਰਗ ਦੇ ਸਮਾਨ ਹੈ। ਇਥੋਂ ਦੀ ਸੁੰਦਰਤਾ ਹਰ ਇਕ ਜੀਵ ਲਈ ਖਿੱਚਪੂਰਤ ਹੈ। ਕਵੀ ਲੋਕ ਇਸ ਦੀਆਂ ਰੰਗੀਨ ਵਾਦੀਆਂ ਨੂੰ ਤਕ, ਸੋਹਣੇ ਦਰਿਸ਼ਾਂ ਨੂੰ ਵੇਖ ਵਿਸਮਾਦ ਦੀ ਦੁਨਿਆਂ ਵਿਚ ਗਵਾਚ ਜਾਂਦੇ ਹਨ। ਪੰਜਾਬੀ ਕਵੀਆਂ ਨੇ ਇਥੋਂ ਦੀ ਸੁੰਦਰਤਾ ਨੂੰ ਰੱਜ ਰੱਜ ਸਲਾਹਿਆ ਹੈ। ਭਾਈ ਵੀਰ ਸਿੰਘ ਨੂੰ ਇਤੇ ਬੈਠ ਕੇ ਸ਼ਾਂਤ ਰਸ ਦਾ ਹੁਲਾਰਾ ਅਨੁਭਵ ਹੋਇਆ ਹੈ ਤੇ ਹਰੀ ਨਾਲ ਲਿਵ ਲਗ ਗਈ ਹੈ ਇਸੇ। ਪ੍ਰਕਾਰ ਚਾਤ੍ਰਿਕ, ਮੋਹਨ ਸਿੰਘ ਆਦਿਕ ਸ਼੍ਰੋਮਣੀ ਕਵੀਆਂ ਨੇ ਕਸ਼ਮੀਰ ਦੀ ਧਰਤੀ ਦੇ ਸੁੰਦਰ ਨਜ਼ਾਰਿਆਂ ਦੇ ਜੱਸ ਗਾਏ ਹਨ।

ਸਾਡੇ ਕਵੀਆਂ ਨੇ ਇਨ੍ਹਾਂ ਹੀ ਪ੍ਰਸਿੱਧ ਕਵੀਆਂ ਤੋਂ ਪ੍ਰੇਰਣਾ ਲਈ ਹੈ। ਉਨ੍ਹਾਂ ਨੇ ਦਿਸਦੀ ਸੁੰਦਰਤਾ ਨੂੰ ਚਿਤਰਿਆ ਹੈ। 'ਕੋਮਲ' ਜੀ ਕੁਦਰਤੀ ਨਜ਼ਾਰੇ ਮਾਣਨ ਤੋਂ ਛੁਟ, ਉਨ੍ਹਾਂ ਵਿਚ ਕੋਈ ਸਰੂਰ, ਸਵਾਦ ਤੇ ਰੱਬੀ ਝਲਕਾਰੇ ਅਨੁਭਵ ਕਰਦੇ ਹਨ ਜੋ ਭਾਈ ਸਾਹਿਬ ਡਾ: ਵੀਰ ਸਿੰਘ ਦੇ ਪ੍ਰਭਾਵ ਦਾ ਨਤੀਜਾ ਕਿਹਾ ਜਾ ਸਕਦਾ ਹੈ। ਅਵਤਾਰ ਸਿੰਘ ਸ਼ਾਦ, ਉਜਾਗਰ ਸਿੰਘ 'ਮਹਿਕ', ਮਾਨ ਭਾਰਗਵ ਅਤੇ 'ਨਿਰਬਲ' ਜੀ ਆਪਣੀ ਜਨਮ ਧਰਤੀ ਪੁਣਛ ਦੇ ਨਜ਼ਾਰਿਆਂ ਨੂੰ ਵਾਸਤਵਿਕਤ ਨਾਲ ਚਿਤਰਦੇ ਹਨ ਤੇ ਉਸ ਧਰਤੀ ਤੋਂ ਦੂਰ ਬੈਠੇ ਕੁਝ ਖਹੁ ਮਹਿਸੂਸ ਕਰਦੇ ਹਨ। ਇਨ੍ਹਾਂ ਕਵੀਆਂ ਨੇ ਕਸ਼ਮੀਰ ਦੇ ਨਜ਼ਾਰਿਆਂ ਨੂੰ ਵੀ ਚੰਗੀ ਤਰ੍ਹਾਂ ਅੰਕਿਤ ਕੀਤਾ ਹੈ। ਕੰਵਲ ਕਸ਼ਮੀਰੀ ਨੇ ਢਲਦੀਆਂ ਬਰਫ਼ਾਂ ਅਤੇ ਕਸ਼ਮੀਰ ਦੇ ਬਦਲਦੇ ਮੌਸਮਾਂ ਦਾ ਵਰਣਨ ਚੰਗੇ ਢੰਗ ਨਾਲ ਕੀਤਾ ਹੈ।

ਦਿਸਦੀ ਕੁਦਰਤ ਨੂੰ ਵਰਣਨ ਕਰਨਾ ਹੀ ਕਵੀ ਦਾ ਕੰਮ ਨਹੀਂ ਹੋਣਾ ਚਾਹੀਦਾ। ਕਵੀ ਮਨੁੱਖ ਤੇ ਕੁਦਰਤ ਦੇ ਸਬੰਧ ਨੂੰ ਉਜਾਗਰ ਕਰੇ। ਕੁਦਰਤ ਉਹਨੂੰ ਇਕ ਅਸਥਿਰ ਖੇੜਾ ਦੇਵੇ ਉਹਦੇ ਦਰਦਾਂ ਨੂੰ ਵੰਡਾਵੇ। ਇਸ ਪ੍ਰਕਾਰ ਦੀ ਝਲਕ ਸਾਨੂੰ ਕਰਨ ਸਤਵੰਤ ਦੀ ਕਵਿਤਾ ਵਿਚੋਂ ਮਿਲਦੀ ਹੈ। ਪਤਝੜ ਦੀ ਰੁਤੇ ਚਿਨਾਰਾਂ ਦੇ ਡਿਗੇ ਹੋਏ ਪਤਰ ਇਕੱਠੇ ਕਰ ਰਹੀਆਂ ਕਸ਼ਮੀਰਨਾਂ ਲਈ ਕਵੀ ਨੂੰ ਕੁਦਰਤ ਉਨ੍ਹਾਂ ਲਈ ਸੁਖ ਦੇ ਸਮਾਨ ਬਖ਼ਸ਼ਦੀ ਜਾਪਦੀ ਹੈ। ਦੇਸ਼ ਦੀ ਗ਼ਰੀਬੀ ਦਾ ਅਹਿਸਾਸ ਕਵੀ ਤੇ ਹਿਰਦੇ ਵਿਚ ਜਾਗ ਪੈਂਦਾ ਹੈ :—

ਕੰਬ ਨਾ ਥਰ ਥਰ
ਅਧ ਕੱਜੀ ਵੇਖ ਹੀਮਾਲੀ

ਅਧ ਰੱਜੀ ਵੇਖ ਸ਼ਾਹਮਾਲੀ
ਰੁਝੀਆਂ ਤੇਰੇ ਦਵਾਲੇ
ਤੇਰੇ ਲਾਹੇ ਬਸਤਰ ਸਾਂਭਣ
ਸਾਂਭਣ ਨਿਘ ਸਿਆਲਾਂ ਖ਼ਾਤਰ
ਇਥੇ ਪਰਚੱਲਤ ਰੀਤ ਅਨੋਖੀ
ਵੇਖ ਵੇਖ ਅਧ ਰੱਜੇ
ਵੇਖ ਵੇਖ ਅਧ ਕੱਜੇ
ਹਸੀਂਦਾ ਟੁਪੀਂਦਾ ਦਾਤੀਏ

ਕਿਆ ਇਨ੍ਹਾਂ ਮਜ਼ਲੂਮਾਂ ਲਈ
ਚੋਲਾ ਬਦਲਿਆ ਜਾ ਰਿਹਾ ।

ਅਸਾਂ ਨੇ ਹੁਣ ਤਕ ਰਿਆਸਤ ਦੀ ਪੰਜਾਬੀ ਕਵਿਤਾ 'ਤੇ ਸਵਿਸਥਾਰ ਚਰਚਾ ਕੀਤੀ ਹੈ। ਰਿਆਸਤ ਵਿਚ ਪੰਜਾਬੀ ਕਵਿਤਾ ਰਵਾਇਤੀਪਨ ਨੂੰ ਤਿਆਗ ਚੁਕੀ ਹੈ। ਭਾਵੇਂ ਰਵਾਇਤੀ ਕਵਿਤਾ ਦਾ ਆਪਣਾ ਸਥਾਨ ਹੈ, ਪ੍ਰੰਤੂ ਸਮੇਂ ਦੇ ਨਾਲ ਨਾਲ ਵਧਣਾ ਜੀਊਂਦੀ ਬੋਲੀ ਦਾ ਲੱਛਣ ਹੈ। ਸਾਡੇ ਕੁਝ ਕਵੀ ਜਿਵੇਂ ਉਜਾਗਰ ਸਿੰਘ 'ਮਹਿਕ', ਸਪਨ ਮਾਲਾ, ਕਰਨ ਸਤਵੰਤ, ਸਰਨ ਸਿੰਘ, ਕੰਵਲ ਕਸ਼ਮੀਰੀ ਅਤੇ ਮਾਨ ਭਾਰਗਵ ਕਵਿਤਾ ਦੇ ਆਧੁਨਿਕ ਲੱਛਣਾਂ ਬਾਰੇ ਪ੍ਰੀਚਿਤ ਹਨ। ਉਨ੍ਹਾਂ ਦੀ ਕਲਮ ਵਿਚ ਨਿਖਾਰ ਆਉਂਦਾ ਜਾ ਰਿਹਾ ਹੈ ਅਤੇ ਸਮਾਂ ਦੂਰ ਨਹੀਂ ਜਦੋਂ ਪੰਜਾਬੀ ਦੀ ਕਵਿਤਾ ਦੇ ਸਮੁਚੇ ਇਤਿਹਾਸ ਵਿਚ ਉਨ੍ਹਾਂ ਦਾ ਆਪਣਾ ਸਥਾਨ ਨਿਯੁਕਤ ਹੋਵੇਗਾ।

ਇਸ ਲੇਖ ਵਿਚ ਅਸਾਂ ਕੇਵਲ ਉਨ੍ਹਾਂ ਹੀ ਆਧੁਨਿਕ ਕਵੀਆਂ ਦੀ ਰਚਨਾ ਤੇ ਵਿਚਾਰ ਕੀਤਾ ਹੈ ਜਿਨ੍ਹਾਂ ਦੀਆਂ ਰਚਨਾਵਾਂ ਪ੍ਰਕਾਸ਼ਤ ਹੋ ਚੁਕੀਆਂ ਹਨ। ਕੁਝ ਹੋਰ ਵੀ ਕਵੀ ਹਨ ਜਿਨ੍ਹਾਂ ਬਾਰੇ ਪੰਜਾਬੀ ਸਾਹਿਤ ਸਭਾ ਸ੍ਰੀਨਗਰ, ਪੰਜਾਬੀ ਸਾਹਿਤ ਸਭਾ ਰਣਬੀਰ ਸਿੰਘ ਪੁਰਾ ਅਤੇ ਪੰਜਾਬੀ ਵਿਭਾਗ ਕਲਚਰਲ ਅਕੈਡਮੀ ਜੰਮੂ ਦੀਆਂ ਪ੍ਰਕਾਸ਼ਨਾਵਾਂ ਦੁਆਰਾ ਪ੍ਰੀਚਿਤ ਕੀਤਾ ਗਿਆ ਹੈ ਇਨ੍ਹਾਂ ਵਿਚੋਂ ਕੁਝ ਉੱਘੇ ਕਵੀ ਹਨ ਡਾ: ਮੋਹਨ ਸਿੰਘ ਸੇਠੀ, ਅਵਤਾਰ ਸਿੰਘ ਚੰਦਨ, ਸੁਮੇਰ ਸਿੰਘ ਮਸਤਾਨਾ, ਡਾ: ਮੋਹਨ ਸਿੰਘ ਸ਼ਾਂਤ, ਰਾਜਿੰਦਰ ਕੌਰ ਬਾਲੀ, ਡਾ: ਰਛਪਾਲ ਸਿੰਘ ਬਾਲੀ, ਅਮਰੀਕ ਸਿੰਘ ਸੁਖੀ, ਰਤਨ ਸਿੰਘ ਕਟਗਲੀ, ਭੀਮ ਸੈਨ ਸੇਵਕ, ਸੰਤੋਖ ਸਿੰਘ ਸੋਤੋਖ, ਰਘਬੀਰ ਸਿੰਘ ਮੁਕਤ ਤੇ ਜੈਦੇਵ ਸਿੰਘ ਦੱਤ ਆਦਿਕ।

ਰੂਪਕ ਪੱਖ :

ਰਿਆਸਤ ਦੀ ਕਵਿਤਾ ਨੂੰ ਰੂਪਕ ਪੱਖ ਵਜੋਂ ਪਰਖਣਾ ਬੜਾ ਜ਼ਰੂਰੀ ਹੈ। ਆਰੰਭਕ ਕਵੀਆਂ ਵਿਚ ਰਵਾਇਤ ਅਨੁਸਾਰ ਪੁਰਾਣੇ ਕਾਵਿ ਰੂਪ ਵਰਤਣ ਦੀ ਰੁਚੀ ਪ੍ਰਧਾਨ ਸੀ। ਅਧਿਆਤਮਿਕ ਅਤੇ ਕਿੱਸਾਕਾਰ ਸ਼ਾਇਰਾਂ ਨੇ ਬੈਂਤ, ਦਵੱਯਾ ਆਦਿਕ ਛੰਦ ਨਿਰਸੰਕੋਚ ਵਰਤੇ ਹਨ। ਪੰਜਾਬੀ ਦੇ ਮੁਢਲੇ ਰੂਪਕ ਪ੍ਰਭਾਵਾਂ ਨੂੰ ਗ੍ਰਹਿਣ ਕਰਨਾ ਕੁਦਰਤੀ ਗਲ ਸੀ। ਰਵਾਇਤੀ ਕਵਿਤਾ ਵਿਚ ਅਸਾਂ ਥਾਂ ਥਾਂ 'ਤੇ ਕਵੀਆਂ ਦੀ ਰਚਨਾ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੀ ਬੋਲੀ, ਸ਼ਬਦਾਵਲੀ ਅਤੇ ਛੰਦਾ ਬੰਦੀ 'ਤੇ ਵਿਸਥਾਰ ਨਾਲ ਚਾਨਣਾ ਪਾਇਆ ਹੈ।

ਇਥੇ ਨਵੀਨ ਕਵੀਆਂ ਦੀ ਕਵਿਤਾ ਵਿਚ ਰੂਪਕ ਬਣਤਰ ਬਾਰੇ ਹੀ ਸੰਖੇਪ ਵਿਚ ਕੁਝ ਲਿਖਣਾ ਅਨਉਚਿਤ ਨਹੀਂ ਹੋਵੇਗਾ। ਸੰਨ ਸੰਤਾਲੀ ਤੋਂ ਕੁਝ ਚਿਰ ਪਹਿਲਾਂ ਪੰਜਾਬੀ ਦੇ ਕਵੀਆਂ ਜਿਵੇਂ ਭਾ: ਵੀਰ ਸਿੰਘ, ਪ੍ਰੋ: ਪੂਰਨ ਸਿੰਘ ਅਤੇ ਚਾਤ੍ਰਿਕ ਜੀ ਨੇ ਕਾਫ਼ੀ ਪ੍ਰਭਾਵ ਪਾਇਆ ਹੈ। ਗਿ: ਕਰਤਾਰ ਸਿੰਘ ਕੋਮਲ, ਕਰਨ ਸਤਵੰਤ, ਉਜਾਗਰ ਸਿੰਘ 'ਮਹਿਕ' ਨੇ ਰੁਬਾਈ, ਤੁਰਿਆਈ ਅਤੇ ਖੁਲ੍ਹੀ ਛੰਦਾ ਬੰਦੀ ਦੀ ਵਰਤੋਂ ਉਨ੍ਹਾਂ ਪ੍ਰਭਾਵਾਂ ਹੇਠ ਕੀਤੀ ਹੈ। ਪ੍ਰੋ: ਮੋਹਨ ਸਿੰਘ ਦੇ ਘੜੇ ਨਵੇਂ ਛੰਦ ਜਿਵੇਂ (ਅੰਬੀ ਦੇ ਬੂਟੇ ਥੱਲੇ) ਨੂੰ ਉਜਾਗਰ ਸਿੰਘ 'ਮਹਿਕ' ਅਤੇ 'ਜ਼ਖਮੀ' ਜੀ ਨੇ ਬੜੀ ਨਿਪੁੰਨਤਾ ਨਾਲ ਵਰਤਿਆ ਹੈ। ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੀ ਲੋਕ ਧਾਰਨਾ 'ਤੇ ਲਿਖੀ ਕਵਿਤਾ ਨੇ ਦੇਸ ਰਾਜ ਦ੍ਰਾਨ੍ਹਿਸ਼ ਨੂੰ ਪ੍ਰਭਾਵਤ ਕੀਤਾ ਹੈ ਜਿਨ੍ਹਾਂ ਨੇ ਲੋਕ ਜੀਵਨ ਤੇ ਆਧਾਰਿਤ ਬਹੁਤ ਸੁਹਣੇ

ਗੀਤ ਲਿਖੇ ਹਨ। ਕਰਨ ਸਤਵੰਤ, ਸਰਨ ਸਿੰਘ ਅਤੇ ਕੰਵਲ ਕਸ਼ਮੀਰੀ ਨੇ ਖੁਲ੍ਹੀ ਕਵਿਤਾ ਲਿਖੀ ਹੈ। ਇਨ੍ਹਾਂ ਵਿਚੋਂ ਕਰਨ ਵਿਚ ਕਾਵਿ-ਰਸ ਤੇ ਰਵਾਨੀ ਵਧੇਰੇ ਹੈ।

ਸਾਡੇ ਕੁਝ ਕਵੀਆਂ ਨੇ ਗਜ਼ਲ ਲਿਖਣ ਤੇ ਵੀ ਹੱਥ ਅਜ਼ਮਾਇਆ ਹੈ ਅਤੇ ਉਰਦੂ ਗ਼ਜ਼ਲ ਵਾਂਗ ਸ਼ਾਦੀ, ਸ਼ਰਾਬ, ਮੈਖ਼ਾਨਾ, ਜ਼ਾਹਿਦ, ਰਿੰਦ ਆਦਿਕ ਸ਼ਬਦਾਂ ਨੂੰ ਖੁਲ੍ਹਾ ਵਰਤਿਆ ਹੈ ਜੋ ਪੰਜਾਬੀ ਖ਼ਮੀਰ ਅਨੁਸਾਰ ਨਹੀਂ। ਗ਼ਜ਼ਲ ਦੀ ਸਿਨਫ਼ ਨੂੰ ਪੰਜਾਬੀ ਵਿਚ ਲਿਆਉਣ ਲਈ ਜ਼ਰੂਰੀ ਹੈ ਕਿ ਉਹਦੇ ਵਿਚੋਂ ਪੰਜਾਬੀ ਰੰਗ ਉਘੜੇ ਜੋ ਪੰਜਾਬੀ ਸਾਹਿਤ ਦੇ ਕੁਝ ਕੁ ਸ਼ਰੋਮਣੀ ਕਵੀਆਂ ਵਿਚ ਹੀ ਵੇਖਣ ਵਿਚ ਆਉਂਦਾ ਹੈ।

ਰਿਆਸਤੀ ਪੰਜਾਬੀ ਕਵੀਆਂ ਨੇ ਆਮ ਤੌਰ 'ਤੇ ਠੇਠ ਪੰਜਾਬੀ ਬੋਲੀ ਵਰਤੀ ਹੈ ਪ੍ਰੰਤੂ ਇਸ ਵਿਚੋਂ ਇਲਾਕਾਈ ਸ਼ਬਦ, ਮੁਹਾਵਰਾ ਅਤੇ ਪੰਜਾਬੀ ਵਿਚ ਰਚੇ ਕਸ਼ਮੀਰੀ ਸ਼ਬਦਾਂ ਦੀ ਵਰਤੋਂ ਕਾਰਨ ਸਥਾਨਕ ਰੰਗ ਝਾਕਦਾ ਹੈ। ਸਰਨ ਸਿੰਘ, ਕੰਵਲ ਕਸ਼ਮੀਰੀ ਸਥਾਨਕ ਸ਼ਬਦਾਂ ਦੀ ਵਰਤੋਂ ਵਧੇਰੇ ਕਰਦੇ ਹਨ। ਕੁਝ ਕੁ ਸ਼ਬਦਾਂ ਦੇ ਨਮੂਨੇ ਹਨ; ਛੱਟੀ (ਹਵਾ) ਟਾਟਰਾ (ਹੈਰਾਨ) ਪੁਗਰਾ (ਵਿਚੋਂ ਖਾਲੀ) ਖੁਨਣਾ, ਭੰਗ-ਭੋੜ, ਡੰਡ (ਰੌਲਾ), ਰੜ੍ਹਨਾ (ਬੀਜਣਾ), ਬਾਂਦਾ (ਖ਼ਾਲੀ) ਆਠਰਨਾ (ਖੁਸ਼ਕ ਹੋਣਾ) ਆਦਿਕ।

ਰਿਆਸਤ ਦੇ ਭਿੰਨ ਭਿੰਨ ਭਾਗਾਂ ਵਿਚ ਬੋਲੀਆਂ ਜਾਂਦੀਆਂ ਪੰਜਾਬੀ ਦੀਆਂ ਉਪ-ਭਾਖਾਵਾਂ ਵਿਚ ਬੜਾ ਚੰਗਾ ਸ਼ਬਦ ਭੰਡਾਰ ਸਾਂਭਿਆ ਪਿਆ ਹੈ। ਸਾਨੂੰ ਆਸ ਹੈ ਕਿ ਸਾਡੇ ਕਵੀ ਉਨ੍ਹਾਂ ਸ਼ਬਦਾਂ ਨੂੰ ਵਰਤ ਕੇ ਪੰਜਾਬੀ ਸ਼ਬਦ-ਭੰਡਾਰ ਨੂੰ ਹੋਰ ਅਮੀਰ ਕਰਨਗੇ।

(ਸ਼ੀਰਾਜ਼ਾ ਅੰਕ-1)

ਉਜੱਲ ਸਿੰਘ ਬਾਹਰੀ

ਗੁੱਜਰੀ ਬੋਲੀ

ਇਸ ਲੇਖ ਵਿਚ ਜੰਮੂ ਕਸ਼ਮੀਰ ਵਿਚ ਵਸਦੇ ਲੋਕਾਂ ਦੀ ਗੁੱਜਰੀ ਬੋਲੀ ਦਾ ਸੰਖੇਪ ਅਧਿਐਨ ਕੀਤਾ ਗਿਆ ਹੈ। ਜੰਮੂ ਕਸ਼ਮੀਰ ਵਿਚ ਗੁੱਜਰਾਂ ਦੇ ਪਰਮੁਖ ਤੌਰ 'ਤੇ ਤਿੰਨ ਹਿੱਸੇ ਕੀਤੇ ਜਾ ਸਕਦੇ ਹਨ। (1) ਕਸ਼ਮੀਰ ਅਤੇ ਭਦਰਵਾਹੀ ਬੋਲਦੇ ਇਲਾਕਿਆਂ ਦੇ ਗੁੱਜਰ (2) ਡੋਗਰੀ ਬੋਲਦੇ ਇਲਾਕੇ-ਜੰਮੂ ਰਿਆਸੀ ਅਤੇ ਸੁੰਦਰਬਨੀ ਦੇ ਇਲਾਕਿਆਂ ਦੇ ਗੁੱਜਰ (3) ਪੁਣਛ, ਰਾਜੌਰੀ, ਮੈਂਢਰ ਦੇ ਇਲਾਕਿਆਂ ਦੇ ਗੁੱਜਰ। ਇਹ ਅਧਿਐਨ ਪੁਣਛ ਵਿਚ ਤਿੰਨ ਸਾਲਾਂ ਦੇ ਰਹਿਣ ਉਪਰੰਤ ਪ੍ਰਾਪਤ ਕੀਤੀ ਜਾਣਕਾਰੀ ਤੋਂ ਇਲਾਵਾ, ਪੁਣਛ ਤੋਂ ਕੀਤੀ ਟੇਪ-ਰਿਕਾਰਡਿੰਗ ਅਤੇ ਕੁਝ ਕੁ ਸੀਹਰ-ਛੀਆਂ, ਲੋਕ-ਗੀਤਾਂ ਅਤੇ ਪੈਂਢਲਟਾਂ ਦੇ ਆਧਾਰ 'ਤੇ ਕੀਤਾ ਗਿਆ ਹੈ।

ਗੁੱਜਰ ਕੌਮ ਕਦੋਂ ਤੇ ਕਿਹੜੇ ਪਾਸਿਉਂ ਕਸ਼ਮੀਰ ਦਿਆਂ ਇਨਾਂ ਪਹਾੜੀ ਇਲਾਕਿਆਂ ਵਿਚ ਪੁੱਜੀ ਇਹ ਵਿਸ਼ਾ ਸਾਡੇ ਇਸ ਲੇਖ ਦੀ ਸੀਮਾ ਤੋਂ ਬਾਹਰਲਾ ਹੈ। ਪਰ ਸੰਖੇਪ ਵਿਚ ਦਸਣਾ ਜ਼ਰੂਰੀ ਹੈ। ਪ੍ਰਾਪਤ ਸਾਮਿਗਰੀ ਤੋਂ ਇਸ ਸੰਬੰਧੀ ਕੋਈ ਸੰਤੋਖ-ਜਨਕ ਸੁਝਾ ਨਹੀਂ ਮਿਲਦੇ। ਕੁਝ ਇਕ ਅੰਗਰੇਜ਼ ਜਾਂ ਅਮਰੀਕਨ ਸੈਲਾਨੀਆਂ ਅਤੇ ਸਮਿੱਥ ਆਦਿ ਨੇ ਜਿਹੜੇ ਅਨੁਮਾਨ ਲਾਏ ਹਨ, ਉਨ੍ਹਾਂ ਦਾ ਆਧਾਰ ਵੀ ਪੂਰਨ ਤੌਰ 'ਤੇ ਵਿਗਿਆਨਕ ਨਹੀਂ। ਪਰ ਇਹ ਗੱਲ ਪਰਤੱਖ ਹੈ ਕਿ ਇਨ੍ਹਾਂ ਗੁੱਜਰਾਂ ਦਾ ਸੰਬੰਧ ਕਿਸੇ ਨਾ ਕਿਸੇ ਵੇਲੇ ਜ਼ਰੂਰ ਉਨ੍ਹਾਂ ਪਿਤਰੀ ਕਬੀਲਿਆਂ ਨਾਲ ਰਿਹਾ ਹੋਵੇਗਾ ਜਿਹੜੇ, ਕਦੀ ਇਕ ਮੌਕੇ 'ਤੇ ਕਿਸੇ ਇਕ ਸਥਾਨ 'ਤੇ ਵਸੇ ਹੋਏ ਸਨ। ਉਹ ਆਪੋ ਆਪਣੇ ਘਰਾਂ ਨੂੰ ਤਿਆਗ ਕੇ ਜਾਂ ਤਾਂ ਰਾਜਸੀ ਜੁਗ-ਗਰਦੀਆਂ ਕਾਰਨ ਪਹਾੜਾਂ ਵਲ ਨੂੰ ਉਠ ਨਸੇ ਜਾਂ ਆਬਾਦੀ ਦੀ ਕਿਸੇ ਇਲਾਕੇ ਵਿਚ ਬਹੁਤਾਤ ਕਾਰਨ ਭੁਖਮਰੀ ਦਾ ਸ਼ਿਕਾਰ ਹੋਏ ਹੋਏ ਪਹਾੜਾਂ ਜਾਂ ਹੋਰ ਸੁਰਖਿਅਤ ਥਾਵਾਂ 'ਤੇ ਉਠ ਨਸੇ ਹੋਣ। ਅੱਜ ਤੀਕ ਦੇ ਮਿਲੇ ਆਧਾਰਾਂ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਲੋਕ ਅੱਜ ਤੋਂ ਲਗ ਪਗ ਇਕ ਹਜ਼ਾਰ ਸਾਲ ਪਹਿਲਾਂ ਪੰਜਾਬ ਤੇ ਰਾਜਸਥਾਨ ਵਿਚ ਬੜੀਆਂ ਵਿਸ਼ਾਲ ਹਕੂਮਤਾਂ ਦੇ ਮਾਲਕ ਸਨ। ਹੌਲੀ ਹੌਲੀ ਉਨ੍ਹਾਂ ਦੀ ਤਾਕਤ ਆਪਸੀ ਦੁਫੇੜਾਂ ਅਤੇ ਬਦੇਸ਼ੀ ਹਮਲਿਆਂ ਕਾਰਨ ਨਿਘਰਦੀ ਗਈ ਅਤੇ ਰਾਜਸੀ ਤੌਰ 'ਤੇ ਪਤਨ ਵਲ ਨੂੰ ਜਾਂਦੀ ਹੋਈ ਕੌਮ ਮੁਗ਼ਲ ਰਾਜ ਦੀਆਂ ਚੜ੍ਹਦੀਆਂ ਕਲਾਂ ਅੱਗੇ ਦਮ ਤੋੜ ਗਈ। ਆਰੰਭ ਵਿਚ

ਤਾਂ ਇਹ ਹਿੰਦੂ ਮੱਤ ਦੇ ਅਨੁਆਈ ਸਨ, ਪਰ ਇਸ ਗੱਲ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਿਆ ਕਿ ਕਿਵੇਂ ਇੱਕ-ਦਮ ਕਸ਼ਮੀਰ ਦੇ ਗੁੱਜਰ ਸਾਰੇ ਦੇ ਸਾਰੇ ਮੁਸਲਮਾਨ ਹੋ ਗਏ।

ਗੁੱਜਰਾਂ ਦੀ ਬੋਲੀ ਦੀ ਪੂਰਵਜ ਬੋਲੀ ਨੂੰ ਭਾਵੇਂ ਮੇਵਾੜੀ ਕਹੀਏ ਜਾਂ ਮੇਵਾਤੀ ਜਾਂ ਰਾਜਸਥਾਨੀ ਦਾ ਕੋਈ ਰੂਪ, ਪਰ ਜਿਹੜੀ ਗੁੱਜਰੀ, ਕਸ਼ਮੀਰ ਦੇ ਗੁੱਜਰਾਂ ਵਿਚ ਪਰਚੱਲਤ ਹੈ, ਨਿਰਸੰਦੇਹ ਉਸ ਦਾ ਝੁਕਾ ਪੰਜਾਬੀ (ਪਹਾੜੀ ਪੰਜਾਬੀ) ਵਾਲਾ ਹੈ। ਇਹ ਤਾਂ ਹੀ ਸੰਭਵ ਸੀ, ਜੇਕਰ ਉਨ੍ਹਾਂ ਲੋਕਾਂ ਦੇ ਆਲੇ-ਦੁਆਲੇ ਸਮੂਹ ਆਬਾਦੀ ਵਿਚ ਇਕ ਅਜੇਹੀ ਜ਼ਬਾਨ, ਮਾਣ-ਪ੍ਰਾਪਤ ਬੋਲੀ ਦੇ ਤੌਰ 'ਤੇ ਲੋਕਾਂ ਵਿੱਚ, ਰੋਜ਼ ਬਰੋਜ਼ ਦੇ ਆਦਾਨ-ਪਰਦਾਨ ਲਈ ਵਰਤੀ ਜਾਂਦੀ ਸੀ। 1921 ਦੀ ਮਰਦਮ-ਸ਼ੁਮਾਰੀ ਅਨੁਸਾਰ ਜੰਮੂ ਕਸ਼ਮੀਰ ਰਿਆਸਤ ਵਿਚ ਕਸ਼ਮੀਰੀ ਅਤੇ ਹੋਰ ਦਾਰਦਕ ਬੋਲੀਆਂ ਦੇ ਇਲਾਕਿਆਂ ਨੂੰ ਛੱਡ ਕੇ ਸਾਰੇ ਪਾਸਿਆਂ ਦੀ ਬੋਲੀ ਹੀ ਪੰਜਾਬੀ 'ਲਿੰਗੂਆ ਫਰੈਂਕਾ' ਦੇ ਰੂਪ ਵਿਚ ਵਰਤੀ ਜਾਂਦੀ ਸੀ। ਮਿਲੇ ਨਮੂਨਿਆਂ ਦੇ ਆਧਾਰ 'ਤੇ ਇਸ ਬੋਲੀ ਵਿਚ ਦੂਰੋਂ ਪਾਰੋਂ ਖਿੱਚ ਧੂ ਕੇ ਇਸ ਨੂੰ ਪੰਜਾਬੀ ਨਹੀਂ ਸਿੱਧ ਕੀਤਾ ਗਿਆ ਸਗੋਂ, ਨਿਰੋਲ ਵਿਗਿਆਨਕ ਤਰੀਕਿਆਂ ਨਾਲ ਕੀਤੇ ਅਧਿਐਨ ਤੋਂ ਬਾਦ ਦਿੱਤੀ ਰਾਏ ਇਹ ਹੈ ਕਿ ਧੁਨੀ-ਸਮੂਹ, ਸ਼ਬਦ-ਬਣਤਰ ਅਤੇ ਵਾਕ-ਜੁਗਤ ਦੇ ਸਮੂਹ ਢੰਗਾਂ ਦੀ ਜਿੰਨੀ ਨੇੜਤਾ, ਗੁੱਜਰੀ ਅਤੇ ਪੰਜਾਬੀ ਦੀ ਹੈ, ਉਨੀ ਗੁੱਜਰੀ ਤੇ ਰਾਜਸਥਾਨੀ ਦੀ ਨਹੀਂ। ਕੁੱਝ ਕੁ ਸ਼ਬਦਾਂ ਵਿਚ ਓ-ਅੰਤਕ ਰੂਪਾਂ ਦਾ ਹੋਣਾ ਹੀ ਇਸ ਬੋਲੀ ਨੂੰ ਰਾਜਸਥਾਨੀ ਨਹੀਂ ਬਣਾ ਸਕਦਾ। ਜਾਰਜ ਗ੍ਰੀਅਰਸਨ ਨੇ ਵੀ ਆਪਣੇ ਭਾਸ਼ਾ ਸਰਵੇ ਵਿਚ ਇਸ ਬੋਲੀ ਨੂੰ ਰਾਜਸਥਾਨੀ ਕਿਹਾ ਹੈ। ਪਰ ਇਹ ਵਿਚਾਰ ਠੀਕ ਨਹੀਂ। ਸਮਾਜਕ ਤੌਰ 'ਤੇ ਵੀ ਜ਼ਰੂਰੀ ਸੀ ਕਿ ਗੁੱਜਰ ਲੋਕ ਜਿਸ ਇਲਾਕੇ ਵਿਚ ਵਸਦੇ, ਉਸੇ ਇਲਾਕੇ ਦੀ ਬੋਲੀ ਦੇ ਅਸਰ ਹੇਠ ਪਰਮੁਖ ਤੌਰ 'ਤੇ ਹੁੰਦੇ। ਪਰ ਵੇਖਿਆ ਇਹ ਗਿਆ ਹੈ ਕਿ ਗੁਲਮਰਗ, ਕਾਗਾਨ, ਪਹਿਲਗਾਮ ਅਤੇ ਬਾਕੀ ਦੇ ਕਸ਼ਮੀਰੀ ਬੋਲਦ ਇਲਾਕਿਆਂ ਦੀ ਗੁੱਜਰੀ ਵਿਚ ਵੀ ਪੰਜਾਬੀ-ਪੁਣਾ ਉਸੇ ਮਿਕਦਾਰ ਵਿੱਚ ਮੌਜੂਦ ਹੈ, ਜਿਸ ਮਿਕਦਾਰ ਵਿਚ ਡੋਗਰੀ ਅਤੇ ਪੁਣਛੀ ਦੇ ਇਲਾਕਿਆਂ ਵਿੱਚ। ਇਹ ਕਿਹਾ ਜਾ ਸਕਦਾ ਹੈ ਕਿ, ਇਹ ਲੋਕ ਸਰਦੀਆਂ ਵਿਚ ਆਪਣੇ ਮਾਲ ਡੰਗਰਾਂ ਸਣੇ ਪੰਜਾਬ ਦੇ ਮੈਦਾਨਾਂ ਵਿਚ ਆਉਂਦੇ ਹਨ ਅਤੇ ਇਸ ਲਈ ਇਨ੍ਹਾਂ ਨੇ ਅਸਰ ਕਬੂਲੇ ਹੋਣਗੇ। ਇਹ ਕਿਸੇ ਹੱਦ ਤੀਕ ਠੀਕ ਹੈ, ਪਰ ਸਮਾਜੀ ਅਤੇ ਭਾਸ਼ਾਈ ਕਾਰਨਾਂ ਕਰ ਕੇ, ਇਨ੍ਹਾਂ ਗੁੱਜਰਾਂ ਨੇ, ਪੰਜਾਬੀ ਦੀਆਂ ਲਗ ਪਗ ਸਾਰੀਆਂ ਧੁਨੀ-ਸਿਫ਼ਤਾਂ ਅਤੇ ਹੋਰ ਵਿਆਕਰਣਕ ਸਿਫ਼ਤਾਂ ਨੂੰ ਇਕੋ ਵੇਰ ਸਮੂਹ ਇਲਾਕੇ ਵਿਚ ਕਬੂਲਿਆ ਹੈ, ਤਾਂ ਇਹ ਵਿਚਾਰ ਜ਼ਰੂਰ ਜ਼ੋਰ ਫੜਦਾ ਹੈ ਕਿ ਕੁੱਝ ਕਬੀਲੇ ਪੰਜਾਬੋਂ ਅਤੇ ਬਾਕੀ ਕੁੱਝ ਕਬੀਲੇ ਰਾਜਸਥਾਨ ਦੇ ਕੁੱਝ ਇਲਾਕਿਆਂ ਵਿਚੋਂ ਆ ਕੇ ਵੱਸੇ ਹੋਣਗੇ ਪਰ ਉਨ੍ਹਾਂ ਦੀ ਬੋਲੀ ਦਾ ਝੁਕਾ ਅਵਸ਼ ਹੀ ਪੰਜਾਬੀ-ਮੁਖਾ ਹੈ।

(1) ਧੁਨੀ-ਵਿਚਾਰ

ਗੁੱਜਰੀ ਬੋਲੀ ਵਿਚ ਮੂਰਧਨੀ /ਲ/ ਧੁਨੀ ਦਾ ਉਚਾਰਨ ਪੰਜਾਬੀ ਦੀ ਮਾਝੀ ਉਪ-ਭਾਸ਼ਾ ਜਾਂ ਕਾਂਗੜੀ ਉਪ-ਭਾਸ਼ਾ ਵਾਂਙ ਹੁੰਦਾ ਹੈ ਜਿਵੇਂ /ਨਾਲ/, /ਭਾਲ/, /ਨੋਲ/ ਆਦਿ ਸ਼ਬਦਾਂ ਵਿਚ।

ਗੁੱਜਰੀ ਵਿਚ ਲਗ ਪਗ ਉਹ ਸਾਰੀਆਂ ਧੁਨੀਆਂ ਮੌਜੂਦ ਹਨ ਜਿਹੜੀਆਂ ਕੇਂਦਰੀ ਪੰਜਾਬੀ ਵਿਚ ਹਨ। ਕਿਉਂਕਿ ਗੁੱਜਰ ਲੋਕਾਂ ਦਾ ਇਸਲਾਮ ਨਾਲ ਸੰਬੰਧ ਹੈ। ਇਸ ਕਰ ਕੇ ਇਨ੍ਹਾਂ

ਦੀਆਂ ਸਾਹਿਤਕ ਅਤੇ ਧਾਰਮਕ ਬੋਲੀਆਂ ਉਰਦੂ, ਅਰਬੀ, ਫ਼ਾਰਸੀ ਦਿਆਂ ਸ਼ਬਦਾਂ ਦਾ ਆਉਣਾ ਅਤੇ ਨਾਲ ਹੀ ਉਨ੍ਹਾਂ ਬੋਲੀਆਂ ਦੀਆਂ ਧੁਨੀਆਂ ਦਾ ਪਰਵੇਸ਼ ਕਰਨਾ ਇਕ ਕੁਦਰਤੀ ਗੱਲ ਹੈ। ਮਿਸਾਲ ਲਈ /ਗ਼/, /ਜ਼/, ਜਾਂ /ਯ/ ਧੁਨੀਆਂ ਦੀ ਵਰਤੋਂ ਗੁੱਜਰੀ ਵਿਚ ਪੰਜਾਬੀ ਆਦ ਨਾਲੋਂ ਵਧੇਰੀ ਹੈ।

ਪੰਜਾਬੀ ਵਾਂਙ ਗੁੱਜਰੀ ਬੋਲੀ ਵਿਚ ਹੇਠ ਲਿਖੇ ਸ਼ਬਦਾਂ ਵਿਚ ਜਿਥੇ ਹ੍ਰਸ੍ਵ ਸੁਰ ਵਰਤਿਆ ਜਾਂਦਾ ਹੈ, ਉਥੇ ਹਿੰਦੀ, ਉਰਦੂ ਆਦਿ ਵਿਚ ਦੀਰਘ ਸੁਵੱਰ ਵਰਤਿਆ ਜਾਂਦਾ ਹੈ :—

ਹੱਥ, ਕੰਨ, ਨਕ, ਨਿੱਕਾ, ਲਤ, ਅਖ, ਕਿੱਲਾ,

ਹਿੰਦੀ ਦੇ ਵਿਚਲੇ 'ਸ' ਵਾਲੇ ਸ਼ਬਦ ਗੁੱਜਰੀ ਵਿਚ /ਹ/ ਨਾਲ ਬੋਲੇ ਜਾਂਦੇ ਹਨ :-ਜਿਵੇਂ

ਸਾਂਸ	-ਸਾਹ
ਬਿਸਵਾਸ	-ਬਸਾਹ
ਪੋਸ਼	-ਪੋਹ
ਘਾਸ	-ਘਾਹ
ਤੀਸ	-ਤ੍ਰੀਹ
ਬੀਸ	-ਬੀਹ
ਮੂਸਲ	-ਮੋਹਲੋ

ਪੁਣਛ ਅਤੇ ਰਾਜੌਰੀ ਆਦਿ ਦੇ ਗੁੱਜਰਾਂ ਦੀ ਬੋਲੀ ਵਿਚ ਪੰਜਾਬੀ ਵਾਂਙ ਤਿੰਨ ਟੋਨਾਂ; ਉੱਚੀ, ਨੀਵੀਂ ਅਤੇ ਮੱਝਲੀ, ਹੂ-ਬ-ਹੂ ਉਸੇ ਰੂਪ ਅਤੇ ਉਨ੍ਹਾਂ ਹੀ ਅਰਥਾਂ ਵਿਚ ਹੀ ਵਰਤੀਆਂ ਜਾਂਦੀਆਂ ਹਨ। ਜਿਵੇਂ ਭ, ਘ, ਝ, ਧ, ਢ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਵਿਚ ਕ੍ਰਮਵਾਰ ਪ, ਕ, ਚ, ਤ, ਤੇ ਦ ਤੋਂ ਅੱਗੋਂ ਬੋਲੇ ਜਾਣ ਵਾਲੇ ਸਵੱਰ ਉਪਰ ਨੀਵੀਂ ਸੁਰ ਦਾ ਬੋਲਿਆ ਜਾਣਾ ਅਤੇ ਮੱਝਲੀ ਸਥਿੱਤੀ ਵਿੱਚ ਬ, ਗ, ਜ, ਦ, ਡ, ਤੋਂ ਪਹਿਲਾਂ ਆਉਂਦੇ ਸਵੱਰਾਂ ਉਪਰ ਉੱਚੀ ਸੁਰ ਦਾ ਬੋਲਣਾ।

ਉੱਚੀ ਸੁਰ ਵਾਲੇ ਸ਼ਬਦ :—ਭਰਾਂ, ਧਰੀ, ਢਾਈ, ਰੋਟੀ, ਘੜੀ ਘੋੜੀ, ਭੈਣ, ਝੋਟੀ, ਝਖੜ, ਘਿਉ, ਭਾਵੇਂ, ਝਬ (ਛੇਤੀ) ਭੌਰ, ਝੁੰਮਣ, ਘੁੱਗੀ, ਝੜ (ਨਾ) ਘਾਟੋ (ਘਾਟਾ) ਭੁਲ, ਭਾਂਡੋ (ਭਾਂਡਾ) ਭੁਲਨੋ, ਭੁਲਿਆ, ਧੁਰੋਂ, ਘੋਲ, ਢੰਗ, ਭੈੜੀ, ਘਾਬਰ, ਢਾਕਾ, ਢੋਲਾ, ਧੁਪ, ਝੂਠ, ਭਾਦਰੋਂ।

ਨੀਵੀ ਸੁਰ ਵਾਲੇ ਸ਼ਬਦ :—ਡਾਢੋ, ਲੱਭੇ, ਲੰਘ ਚਲੇ, ਬਾਝ, ਸਮਝ, ਸਭ, ਗੁੱਝੀ, ਦੁਧ, ਕਢ, ਖੁੰਝੀ, ਬੁੱਢੀ ਆਂਢ-ਗੁ-ਆਂਢ।

ਇਨ੍ਹਾਂ ਤੋਂ ਇਲਾਵਾ ਹੇਠਾਂ ਦਿੱਤੇ ਸ਼ਬਦਾਂ ਵਿਚ ਪੰਜਾਬੀ ਵਾਂਙ ਹੀ ਨੀਵੀਂ ਸੁਰ ਵਰਤੀ ਜਾਂਦੀ ਹੈ, ਭਾਵੇਂ ਉਥੇ ਇਨ੍ਹਾਂ ਪੰਜਾਂ ਵਰਣਾਂ ਵਿਚੋਂ ਕੋਈ ਵੀ ਹੋਵੇ ਜਾਂ ਨਾਂਹ :—

ਮੀਠਾ, ਸਮ੍ਹਾਲ, ਹਜਾਰ, ਬੁਝਾਏ, ਮੁਹੱਬਤ, ਮ੍ਹੈਸਾਂ, ਕਢਾਣ, ਥ੍ਹਾਰੋ।

ਹੇਠਾਂ ਕੁਝ ਸ਼ਬਦ ਅਸੀਂ ਦੇਂਦੇ ਹਾਂ ਜਿਨ੍ਹਾਂ ਵਿਚ ਹਿੰਦੀ ਉਰਦੂ ਅਤੇ ਰਾਜਸਥਾਨੀ ਆਦਿ

ਵਿਚ ਤਾਂ ਭਾਵੇਂ /ਹ/ ਧੁਨੀ ਵਰਤੀ ਜਾਂਦੀ ਹੈ, ਪਰ ਗੁੱਜਰੀ ਵਿੱਚ ਪੁਣਛੀ, ਡੋਗਰੀ ਜਾਂ ਕੇਂਦਰੀ ਪੰਜਾਬੀ ਵਾਂਙ ਪੂਰਨ ਤੌਰ 'ਤੇ ਉੱਚੀ ਸੁਰ ਵਰਤੀ ਜਾਂਦੀ ਹੈ। ਜਿਵੇਂ :—

ਬਾਹਰ, ਬਿਹੜੋ, ਡਾਹਡਾ, ਬਹਿਲੋ, ਤ੍ਰੀਹ, ਬੀਹ, ਪੀਹੜੀ, ਵਾਹਦੋ (ਵਾਹਦਾ) ਉਹ, ਪਹਿਲਾਂ, ਉਨ੍ਹਾਂ, ਨੀਂਹ, ਜਿਹੜੀ, ਥੋਹੜਾ, ਰਿਹੋ, ਗਾਹਲ, ਕਹਿਣ, ਚਾਹੜ, ਬਾਹਰਾਂ, ਤੇਹਰਾਂ, ਚੋਹਵੀਆਂ, ਸਾਹ, ਬਸਾਹ, ਉਹਲੈ, ਦੀਂਹ, ਸਹਿਕਾਂ, ਰਾਹ, ਖੋਹਲ, ਦੇਹ, ਨਹਿਰਾਂ।

ਗੁੱਜਰੀ ਦਿਆਂ ਇਨ੍ਹਾਂ ਉਪਰ ਦੱਸੇ ਸ਼ਬਦਾਂ ਦੀ ਸਮੁਚੀ ਏਕਤਾ ਪੰਜਾਬੀ ਧੁਨੀ-ਸਮੂਹ ਨਾਲ ਹੈ, ਨਾ ਕਿ ਰਾਜਸਥਾਨੀ ਜਾਂ ਹਿੰਦੀ-ਉਰਦੂ ਜਾਂ ਕਿਸੇ ਹੋਰ ਬੋਲੀ ਨਾਲ। ਟੋਨ ਇਕ ਅਜੇਹਾ ਅੰਗ ਹੈ ਜਿਹੜਾ ਪੰਜਾਬੀ ਅਤੇ ਇਸ ਨਾਲ ਸਬੰਧਤ ਬੋਲੀਆਂ ਨੂੰ ਭਾਰਤ ਦੀਆਂ ਹੋਰਨਾਂ ਬੋਲੀਆਂ ਨਾਲੋਂ ਨਿਖੇੜਦਾ ਹੈ।

(2) ਸ਼ਬਦ ਵਿਚਾਰ

ਹੁਣ ਅਸੀਂ ਕੁਝ ਸ਼ਬਦ ਲੈਂਦੇ ਹਾਂ ਜਿਨ੍ਹਾਂ ਦੀ ਪੰਜਾਬੀ ਨਾਲ ਸਾਂਝ ਇਨ੍ਹਾਂ ਦੇ ਮੂਲ ਰੂਪਾਂ ਤੋਂ ਸਿੱਧ ਹੋ ਜਾਂਦੀ ਹੈ :—

ਨਾਂਵ : —ਕੁੜੀਏ, ਧੀਏ, ਕੁੜੀਓ, ਧੀ, ਢਿਡ, ਭੈਣ, ਭਰਾ, ਸਹੁਰਾ, ਕੋਠੇ, ਬਿਹੜੈ, ਸਿਆਲ, ਬਸਾਖ, ਰੋਣ, ਚੰਨ, ਉਡੀਕ, ਮ੍ਹੈਸਾਂ, ਬੇਲਾ, ਪਤਰੀਓ, ਕੱਟਾ, ਕੱਟੀਆਂ, ਜਾਗਤਾਂ, ਡੂਮਣੀ, ਕਿੱਲਾ, ਬੁੱਢੀ, ਮੁਹਾਰ, ਘੋੜੀ, ਲੁੰਗੀ, ਤਾਂਘ, ਗਲ, ਢੋਲਾ, ਗੁਗਲ ਧੂਪ, ਖੇਡ, ਦੁਧ ਪੁਤ ਥੋੜ, ਘਰ, ਬੱਤੀਆਂ, ਭੁਖ, ਤਰੇਹ, ਝੋਲੀ, ਆਂਢ ਗੁਆਂਢ, ਤੰਗ ਜੁੱਤੀ, ਬਗਦੋ ਪਾਣੀ, ਲਿੱਸੀ ਝੋਟੀ, ਸਕੀ ਭੈਣ, ਡਾਹਡੀ ਲੋੜ, ਬਸਾਹ, ਮੂੰਹ, ਹੱਥ, ਪੈਰ, ਖੁਰ, ਨੱਕ, ਲੱਤ, ਗੱਡੀ, ਘੁਗੀ, ਘਾਟੋ, (ਘਾਟਾ) ਸੂਤੜੀ, ਮੰਜੀ, ਗਲਨੀ, ਪੀਹੜੀ, ਮ੍ਹੈਸ, ਚਿਰ, ਖਾਣ ਪੀਣ, ਅੱਖ, ਬਾਹਮਣ, ਨਾਈ, ਦੁਖਿਆ ਦਿਲ।

ਵਿਸ਼ੇਸ਼ਣ :—ਚੰਗੋ, ਮੰਦੋ, ਭੈੜੀ, ਲਿੱਸੀ, ਨਿੱਕੋ, ਨਿੱਕੀ, ਚਿੱਟੀ, ਸਿਆਣੀ, ਸਿਆਣੇ, ਇੰਨਾ, ਇੰਨੀਂ ਤੰਗ ਜੁੱਤੀ, ਚਿੱਟੋ, ਕਾਲੀਆਂ, ਪੰਜ, ਸਤ, ਅੱਠ, ਤ੍ਰੀਹ, ਦੂਜੀ, ਤ੍ਰੀਜੀ, ਉੱਚੋ ਨੱਕੋ, ਦੋਹਾਂ, ਚੰਨ ਜਿਹੋ (ਪੁੱਤ) ਸੋਹਣੀ, ਸੋਹਣੀਆਂ, ਬੀਹ।

ਕਿਰਿਆ ਵਿਸ਼ੇਸ਼ਣ :—ਅਝਾਂ (ਅਜੇ) ਕਿਤ, ਅਜ, ਕਦੇ, ਸਾਹਮਣੇ, ਬਿਚ ਮੁਢੋਂ, ਫੇਰ, ਹਰ ਪਾਸੇ, ਤਰਫੋਂ, ਝਬ ਆ ਜਾਏਂਗਾ, ਜਿਤਨੀ, ਕਿਤਨੀ, ਜਹੀ, ਹੌਲੇਂ ਹੌਲੇਂ, ਦਾਰ (ਵਲ)।

ਕਿਰਿਆ ਅਤੇ ਕਿਰਿਆ ਮੂਲਕ ਵਾਕ ਅੰਸ਼ :—ਖੋਹਲ ਦਸੂੰ, ਰੋਣ ਲਿਖਿਉ, ਬਛਾਈ ਹੋਈ, ਨਿਕਲ ਕੇ ਆਈ ਹੋਈ ਹੈ, ਉਲਨੋ, ਹੋਇਓ, ਅੱਲਾ ਸੁਣੇ, ਖਿਜ਼ਾਂ ਲੱਭੇ, ਬਣ ਕੇ, ਆ ਕੇ, ਖਾ ਕੇ, ਰੋ ਕੇ, ਲੰਘ ਚਲੇ, ਚਮਕ ਕੇ, ਆ ਕੇ, ਮਰ ਗਿਆ ਤਾਂ ਆਵਨ ਦਰਕਾਰ ਕੋਈ ਨਹੀਂ, ਐਵੇਂ ਸਮਝ ਇਸ ਨਾ ਵਫ਼ਾਦਾਰ ਬੈਠਾ, ਭੁਲਿਆ, ਫੇਰੋ ਮਾਰ ਆਵੈ, ਫਿਰ ਟੁਰ ਕੇ, ਸੁਨਣ ਮਨਣ, ਮੁਹੱਬਤ ਕੋ ਕੰਮ ਨਹੀਂ ਹੈ, ਜ਼ਬੀਹ ਕਿਸ ਤਰ੍ਹਾਂ ਦੇ ਹਟਾਏ ਕੋਈ / ਜ਼ੁਲਮ ਕੀਉ ਅਪਨੇ ਉਪਰ ਆਪੇ ਫੱਸਿਆ, ਭੁਲਿਆ, ਭੁਲ ਕੇ, ਰਾਹ ਤਕਤਾ

ਰਿਹੋ, ਉਡੀਕਤਾ ਰਿਹੋ, ਦਸ ਜਾ, ਨਿਖੜਿਉ ਕੌਣ, ਕੌਣ ਮੋੜੇ, ਉਨ੍ਹਾਂ ਖੋਹਲ ਸੁਨਾ ਆਏ, ਦਿੱਤੀ ਉਡੇ ਨਾਲ ਲੈ ਕੇ, ਦਿਸੇ, ਬੀਤਿਆ (ਵਕਤ) ਲਭਤਾ ਨਹੀਂ, ਬੇਲੋ ਨਾਂਹ ਲੰਘਾ ਬੇਕਾਰ ਐਵੇਂ, ਖਿੰਡਿਆ, ਭੁਲਣ ਦੇਹ, ਗੁਜ਼ਾਰਨ ਦੇਹ, ਬਸਾਰਨ ਦੇਹ, ਮੌਲਣ ਦੇਹ, ਸੁੰਘਣ ਦੇਹ, ਫੇਰ ਮਿਲੀਏ ਜੇ ਮਿਲਾਵੇ, ਰੱਜ ਰੱਜ ਗਲ ਲੱਗ ਮਿਲੀਏ, ਜੋੜਨ, ਦਿੱਤੀ, ਦਿਤੀਆਂ, ਦਸਿਉ, ਦਿੱਤੋ, (ਨੌਕਰੀ) ਦਿੱਤੀ, ਅੰਦਰ ਠੋਕਿਆ, ਛੋੜ ਦਿੱਤੀ, ਛੋੜ ਦਿੱਤਾ, ਹਸਣਾ, ਖੋਹਲ ਅੱਖ ਤੇ ਹੋ ਹੁਸ਼ਿਆਰ ਗੁੱਜਰ, ਗਲਨੀ ਮਾਂ ਦੁਧ ਰਿੜਕੈ, ਰੋਣ ਲਗ ਜਾਐ ।

ਵਿਆਕਰਣ:—(1) ਗੁੱਜਰੀ ਵਿਚ ਪੰਜਾਬੀ ਵਾਲੇ ਆ-ਅੰਤਕ ਪੁਲਿੰਗ ਨਾਵਾਂ ਦੇ ਰੂਪ ਓ-ਅੰਤਕ ਹੁੰਦੇ ਹਨ ਪਰ ਸਾਰਿਆਂ ਦੇ ਨਹੀਂ ਜਿਵੇਂ :—

ਭਾਂਡਾ -ਭਾਂਡੋ, ਘਾਟਾ-ਘਾਟੋ
ਮੰਜਾ -ਮੰਜੋ
ਕੋਠਾ -ਕੋਠੋ
ਝੋਟਾ -ਝੋਟੋ ਆਦਿ ਵਿਚ ਤਾਂ /ਓ/ ਲਾਇਆ ਗਿਆ ਹੈ, ਪਰ ਭਰਾ, ਸਹੁਰਾ, ਕੱਟਾ, ਕਿੱਲਾ, ਬੇਲਾ ਵਿਚ/ਆ/ ਹੀ ਰਿਹਾ ਹੈ ।

(2) ਇਨ੍ਹਾਂ ਸ਼ਬਦਾਂ ਦੇ ਬਹੁ-ਬਚਨ ਵਿਕਾਰੀ ਰੂਪਾਂ ਲਈ /ਅ/ ਦੇ ਅੱਗੇ ਬਿੰਦੀ ਲਾ ਕੇ /ਆਂ/ਉਚਾਰਿਆ ਜਾਂਦਾ ਹੈ ਜਿਵੇਂ :—

ਭੱਰਾਂ, ਸਹੁਰਾ, ਭਾਂਡਾਂ, ਕੋਠਾਂ, ਝੋਟਾਂ ।

ਮੁਕਤਾ-ਅੰਤਕ ਪੁਲਿੰਗ ਨਾਵਾਂ ਦੇ ਬਹੁ-ਵਚਨ ਬਣਾਉਣ ਦੇ ਨੇਮ ਵੀ ਪੰਜਾਬੀ ਵਾਂਗ ਹੀ ਹਨ। ਉਨ੍ਹਾਂ ਨਾਲ /ਆਂ/ ਲਗਾ ਕੇ ਬੋਲਿਆਂ ਜਾਂਦਾ ਹੈ ਜਿਵੇਂ :—

ਕੰਨ -ਕੰਨਾਂ
ਢਿੱਡ -ਢਿੱਡਾਂ
ਹੱਥ -ਹੱਥਾਂ
ਘਰ -ਘਰਾਂ
ਪੈਰ -ਪੈਰਾਂ

(4) ਏਸੇ ਤਰ੍ਹਾਂ ਈ-ਅੰਤਕ ਪੁਲਿੰਗ ਅਤੇ ਇਸਤਰੀ ਲਿੰਗ ਵਿਕਾਰੀ ਬਹੁ-ਬਚਨ ਨਾਵਾਂ ਵਿਚ ਕੇਵਲ /ਈਂ/ ਲਗਾਇਆ ਜਾਂਦਾ ਹੈ ਜਿਵੇਂ ਮੱਝੀਂ, ਕੁੜੀਂ, ਚਿੱਟੀਂ, ਜੁੱਤੀ, ਜਾਂ ਜੁੱਤੀਆਂ ।

(5) ਮੁਕਤਾ-ਅੰਤਕ ਇਸਤਰੀ ਲਿੰਗ ਨਾਵਾਂ ਦੇ ਵਿਕਾਰੀ ਬਹੁ-ਵਚਨ ਰੂਪਾਂ ਵਿਚ ਕੇਵਲ /ਆਂ/ ਲਾਇਆ ਜਾਂਦਾ ਹੈ ਜਿਵੇਂ :—

ਅੱਖ-ਅੱਖਾਂ, ਛੇੜ-ਛੇੜਾਂ, ਭੈਣ-ਭੈਣਾਂ, ਤਾਂਘ-ਤਾਂਘਾਂ, ਗੱਲ-ਗੱਲਾਂ, ਲੱਤ-ਲੱਤਾਂ ।

(6) ਨਾਂਵਾਂ ਵਾਂਙ ਹੀ ਵਿਸ਼ੇਸ਼ਣਾਂ ਅਤੇ ਕਿਰਿਆਵਾਂ ਵਿਚ ਵੀ ਬਹੁ-ਵਚਨ ਰੂਪ ਬਣਾਉਣ ਦੇ ਨਿਯਮ ਹਨ ਜਿਵੇਂ :—

ਚੰਗਾ-ਚੰਗੋ-ਚੰਗਾਂ

ਬਹਿਲਾ-ਬਹਿਲੋ-ਬਹਿਲਾਂ

ਚੰਗੀ-ਚੰਗੀਆਂ ਜਾਂ ਚੰਗੀਂ

ਬਹਿਲੀ-ਬਹਿਲੀਂ ਜਾਂ ਬਹਿਲੀਆਂ,

ਹੌਲੀ-ਹੌਲੀ ਜਾਂ ਹੌਲੀਆਂ ।

(7) ਭੂਤ ਕਾਰਦੰਤਕ ਕਿਰਿਆਵਾਂ ਦੇ ਰੂਪ ਦੋ ਪ੍ਰਕਾਰ ਦੇ ਹਨ :—

ਤਾ//ਜਾਂ//ਤੋ// ਅੰਤਿਕ ਅਤੇ /ਈਓ/ ਅੰਤਕ । ਜਿਵੇਂ ਕੀਤੋ, ਕੀਉ, ਪੀਤੋ, ਪੀਉ ਦੋਵੇਂ ਪਰਚੱਲਤ ਹਨ ।

ਪਰ ਰਿੰਨ-ਰਿੰਨੀਆਂ, ਗੁਨ੍ਹ-ਗੁੰਨਿਆਂ, ਖਾ-ਖਾਧੋ, ਨੱਸ-ਨੱਸਿਆ, ਸੌ-ਸੁੱਤੋ ।

(8) ਅਪੂਰਨ ਕਿਰਿਆ ਬੋਧਿਕ ਕਾਰਦੰਤਕ ਦਾ ਰੂਪ ਪੰਜਾਬੀ ਦੇ ਵਰਤਮਾਨ ਕਾਰਦੰਤਕ ਨਾਲ 'ਇਆਂ' ਪ੍ਰਤਿਆ ਲਾ ਕੇ ਬਣਾਇਆ ਜਾਂਦਾ ਹੈ :—

ਖਾ -ਖਾਂਦਿਆਂ

ਰੋ -ਰੋਂਦਿਆਂ

ਵੇਖ -ਵੇਖਦਿਆਂ

ਕਢ -ਕਢਦਿਆਂ

(9) ਗੁੱਜਰੀ ਵਿਚ ਸੰਬੰਧਕੀ ਰੂਪ ਕੁਝ ਭਿੰਨ ਹਨ । ਜਿਵੇਂ ਦਾ, ਦੇ, ਦੀ, ਦੀਆਂ ਦੀ ਥਾਂ, ਕਾ, ਕੋ, ਕੀ, ਕੀਆਂ ਜਾਂ ਗਾ, ਗੋ, ਗੀ, ਗੀਆਂ ਵਰਤਿਆ ਜਾਂਦਾ ਹੈ । ਹੋਰ ਸੰਬੰਧੀਆਂ ਵਿਚੋਂ 'ਨੂੰ' ਦੀ ਥਾਂ 'ਨਾ' ਵਰਤਿਆ ਜਾਂਦਾਂ ਹੈ, ਪਰ ਨਾਲ, ਵਿਚ, ਉੱਪਰ, ਤੋਂ, ਉੱਪਰੋਂ, ਕੋਠੋਂ, ਥਲੋਂ ਬੁਨ੍ਹਾਂ ਥੀਂ, ਉਸ ਤੇ, ਇਸ ਥੀਂ ਆਦਿ ਸਾਰੇ ਰੂਪ ਪੰਜਾਬੀ ਨਾਲ ਸਾਂਝੇ ਹਨ ।

(10) ਪੁਰਖਵਾਚੀ ਸਰਵਨਾਵਾਂ ਵਿਚ ਵੀ ਥੋਹੜੀ ਭਿੰਨਤਾ ਹੈ :—ਤੂੰ (ਤ), ਤੁਮ (ਤੁਸੀਂ ਤੇ ਤੂੰ) ਤੈਂ (ਤੂੰ) ਤਮ (ਤੁਸੀਂ), ਉਹ, ਇਹ ਜਾਂ ਵਾਹ, ਯਾਹ, ਵਰਤੇ ਜਾਂਦੇ ਹਨ ਪਰ ਇਨ੍ਹਾਂ ਦੇ ਬਹੁ-ਬਚਨ ਵਿਕਾਰੀ ਰੂਪਾਂ ਵਿਚ ਪੰਜਾਬੀ ਦੀਆਂ ਹੀ ਸੰਬੰਧਕੀ ਸੂਰਤਾਂ ਵਰਤੀਆਂ ਹਨ, ਜਿਵੇਂ ਕਿੰਨਾਂ, ਜਿਨ੍ਹਾਂ, ਉਨ੍ਹਾਂ ਗਾ, ਇਨ੍ਹਾਂ ਗਾ, ਪਰ ਥਾਰੋ, ਮ੍ਹਾਰੋ, ਤੇਰੋ, ਆਦਿ ਉਹੀ ਆ-ਅੰਤਕ ਸ਼ਬਦਾਂ ਨੂੰ ਓ-ਅੰਤਕ ਲਿਖਣ ਦਾ ਤਰੀਕਾ ਵਰਤਿਆ ਜਾਂਦਾ ਹੈ ।

(11) ਕੁਝ ਕੁ ਸਮਾਸ ਜਾਂ ਜੋੜਕ ਅਤੇ ਹੋਰ ਰੂਪ ਇਸ ਤਰ੍ਹਾਂ ਦੇ ਹਨ :—ਭੀ, ਫਿਰ ਭਾਵੇਂ, ਕੇ, ਅਜੇ, ਨਾਲੋ, ਨਾਲੇ, ਜੇ ਕਦੇ, ਤੇ, (ਅੱਲਾ ਮਿਲਾਵੇ ਤੇ ਫੇਰ ਮਿਲੀਏ) ।

ਉੱਪਰ ਸੰਖੇਪ ਵਿਚ ਦੱਸੀਆਂ ਧੁਨੀ ਸਿਫ਼ਤਾਂ ਅਤੇ ਵਿਆਕਰਣਕ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਨਿਰਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਗੁੱਜਰੀ ਬੋਲੀ ਦਾ ਸਮੁੱਚਾ ਢਾਂਚਾ ਪੰਜਾਬੀ ਮੁਖੀ ਹੈ ਅਤੇ ਇਸ ਦਾ ਗੁੱਜਰੀ ਬੋਲੀ ਤੋਂ ਅੰਦਾਜ਼ਾ ਲਾਉਂਦੇ ਹੋਏ, ਕਿਸੇ ਹੋਰ ਭਾਸ਼ਾ ਨਾਲ ਸੰਬੰਧ ਜੋੜਨਾ ਅਣਵਿਗਿਆਨਕ ਅਤੇ ਮਨਘੜਤ ਗੱਲਾਂ ਤੋਂ ਸਿਵਾ ਕੁਝ ਵੀ ਨਹੀਂ । ਹੇਠਾਂ ਅਸੀਂ ਗੁੱਜਰੀ ਲੋਕ-ਸਾਹਿਤ ਅਤੇ ਹੋਰ ਕਵਿਤਾਵਾਂ ਦੇ ਚੋਣਵੇਂ ਨਮੂਨੇ ਦੇਂਦੇ ਹਾਂ ਜਿਨ੍ਹਾਂ ਤੋਂ ਸਾਫ਼ ਜ਼ਾਹਿਰ ਹੋ ਜਾਂਦ' ਹੈ

ਕਿ ਕਿਵੇਂ ਪੰਜਾਬੀ ਅਤੇ ਗੁਜਰੀ ਦੇ ਨੈੜਲੇ ਸੰਬੰਧ ਹਨ :—

ਡਨੈ ਡਨੈ ਗੁੱਜਰੀ ਚਲੈ ਮੂੰਢੇ ਰਖ ਮਧਾਣੀ, ਵੇ,
ਅੱਗੈ ਅੱਗੈ ਗੁੱਜਰ ਰਾਜੋ ਪਿਛੈ ਗੁੱਜਰੀ ਰਾਣੀ ਵੇ ।
ਥਾਰੇ ਨਾਲ ਚਲੂੰਗੀ ਰੇ ਚਲ ਫ਼ਰਿਆਦ ਕਰੂੰਗੀ,
ਦੋਹਾਂ ਗੱਲਾਂ ਗੀ ਮਾਰੀ ਮੜਦਾ ਥਾਰੇ ਨਾਲ ਚਲੂੰਗੀ ।

-o-

ਸਿਰ ਕਦਮਾਂ ਵਰ ਰਖ ਹੂੰ ਗੁਲਾਮ ਤੇਰੋ,
ਮੂੰਸਾਂ ਨਾਲ ਆਈਏ ਭਾਵੇਂ ਚਾਰੀਏ ਨਾ ।
ਤੇਰੋ ਆਸ਼ਕ ਹੱਥ ਬੰਨ੍ਹ ਗੈ ਅਰਜ਼ ਕਰੈ,
ਹੂੰ ਸਦਕੇ ਜਾਊਂ ਮੇਰੋ ਗੁੱਜਰੋ ਨਾਉਂ ਵਸਾਰੀਏ ਨਾ ।

-o-

ਗ਼ੈਨ ਗ਼ੱਮ ਨੈ ਕੱਢੀ ਐ ਜਾਨ ਮੇਰੀ,
ਮੇਰਾ ਦਿਲ ਗੈ ਬਿਚ ਜਾਨ ਨਹੀਂ ।
ਮਰਜ਼ੀ ਆਵੈ ਤੈ ਰਖ ਨੌਕਰ ਮਿੰਨਾਂ,
ਤੇਰਾ ਪ੍ਰਦੇਸੀ ਗੈ ਪਲੈ ਮਾਲ ਨਾਹੀਂ ।

-o-

ਚਿੱਟੇ ਕੋਠੇ ਤੇ ਬਿਹੜੈ ਬਟੰਗ,
ਮੇਰੀ ਜਾਨ ਅਜ ਡਾਹਡੀ ਈ ਤੰਗ
ਆਣ ਗਮਾਂ ਨੇ ਸਾਹ ਸੁਕਾਇਓ,
ਮੇਰੋ ਚੰਨ ਕਿਉਂ ਅਜ ਨਾ ਆਇਓ ।

(ਮਹਿਜ਼ੂਰ ਰਜੋਰਵੀ)

ਸੱਚ ਤੇ ਕੋਠਾ ਪਰ ਨੱਚ,
ਰਾਗੋਂ ਖੁੰਝੀ ਡੂੰਮਣੀ ਗਾਵੈ ਸਾਰੀ ਰਾਤ ।
ਨਦੀ ਤੇ ਜਿਸ ਤਰ੍ਹਾਂ ਨਹਿਰ ਨਿਕਲੈ ਪਾਣੀ ਨਦੀ ਕੋ ਹੀ
ਆਏ ਸਾਰੀਆਂ ਮਾਂ,
ਯਾ ਫ਼ਿਰ ਕਿਸੇ ਦਰਖ਼ਤ ਤੇ ਖਿਲੈ ਡਾਲੀ, ਪਹੁੰਚੇ ਰਸ ਜੜ ਕੀ
ਸਾਰੀ ਡਾਲੀਆਂ ਮਾਂ,
ਕੈਦ ਹੋਈ ਗ਼ਮ ਗਾ ਪਿੰਜਰਾ ਮਾਂ ਕਰੀ ਦੁਖਾਂ ਨੇ
ਜਾਨ ਲਾਚਾਰ ਐਸੋ,
ਹੋਇਓ ਜੀਨ ਮੁਸ਼ਕਲ, ਖਾਣ ਪੀਣ ਭੁਲਿਉ, ਕਿਤੇ ਨਹੀਂ ਥਾ,
ਤੋਂ ਦਿਲਦਾਰ ਐਸੋ ।

-o-

ਫ਼-ਫੇਇਦਾ ਲੋੜ ਤੂੰ ਰੇ, ਕਿਉਂ ਫਿਰੇ ਤੂੰ ਵਿਚ ਬਾਜ਼ਾਰ ਐਵੇਂ,
ਕੁਝ ਖੱਟ ਲੈ ਇਸ ਬਜ਼ਾਰ ਬੀਬਾ, ਨਿਤ ਫਿਰੇਂ ਤੂੰ ਅਤਿ ਬੇਕਾਰ ਐਵੇਂ,
ਬਾਝ ਇਸ਼ਕ ਤੋਹੀਦ ਤੋਂ ਸੰਗੀਆ ਰੇ, ਦਿਸੇਂ ਖ਼ਾਲੀ ਤੇਰੇ ਬਿਮਾਰ ਐਵੇਂ,
ਜਲਦੀ ਇਸ਼ਕ ਖ਼ਰੀਦ ਤੂੰ ਮੁਹੰਮਦ ਦੀਨਾ, ਨਿਤ ਹੋਰ ਨਾ ਕਰ ਤਕ੍ਰਾਰ ਐਵੇਂ।

-o-

ਅਲਫ਼ ਉਠ ਬੀਬੋ ਤਿਨਾਂ ਗੱਲ ਦਸੂੰ
ਮੂਰਾ ਸੰਗ ਆ ਢੋਕੀਂ ਤਿਆਰ ਹੋਇਆ।
ਤੇਰਾ ਪਾਸ ਨਾਲ ਮਾਲ ਜੰਜਾਲ ਦਿਸੈ
ਤਿੰਨਾ ਵੇਖ ਕੈ ਹਮ ਲਾਚਾਰ ਹੋਇਆ।
ਜਿਨ੍ਹਾਂ ਰਖਿਉ ਖਿਆਲ ਜੰਜਾਲ ਗੋਰੇ
ਰਾਜ ਉਨ੍ਹਾਂ ਮੈਂ ਸੰਗ ਹਜ਼ਾਰ ਹੋਇਆ।
ਮੁਹੰਮਦ ਦੀਨ ਗੈ ਪਾਸ ਨਾਲ ਮਾਲ ਦਿਸੈ
ਇਸ ਨਾ ਵੇਖ ਗੈ ਹਮ ਲਾਚਾਰ ਹੋਇਆ।

-o-

ਕੁਝ ਸੁਝਾ

ਨਵੇਂ ਉਗਮ ਰਹੇ ਵਿਗਿਆਨਿਕ ਯੁਗ ਵਿਚ, ਇਸ ਗੱਲ ਦੀ ਬੜੀ ਲੋੜ ਹੈ ਕਿ ਪਰਾਂਤਕ ਬੋਲੀਆਂ ਅਤੇ ਖ਼ਾਸ ਕਰ ਕੇ ਪਹਾੜੀ ਬੋਲੀਆਂ ਨੂੰ ਸਰਕਾਰੀ ਸਰਪਰੱਸਤੀ ਸਰਕਾਰ ਵਲੋਂ ਮਿਲੇ। ਗੁੱਜਰੀ ਵੀ ਇਕ ਅਜੇਹੀ ਬੋਲੀ ਹੈ ਜਿਸ ਵਿਚ ਸਾਹਿਤ ਰਚਣ ਦੀ ਪੂਰੀ ਸਮਰਥਾ ਹੈ ਅਤੇ ਇੱਕੇ ਦੁੱਕੇ ਨਾਟਕ ਜਾਂ ਕਹਾਣੀਆਂ ਅਤੇ ਸੰਗ੍ਰਿਹ ਵੇਖਣ ਵਿਚ ਆਏ ਹਨ। ਪਾਠਕਾਂ ਅਤੇ ਵਿਚਾਰਕਾਂ ਦੀ ਸਾਂਝੀ ਕੋਸ਼ਿਸ਼ ਨਾਲ ਇਹ ਬੋਲੀ ਵੀ ਇਕ ਮਾਣ ਵਾਲਾ ਸਥਾਨ ਪ੍ਰਾਪਤ ਕਰ ਸਕਦੀ ਹੈ। ਸਾਨੂੰ ਇਸ 'ਤੇ ਭਰਪੂਰ ਆਸਾਂ ਹਨ।

(ਸ਼ੀਰਾਜ਼ਾ—ਅੰਕ 1.)

ਜੰਮੂ-ਕਸ਼ਮੀਰ ਵਿਚ ਪੰਜਾਬੀ ਕਹਾਣੀ

ਰਿਆਸਤ ਜੰਮੂ ਕਸ਼ਮੀਰ ਵਿਚ ਪੰਜਾਬੀ ਕਹਾਣੀ ਪਿਛਲੇ ਕੋਈ ਦਸਾਂ ਵਰ੍ਹਿਆਂ ਦੀ ਉਪਜ ਹੈ। ਪਰ ਸੁਨਣ ਵਿਚ ਆਉਂਦਾ ਹੈ ਕਿ ਸ੍ਰੀ ਰਾਮਾ ਨੰਦ 'ਸਾਗਰ' ਨੇ ਪੰਜਾਬੀ ਵਿਚ ਪਹਿਲਾਂ ਕੁਝ ਚੰਗੀਆਂ ਕਹਾਣੀਆਂ ਲਿੱਖੀਆਂ ਜੋ ਪੰਜਾਬੀ ਦੇ ਉੱਘੇ ਮਾਸਕ ਪੱਤਰਾਂ ਵਿਚ ਪ੍ਰਕਾਸ਼ਤ ਵੀ ਹੋਈਆਂ ਹਨ। ਪਰ ਇਸ ਖੋਜ ਦੇ ਨੇਪਰੇ ਚੜ੍ਹਨ ਤੋਂ ਪਹਿਲਾਂ ਅਸੀਂ ਕੇਵਲ ਪ੍ਰਾਪਤ ਹਚਨਾਵਾਂ ਦੇ ਆਧਾਰ 'ਤੇ ਹੀ ਵਿਚਾਰ ਕਰਨਾ ਚਾਹੁੰਦੇ ਹਾਂ। "ਕੌਂਪਲਾਂ" ਦੀ ਭੂਮਿਕਾ ਅਨੁਸਾਰ ਕੰਵਲ ਕਸ਼ਮੀਰੀ ਦੀਆਂ ਕਹਾਣੀਆਂ 1954 ਵਿਚ ਪ੍ਰਕਾਸ਼ਿਤ ਹੋਣੀਆਂ ਆਰੰਭ ਹੋ ਚੁਕੀਆਂ ਸਨ ਜਿਨ੍ਹਾਂ 'ਚੋਂ "ਕਖਾਂ ਦੀ ਕੁਲੀ" "ਪੰਜ ਦਰਿਆ" ਜੁਲਾਈ 1955 ਦੇ ਅੰਕ ਵਿਚ ਪ੍ਰਕਾਸ਼ਿਤ ਹੋਈ ਤੇ 1957 'ਚ ਹਿੰਦੀ ਕਹਾਣੀ 'ਚਿੱਠੀ ਦੇ ਪਾਤਰ' "ਧੜਕਣਾਂ" ਨਾਮੀ ਕਹਾਣੀ ਸੰਗ੍ਰਹਿ ਵਿਚ। 1957 ਤੋਂ 1959 ਤਕ ਕੋਈ ਕਹਾਣੀ ਸਾਹਮਣੇ ਨਹੀਂ ਆਈ। ਪ੍ਰੋ: ਦਿਲਜੀਤ ਅਤੇ ਸ੍ਰੀ ਵਿਜੇ ਸੁਮਨ ਦੀ ਇਕ ਇਕ ਕਹਾਣੀ "ਕ੍ਰੋਂਬਲਾਂ" ਵਿਚ ਪ੍ਰਕਾਸ਼ਿਤ ਹੋਈ। ਇਸ ਵਿਚਕਾਰ ਪ੍ਰੋ: ਮਦਨ ਮੋਹਨ ਅਤੇ ਸ੍ਰੀ ਵੇਦ 'ਰਾਹੀ' ਨੇ ਵੀ ਕੁਝ ਪੰਜਾਬੀ ਕਹਾਣੀਆਂ ਲਿੱਖੀਆਂ, ਪਰ ਉਹ ਕੇਵਲ ਰੇਡੀਉ ਪ੍ਰਸਾਰਨ ਤਕ ਹੀ ਸੀਮਤ ਰਹੀਆਂ। ਹਾਂ ਪ੍ਰੋ: ਦਿਲਜੀਤ ਸ਼ਾਇਦ ਇਸ ਦੌਰਾਨ ਵਿਚ ਲਿਖਦੇ ਹੀ ਰਹੇ।

ਪ੍ਰਕਾਸ਼ਿਤ ਪੁਸਤਕਾਂ ਦੇ ਆਧਾਰ 'ਤੇ ਰਿਆਸਤੀ ਪੰਜਾਬੀ ਕਹਾਣੀ 1965 ਤੋਂ ਹੀ ਸਾਡੇ ਸਾਹਮਣੇ ਆਉਂਦੀ ਹੈ। ਅਸੀਂ ਇਸ ਦਾ ਕ੍ਰਮਵਾਰ ਵੇਰਵਾ ਹੇਠਾਂ ਦੇਂਦੇ ਹਾਂ।

ਮੌਲਿਕ ਕਹਾਣੀ ਸੰਗ੍ਰਹਿ	ਕਹਾਣੀਕਾਰ	ਪ੍ਰਕਾਸ਼ਨ ਵਰ੍ਹਾ	ਕਹਾਣੀਆਂ
ਕੌਂਪਲਾਂ	ਕੰਵਲ ਕਸ਼ਮੀਰੀ	ਨਵੰਬਰ 1965	11
ਦੁੱਕੀ ਤਿੱਕੀ ਪੰਜੀ	ਪ੍ਰੋ: ਦਿਲਜੀਤ ਸਿੰਘ	ਸਤੰਬਰ 1966	13
ਭੁਲੇਖੇ	ਸਰਨ ਸਿੰਘ	ਅਕਤੂਬਰ 1966	10
ਕਲੀਆਂ	'ਗੁਲਸ਼ਨ'	,, 1966	13
ਉਡੀਕ	ਗਿ: ਪ੍ਰੀਤਮ ਸਿੰਘ	ਨਵੰਬਰ 1967	11

ਕਾਲੀਆਂ ਰਾਤਾਂ	ਗੁਲਸ਼ਨ	ਜੂਨ 1969	12
ਨਵੇਂ ਨਜ਼ਰਾਨੇ	ਪ੍ਰੋ: ਪ੍ਰੇਮ ਸਿੰਘ	ਸਤੰਬਰ 1969	15
ਮਜਾਹਿਦਾਂ ਦੇ ਪਿੰਜਰ	ਹਰਨਾਮ ਸਿੰਘ ਦੁਖੀਆ	ਸਤੰਬਰ 1969	13
ਚੋਣਵਾਂ ਪੰਜਾਬੀ ਸਾਹਿਤ	ਕ. ਅਕਾਦਮੀ	1965	6
ਸਾਡਾ ਸਾਹਿਤ	,, ,,	1966	5
ਨਿੱਕੀ ਨਿੱਕੀ ਲੋਅ	ਪੰ-ਸ-ਸਭਾ ਸ੍ਰੀਨਗਰ	1966	8
ਸਾਡਾ ਸਾਹਿਤ	ਕ. ਅਕਾਦਮੀ	1967	10
ਵੂਲਰ ਦੀਆਂ ਛੱਲਾਂ	ਪੰ-ਸ-ਸਭਾ ਸ੍ਰੀਨਗਰ	1968	16
ਦਰਦ ਦਿਲਾਂ ਦੇ	ਪੰ-ਸ-ਸਭਾ ਰ-ਸ-ਪੁਰਾ	1968	6
ਸ਼ੀਰਾਜ਼ਾ	ਕ. ਅਕਾਦਮੀ	1969	5
		ਕੁਲ ਜੋੜ	153

ਸੰਪਾਦਿਤ ਪੁਸਤਕਾਂ ਵਿਚ ਕੁਝ ਕਹਾਣੀਆਂ ਇਹੋ ਜਿਹੀਆਂ ਵੀ ਹਨ ਜੋ ਪਹਿਲੀ ਪ੍ਰਕਾਰ ਦੀਆਂ ਪੁਸਤਕਾਂ ਵਿਚ ਵੀ ਪ੍ਰਕਾਸ਼ਤ ਹੋਈਆਂ ਹਨ।

ਇਸ ਤੋਂ ਪਹਿਲਾਂ ਕਿ ਇਨ੍ਹਾਂ ਕਹਾਣੀਆਂ ਬਾਰੇ ਕੁਝ ਕਿਹਾ ਜਾਵੇ ਇਨ੍ਹਾਂ ਦੇ ਪਿਛੋਕੜ ਬਾਰੇ ਗੱਲ ਕਰ ਲੈਣੀ ਬਹੁਤ ਹੀ ਆਵਸ਼ਕ ਹੈ।

1857 ਦੇ ਵਿਦ੍ਰੋਹ ਪਿਛੋਂ ਅੰਗਰੇਜ਼ਾਂ ਨੇ ਸਮੂਚੇ ਭਾਰਤ ਨੂੰ ਰਜਵਾੜਿਆਂ ਅਤੇ ਜਗੀਰਦਾਰਾਂ ਵਿਚ ਵੰਡ ਦਿਤਾ। ਧਾਰਮਿਕ ਖੇਤਰ ਵਿਚ ਮਜ਼ਬੂਤੀ ਵੰਡ ਨੂੰ ਉਭਾਰ ਕੇ ਤੇਜ਼ ਕੀਤਾ ਜਿਸ ਕਾਰਨ ਭਾਰਤੀ ਜਨਤਾ ਦੇ ਦਿਲਾਂ ਵਿਚ ਭੂਪਵਾਦੀ ਅਤੇ ਪ੍ਰਤੀਕ੍ਰਿਆ-ਵਾਦੀ ਪ੍ਰਵਿਰਤੀਆਂ ਦੀਆਂ ਜੜ੍ਹਾਂ ਬਹੁਤ ਗਹਿਰੀਆਂ ਹੋ ਗਈਆਂ।

ਸਾਮਰਾਜੀ ਕੂਟਨੀਤੀ ਨੇ ਭਾਰਤ ਦੀ ਪੁਰਾਨੀ ਉਦਯੋਗਿਕ ਵਿਵਸਥਾ ਦਾ ਨਾਸ਼ ਕੀਤਾ ਅਤੇ ਨਵੀਂ ਉਦਯੋਗਿਕ ਉੱਨਤੀ ਨੂੰ ਰੋਕਣ ਦਾ ਸਫਲ ਪ੍ਰਯਾਸ ਕੀਤਾ। ਕਿਰਸਾਨੀ ਵਿਵਸਥਾ ਦੀ ਵਿਗਿਆਨਿਕ ਲੀਹਾਂ ਤੇ ਉੱਨਤੀ ਦੀ ਥਾਂ ਕਿਸਾਨੀ ਪੈਦਾਵਾਰ ਦਾ ਸੱਸਤੇ ਭਾਅ ਬਦੇਸ਼ ਨਿਕਾਸ ਕਰ ਦਿਤਾ। ਪੈਦਾਵਾਰ 'ਤੇ ਟੈਕਸ ਲਾਉਣ ਦੀ ਥਾਂ ਭੂਮੀ ਤੇ ਟੈਕਸ ਲਾਇਆ ਜਿਸ ਦੀ ਵਸੂਲੀ ਲਈ ਵੀ ਸਾਮਰਾਜੀ ਸ਼ਕਤੀਆਂ ਦਾ ਪ੍ਰਯੋਗ ਕੀਤਾ। ਫਿਰ ਕਿਸਾਨੀ ਦੀ ਹਾਲਤ ਨਿਘਰਨੀ ਹੀ ਸੀ।

ਕਿਸਾਨ ਹਾਲਾਤ ਦੀ ਚੱਕੀ ਵਿਚ ਪਿਸਦੇ ਪਿਸਦੇ ਮਜ਼ਦੂਰ ਹੁੰਦੇ ਗਏ। ਪਿੰਡਾਂ ਨੂੰ ਛਡ ਕੇ ਸ਼ਹਿਰਾਂ ਨੂੰ ਭਜੇ। ਕਿਸੇ ਛਾਬਾ ਲਾਇਆ, ਕਿਸੇ ਮਜ਼ਦੂਰੀ ਕਰ ਲਈ। ਸਮਾਂ ਪਾ ਕੇ ਕੁਝ ਪੜ੍ਹ ਲਿਖ ਕੇ ਕਲੱਰਕ ਬਣ ਗਏ। ਪਰ ਭੂਪਵਾਦੀ ਵਿਚਾਰਧਾਰਾ ਦਾ ਨਿਯੰਤ੍ਰਣ ਇਨ੍ਹਾਂ ਉਤੇ ਬਣਿਆ ਹੀ ਰਿਹਾ। ਪਰਉਪਕਾਰੀ, ਕਰੁਣਾ, ਤਿਆਗ ਅਤੇ ਸੰਸਾਰਿਕ ਸੁੱਖਾਂ ਤੋਂ ਵਿਰਕੱਤੀ ਆਦਿ ਭੂਪ-ਵਾਦੀ ਵਿਚਾਰ ਧਾਰਾ ਦੇ ਨਿਯਮਾਂ ਨੂੰ ਪੂੰਜੀਵਾਦੀ ਵਿਵਸਥਾ ਵਿਚ ਕਾਫ਼ੀ ਧੱਕਾ ਲੱਗਾ। ਅੰਗਰੇਜ਼ੀ ਸਾਮਰਾਜ ਦੇ ਪੂੰਜੀਵਾਦੀ ਦ੍ਰਿਸ਼ਟੀਕੋਣ ਅਤੇ ਵਿਗਿਆਨ ਦੇ ਪ੍ਰਚਲਣ ਨਾਲ ਪੁਰਾਣੀਆਂ ਕਦਰਾਂ ਕੀਮਤਾਂ ਵਿਚ ਹਲ ਚਲ ਹੋਈ। ਸਦੀਆਂ ਤੋਂ ਜਨਤਾ ਦੇ ਦਿਲਾਂ ਵਿਚ ਘਰ ਕਰ ਬੈਠੀਆਂ ਪੁਰਾ-

ਣੀਆਂ ਕੀਮਤਾਂ ਦੇ ਟੁਟਣ ਨਾਲ ਜਨਤਾ ਦੁਖੀ ਅਤੇ ਉਦਾਸ ਹੁੰਦੀ ਜਾ ਰਹੀ ਸੀ ! ਪਰ ਕਹਾਣੀ-ਕਾਰ ਨੇ ਵੀ ਕੇਵਲ ਟੁਟ ਰਹੇ ਪੁਰਾਣੇ ਸਮਾਜ ਪ੍ਰਤੀ ਉਦਾਸੀ ਅਤੇ ਦੁਖ ਦੀ ਅਭਿਵਿਅਕਤੀ ਹੀ ਕੀਤੀ । ਪ੍ਰੋ: ਪ੍ਰੇਮ ਸਿੰਘ ਦੀਆਂ ਦੋ ਕਹਾਣੀਆਂ "ਇਕ ਹਾਉਕਾ" ਅਤੇ 'ਕੰਧਾਂ' ਇਨ੍ਹਾਂ ਕਦਰਾਂ ਕੀਮਤਾਂ ਦੀ ਹਲ-ਚਲ ਵਿਚ ਦੁਖੀ ਵਿਅਕਤੀ ਦੀ ਪ੍ਰਤੀਨਿਧਤਾ ਕਰਦੀਆਂ ਹਨ ।

1947 ਤਕ ਇਸ ਸਾਰੀ ਪ੍ਰਕ੍ਰਿਆ ਦੇ ਵਿਚਕਾਰ ਭਾਰਤ ਵਾਸੀ ਆਪਣੀ ਸੁਤੰਤਰਤਾ ਲਈ ਵੀ ਜੂਝਦੇ ਰਹੇ । ਪਰ 1947 ਜਿਥੇ ਸੁਵਰਾਜ ਲੈ ਕੇ ਆਇਆ ਉਥੇ ਇਕ ਭਾਸ਼ਾ ਇਕ ਸਭਿਆਚਾਰ, ਇਕ ਭਾਈਚਾਰਾ ਅਤੇ ਨਿਰਲੇਪ ਅਲ੍ਹੜ ਪਿਆਰ ਦੀਆਂ ਢੇਰ ਪੁਰਾਣੀਆਂ ਅਤੇ ਡੂੰਘੀਆਂ ਤੰਦਾਂ ਨੂੰ ਨੇਜ਼ਿਆਂ ਤੇ ਬਰਛਿਆਂ ਦੀਆਂ ਨੋਕਾਂ ਤੇ ਟੰਗ ਦਿਤਾ ਗਿਆ । ਤਾਂਘਾਂ ਸਿਸਕਦੀਆਂ ਰਹੀਆਂ । ਜਜ਼ਬੇ ਤੜਪਦੇ ਰਹੇ । ਪਰ ਸਾਮਰਾਜ ਦੀ ਇਸ ਵਿਸ਼ੈਲੀ ਚਾਲ ਨੂੰ ਕਿਸੇ ਨਾ ਪਛਾਤਾ । ਜਨੂਨ ਵਿਚ ਆ ਕੇ ਬੰਦੇ ਨੇ ਬੰਦੇ ਨੂੰ ਗੁਆਂਢੀ ਨੇ ਗੁਆਂਢੀ ਨੂੰ ਜ਼ੁਲਮ ਦੀ ਭੱਠੀ ਵਿਚ ਧੱਕ ਦਿਤਾ ।

ਜੰਮੂ ਕਸ਼ਮੀਰ ਦਾ ਕਹਾਣੀਕਾਰ ਵੀ ਇਸ ਦੌਰ 'ਚੋਂ ਲੰਘਿਆ ਜਿਸ ਦੇ ਕੜਵੇ ਅਨੁਭਵ ਨੂੰ ਉਹ ਹੁਣ ਦੋ ਦਹਾਕਿਆਂ ਤੋਂ ਵਧ ਸਮੇਂ ਦੇ ਗੁਜ਼ਰ ਜਾਣ ਮਗਰੋਂ ਵੀ ਨਹੀਂ ਤਿਆਗ ਸਕਿਆ । ਪ੍ਰੋ: ਪ੍ਰੇਮ ਸਿੰਘ ਦੀ ਕਹਾਣੀ "ਮਾਂ", ਪ੍ਰੋ: ਸੇਵਾ ਸਿੰਘ ਦੀ ਕਹਾਣੀ "ਉਹ ਨਾ ਭੁਲਾ ਜਾਣੀਏ" ਕੰਵਲ ਕਸਮੀਰੀ ਦੀ ਕਹਾਣੀ "ਸੰਤੀ ਦਾ ਵਿਆਹ" ਅਤੇ "ਆਤਮਘਾਤ", ਗਿ: ਪ੍ਰੀਤਮ ਸਿੰਘ ਦੀ ਕਹਾਣੀ "ਢਾਲ" ਅਤੇ "ਦੋ ਝਾਓਲੇ" ਆਦਿ ਇਸੇ ਘਟਨਾ ਤੋਂ ਪ੍ਰਭਾਵਿਤ ਕਹਾਣੀਆਂ ਹਨ । ਇਸ ਮਗਰੋਂ ਜੰਮੂ ਕਸ਼ਮੀਰ ਵਿਚ ਇਤਿਹਾਸਕ ਮਹੱਤਵ ਦੀ ਘਟਨਾ ਸੀ ਜਾਗੀਰਦਾਰੀ ਨਿਜ਼ਾਮ ਦੀ ਸਮਾਪਤੀ ਜਿਸ ਦੇ ਕਾਰਨ ਕਿਸਾਨ ਲੋਕੀ ਜਾਗੀਰਦਾਰਾਂ ਅਤੇ ਉਨ੍ਹਾਂ ਦੇ ਹੱਥ-ਠੋਕਿਆਂ ਦੇ ਜ਼ੁਲਮਾਂ ਤੋਂ ਬਚ ਗਏ । ਪੈਲੀ ਵਾਹੁੰਣ ਵਾਲਿਆਂ ਨੂੰ ਪੈਲੀਆਂ ਨਸੀਬ ਹੋਈਆਂ । ਅਤਿਆਚਾਰ ਸਹਿ ਸਹਿ ਕੇ ਗਿਆ ਗੁਜ਼ਰਿਆ ਸਾਹ-ਸਿਤ ਮੁੜ ਸੰਚਿਤ ਹੋਇਆ । ਉਨ੍ਹਾਂ ਨੂੰ ਕਈ ਸਦੀਆਂ ਅਤੇ ਕਈ ਪੀੜ੍ਹੀਆਂ ਮਗਰੋਂ ਆਪਣਾ ਜਿਸਮ ਅਤੇ ਆਪਣੇ ਖੇਤ ਆਪਣੇ ਜਾਪੇ । ਉਹ ਆਪਣੀ ਆਬਰੂ ਨੂੰ ਬਚਾਉਣ ਦਾ ਹੌਸਲਾ ਕਰਨ ਲੱਗ ਪਏ ।

ਇਸ ਸੰਦਰਭ ਵਿਚ ਸਰਨ ਸਿੰਘ ਦੀ ਇਕੋ ਇਕ ਮਹੱਤਵਪੂਰਨ ਕਹਾਣੀ "ਧਾਈਂ ਦਾ ਢੇਰ" ਹੈ । ਖੇਦ ਦੀ ਗੱਲ ਹੈ ਕਿ ਇਹੋ ਜਿਹੇ ਮਹਤਵਪੂਰਨ ਵਿਸ਼ੇ ਉਤੇ ਕਿਸੇ ਹੋਰ ਲੇਖਕ ਨੇ ਕਲਮ ਨਹੀਂ ਚੁੱਕੀ ।

1953 ਤੋਂ ਲੈ ਕੇ 1957 ਤਕ ਆਰਥਿਕ ਮੰਦਵਾੜਾ ਰਿਹਾ । ਖਾਸ ਕਰਕੇ ਨਿਮਨ ਮਧ-ਸ਼੍ਰੇਣੀ, ਮਧ-ਸ਼੍ਰੇਣੀ ਅਤੇ ਕਿਸਾਨ ਸ਼੍ਰੇਣੀ ਨ੍ਰਾਸਤਾ (frustration) ਦੇ ਇਸ ਖ਼ੌਫ਼ਨਾਕ ਦੌਰ ਦਾ ਸ਼ਿਕਾਰ ਹੋਈਆਂ । ਕੁੰਬੇ ਦੇ ਇਕ ਆਦਮੀ ਦੀ ਕਮਾਈ ਨਾਲ ਪੂਰੇ ਪਰਵਾਰ ਦਾ ਨਿਰਵਾਹ ਅਸੰਭਵ ਹੋ ਗਿਆ । ਪੂੰਜੀ ਦਾ ਵਾਂਧਾ ਆਚਰਨ ਦੀ ਕੀਮਤ 'ਤੇ ਹੋਣ ਲਗਾ । ਇਹ ਦੌਰ ਰਿਆਸਤੀ ਜਨਤਾ ਲਈ ਭਾਰੀ ਸੰਕਟ ਕਾਲ ਸੀ । ਰਿਆਸਤੀ ਕਹਾਣੀਕਾਰ ਵੀ ਇਸ ਦੌਰ ਤੋਂ ਅਵੇਸਲੇ ਨਾ ਰਹਿ ਸਕੇ । ਪ੍ਰੋ: ਦਿਲਜੀਤ ਸਿੰਘ ਤੀ "ਇਕ ਸੀ ਮੁੰਡਾ" ਅਤੇ ਰਿਕਸ਼ਾ ਡਰਾਈਵਰਾਂ ਸੰਬਧੀ ਹੋਰ ਕਹਾਣੀਆਂ, ਸਰਨ ਸਿੰਘ ਦੀ "ਕੇ ਨਹੀਂ ਲਿਖਣੀ ?" ਇਸੇ ਦੌਰ ਦੀਆਂ ਕਿਰਤਾਂ ਹਨ । ਇਨ੍ਹਾਂ ਕਹਾਣੀਆਂ ਦੀ ਅਭਿਵਿਅਕਤੀ ਤੋਂ ਸਪੱਸ਼ਟ ਕੀਤਾ ਗਿਆ ਏ ਕਿ ਕਿਸ ਤਰ੍ਹਾਂ ਪਿਆਰ ਦੀਆਂ

ਇੰਦਰਧਨੁੱਖੀ ਕਲਪਨਾਵਾਂ ਜੀਵਨ ਦੀਆਂ ਕੌੜੀਆਂ ਹਕੀਕਤਾਂ ਸਾਹਮਣੇ ਟਿਕ ਨਹੀਂ ਸਕਦੀਆਂ, ਕੁਚਲੀਆਂ ਜਾਂਦੀਆਂ ਹਨ। ਇਸੇ ਦੌਰ ਦੀ ਝਲਕ ਕੰਵਲ ਕਸ਼ਮੀਰੀ ਦੀ ਕਹਾਣੀ "ਪਾਸ਼ੀ", "ਸਭ ਤੋਂ ਵੱਡਾ ਆਕਾਰ", "ਨਰਕ ਦੀ ਆਵਾਜ਼" ਅਤੇ "ਅਣਪਛਾਤੇ ਸੁਰਤਾਲ" ਆਦਿ ਤੋਂ ਵੀ ਆਉਂਦੀ ਹੈ। ਪ੍ਰੋ: ਪ੍ਰੇਮ ਸਿੰਘ ਦੀ ਕਹਾਣੀ "ਮਾਂ" ਦੀ ਨਾਇਕਾ ਮਾਂ ਦਾ ਕਰਤਵ ਨਿਭਾਉਣ ਲਈ ਆਪਣਾ ਜਿਸਮ ਵੇਚਦੀ ਹੈ।

ਇਸ ਦੌਰ ਨੂੰ ਕੇਵਲ ਉਪਰੋਕਤ ਤਿੰਨ ਕਹਾਣੀਕਾਰ ਅਤੇ ਪ੍ਰੋ: ਪ੍ਰੇਮ ਸਿੰਘ ਹੀ ਸਮਝ ਸਕੇ ਅਤੇ ਆਪਣੀਆਂ ਕਹਾਣੀਆਂ ਵਿਚ ਸਮੋ ਸਕੇ। ਇਹ ਸਮਾਂ ਮਨੁੱਖੀ ਆਚਰਨ ਦੀ ਕੀਮਤ 'ਤੇ ਉਭਰ ਰਹੀ ਸਰਮਾਇਆਦਾਰੀ ਦਾ ਦੌਰ ਸੀ। ਜਿਸ ਦੇ ਮੋਹ ਅਤੇ ਲਾਲਚ ਦੀ ਝਲਕ ਸਰਨ ਸਿੰਘ ਦੀਆਂ ਦੋ ਹੋਰ ਕਹਾਣੀਆਂ 'ਚੁਲ੍ਹੇ ਚ ਸੁਟ ਦੇਵੀਂ' ਅਤੇ 'ਉਹ ਪਾਗਲ ਹੈ' ਵਿਚੋਂ ਵੀ ਆਉਂਦੀ ਹੈ। ਪ੍ਰੋ: ਪ੍ਰੇਮ ਸਿੰਘ ਦੀ ਕਹਾਣੀ "ਸਾਹੋ ਸਾਹ" ਵੀ ਇਸੇ ਪਰਿਪਾਟੀ ਦੀ ਰਚਨਾ ਹੈ।

ਇਸੇ ਸਰਮਾਇਆਦਾਰੀ ਦੌਰ ਵਿਚ ਆਰਥਿਕ ਵਸੀਲੇ ਘਟ ਜਾਣ ਅਤੇ ਔਕੜਾਂ ਵੱਧ ਜਾਣ ਕਾਰਨ ਪਰਵਾਰ ਨਿਯੋਜਨ ਹੋਂਦ ਵਿਚ ਆਇਆ। ਪ੍ਰੋ: ਦਿਲਜੀਤ ਦੀ ਕਹਾਣੀ "ਸਫ਼ਰ" ਅਤੇ ਕੰਵਲ ਕਸ਼ਮੀਰੀ ਦੀ "ਤੇ ਚੱਕਰ ਚਲਦਾ ਰਿਹਾ" ਵਿਚ ਵੀ ਇਹੋ ਸੰਕੇਤ ਮਿਲਦੇ ਹਨ।

1957 ਵਿਚ ਸਮੇਂ ਤੋਂ ਪਹਿਲਾਂ ਬਰਫ਼ਬਾਰੀ ਕਾਰਨ ਫਸਲਾਂ ਅਤੇ ਫ਼ਲਾਂ ਦਾ ਨਾਸ ਹੋਇਆ ਜਿਸ ਦੇ ਸਿੱਟੇ ਵਜੋਂ ਕਸ਼ਮੀਰੀਆਂ ਨੂੰ ਆਰਥਿਕ ਸੰਕਟ 'ਚੋਂ ਲੰਘਣਾ ਪਿਆ। ਇਸ ਦੌਰ ਦਾ ਜਿਕਰ ਕੰਵਲ ਕਸ਼ਮੀਰੀ ਦੀ "ਨਰਕ ਦੀ ਆਵਾਜ਼" ਅਤੇ "ਅਣਪਛਾਤੇ ਸੁਰਤਾਲ" ਵਿਚ ਮਿਲਦਾ ਹੈ।

1964 ਵਿਚ ਹੋਈ ਚੀਨ ਨਾਲ ਸਰਹੱਦੀ ਝਪਟ ਬਾਰੇ ਕੋਈ ਕਹਾਣੀ ਨਹੀਂ ਮਿਲਦੀ। ਇਸ ਸਾਲ ਦੇ ਦੌਰਾਨ ਹਜ਼ਰਤ ਬਲ ਦੀ ਦੁਰਘਟਨਾ ਬਾਰੇ ਲਿਖੀ ਗਈ ਮਾਨ ਭਾਰਗਵ ਦੀ ਇਕੋ ਇਕ ਕਹਾਣੀ "ਪੌਹ ਫੁਟਦੀ ਪਈ ਹੈ" ਮਿਲਦੀ ਹੈ ਜਿਸ ਵਿਚ ਸ਼ੋਸ਼ਨ (exploitation) ਅਤੇ ਸ਼੍ਰੇਣੀ ਚੇਤਨਤਾ ਵਲ ਸੰਕੇਤ ਲਭਦਾ ਹੈ।

ਨਾਰੀ ਪ੍ਰਤੀ ਦ੍ਰਿਸ਼ਟੀਕੋਣ :—ਪੂਜੀਵਾਦੀ ਆਰਥਿਕ ਵਿਵਸਥਾ ਨੇ ਉਤਪਾਦਨ ਵਿਚ ਵਾਧਾ ਕਰਕੇ ਨਵੀਨ ਵਸਤਾਂ ਦੀ ਵਰਤੋਂ ਪ੍ਰਤੀ ਤੀਬਰ ਲਾਲਸਾ ਪੈਦਾ ਕਰ ਦਿਤੀ ਹੈ, ਜੋ ਪਦਾਰਥਕ ਸੁਖਾਂ ਪ੍ਰਤੀ ਇਛਾਵਾਂ ਨੂੰ ਤੀਬਰ ਕਰਦੀ ਹੈ।

ਕਾਮ ਵੀ ਤਾਂ ਪਦਾਰਥਕ ਭੁਖ ਦਾ ਹੀ ਇਕ ਅੰਗ ਹੈ। ਇਸ ਲਈ ਪੂੰਜੀ ਵਾਦੀ ਨਜ਼ਾਮ ਵਿਚ ਜਿਨਸੀ ਭੁਖ ਜਾਂ ਇਸਤ੍ਰੀ ਦੀ ਵਰਤੋਂ ਪ੍ਰਤੀ ਦ੍ਰਿਸ਼ਟੀਕੋਣ ਬਦਲ ਜਾਂਦ ਹੈ। ਕਾਮ-ਵਾਸ਼ਨਾ ਨੂੰ ਗੰਦਾ ਜਾਂ ਅਪਵਿਤਰ ਸਮਝ ਕੇ ਤਿਆਗ ਨਹੀਂ ਦਿਤਾ ਜਾਂਦਾ ਬਲਕਿ ਆਵਸ਼ਕਤਾ ਅਨੁਸਾਰ ਇਸ ਦੀ ਤ੍ਰਿਪਤੀ ਦਾ ਪੱਖ ਪੂਰਿਆ ਜਾਂਦਾ ਹੈ।

ਸ੍ਰੀਰਕ ਭੁੱਖ ਤੋਂ ਬਾਅਦ ਮਨੁੱਖ ਦੀ ਦੂਜੀ ਪ੍ਰਬਲ ਭੁੱਖ ਕਾਮ ਤ੍ਰਿਪਤੀ ਹੈ। ਇਸ ਲਈ

---

1. ਇਸ ਬਾਰੇ ਸੀ ਵਿਜ਼ੇ ਸੁਮਨ ਦੀ ਇਕ ਕਹਾਣੀ ਸਾਡਾ ਸਾਹਿਤ ਵਿਚ ਪ੍ਰਕਾਸ਼ਤ ਹੋਈ ਸੀ (ਸੰਪਾਦਕ)

ਆਧੁਨਿਕ ਸਮਾਜ ਦੀ ਉਪਰਲੀ ਸ਼੍ਰੇਣੀ ਵਿਚ ਵਧਦੀ ਜਾ ਰਹੀ ਕਾਮ ਭੁੱਖ ਦੀ ਤ੍ਰਿਪਤੀ ਦੀ ਲੋੜ ਪ੍ਰਬਲ ਰੂਪ ਵਿਚ ਅਨੁਭਵ ਕੀਤੀ ਜਾ ਰਹੀ ਹੈ ਜਿਸ ਦੇ ਅਨੁਕੂਲ ਹੀ ਕਾਮ ਸੰਬੰਧੀ ਨਵੇਂ ਦ੍ਰਿਸ਼ਟੀ-ਕੋਣ ਤੇ ਨਵੇਂ ਆਦਰਸ਼ ਉਭਰ ਰਹੇ ਹਨ।

ਸਮਾਜ ਦੀ ਇਤਿਹਾਸਕ ਚਾਲ ਅਤੇ ਸਮੇਂ ਦੀ ਆਰਥਿਕ ਲੋੜ ਨੇ ਇਸਤਰੀ-ਪੁਰਸ਼ ਨੂੰ ਇਕ ਦੂਜੇ ਦੇ ਸੰਪਰਕ ਵਿਚ ਆਉਣ ਦੇ ਅਵਸਰ ਬਖਸ਼ੇ ਹਨ। ਪ੍ਰੋ: ਦਿਲਜੀਤ ਸਿੰਘ ਦੀ ਕਹਾਣੀ "ਰੁੱਕੀ ਹੋਈ ਕਹਾਣੀ" "ਦੁੱਕੀ ਤਿੱਕੀ ਪੰਜੀ" ਅਤੇ "ਸਫਰ", ਸਰਨ ਸਿੰਘ ਦੀ ਕਹਾਣੀ 'ਤਬਦੀਲੀ', 'ਭੁਲੇਖੇ', "ਉਹ ਤੇ ਪਾਗਲ ਹੈ", "ਪਰੋਵਲਤਾਰਨ ਤੇ ਨਲਕਾ" ਤੇ ਕੰਵਲ ਕਸ਼ਮੀਰੀ ਦੀ 'ਦੁਮੇਲ' ਇਸੇ ਪ੍ਰਕਾਰ ਦੀਆਂ ਕਹਾਣੀਆਂ ਹਨ।

ਪਰ ਸਰਨ ਸਿੰਘ ਆਪਣੀ ਕਹਾਣੀ "ਤਬਦੀਲੀ" ਨੂੰ ਉਘਾੜਨ ਦੀ ਥਾਂ ਸੰਕੇਤਕ ਛੁਹਾਂ ਰਾਹੀਂ ਕਲਾਤਮਕ ਢੰਗ ਨਾਲ ਨਹੀਂ ਉਸਾਰ ਸਕਿਆ। ਇਸ ਪਖੋਂ ਪ੍ਰੋ: ਦਿਲਜੀਤ ਦੀ ਕਹਾਣੀ 'ਦੁੱਕੀ ਤਿੱਕੀ ਪੰਜੀ' ਬਹੁਤ ਹੀ ਸਫਲ ਰਚਨਾ ਹੈ।

ਪ੍ਰੋ: ਪ੍ਰੇਮ ਸਿੰਘ ਦੀ ਕਹਾਣੀ 'ਝਖੜ', 'ਸਾਹੋਸ਼ਾਹ' ਅਤੇ 'ਮੋਖਤੀ' ਗੁਰਚਰਨ ਸਿੰਘ 'ਗੁਲਸ਼ਨ' ਦੀ 'ਕੋੜੀਆਂ ਹਕੀਕਤਾਂ' ਅਤੇ 'ਫੈਸਲਾ' ਵਿਚ ਆਧੁਨਿਕ ਸਮਾਜ ਵਿਚ ਜੀਵਨ ਨਿਰਬਾਹ ਅਤੇ ਕਾਮਤ੍ਰਿਪਤੀ ਬਾਰੇ ਇਸਤਰੀ ਪੁਰਸ਼ਾਂ ਦੇ ਆਪਣੇ ਆਪਣੇ ਦ੍ਰਿਸ਼ਟੀਕੋਣ ਉਭਰਦੇ ਹਨ।

ਨਵੇਂ ਹਾਲਾਤ ਅਨੁਸਾਰ ਇਸਤਰੀ ਦੀ ਆਜ਼ਾਦੀ ਅਤੇ ਜੀਵਿਕਾ ਲਈ ਉਸ ਦੇ ਪੁਰਸ਼ ਸੰਪਰਕ ਵਿਚ ਆਉਣ ਦੀ ਵਿਰੋਧਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਤਬਦੀਲੀ (ਕ੍ਰਾਂਤੀ) ਲਈ ਲੜੇ ਜਾ ਰਹੇ ਸੰਘਰਸ਼ ਵਿਚ ਪੁਰਸ਼ ਇਸਤਰੀ ਦੋਹਾਂ ਦੀ ਆਵਸ਼ਕਤਾ ਅਨਿਵਾਰਯ ਹੈ। ਇਸਤਰੀ ਦਾ ਕਰਤਵ ਤਾਂ ਆਪਣੀ ਪੂਰੀ ਆਜ਼ਾਦੀ ਲਈ ਭੂਮਿਕਾ ਤਿਆਰ ਕਰਨਾ ਹੈ। ਜੋ ਕੇਵਲ ਕਿਸਾਨ ਅਤੇ ਮਜ਼ਦੂਰ ਵਰਗ ਨਾਲ ਸੰਪਰਕ ਰਖ ਕੇ, ਸਮਾਜਵਾਦੀ ਸ਼ਕਤੀ ਇਕਤ੍ਰ ਕਰਨ ਵਿਚ ਹੈ ਤਾਕਿ ਸਮਾਜਵਾਦੀ ਅਰਥ ਵਿਵ-ਸਥਾ ਸਥਾਪਿਤ ਕੀਤੀ ਜ ਸਕੇ। ਪਰ, ਜੇ ਇਸਤਰੀ ਪੂੰਜੀਵਾਦੀ ਆਰਥਿਕ ਵਿਵਸਥਾ ਵਿਚ ਕੇਵਲ ਕਾਮ ਪੁਤਲੀ ਬਣ ਕੇ ਰਹਿ ਗਈ ਤਾਂ ਕ੍ਰਾਂਤੀ ਲਿਆਉਣਾ ਕੀ ਉਹ ਇਸਤ੍ਰੀ ਜਾਤੀ ਦੀ ਆਜ਼ਾਦੀ ਲਈ ਖਤਰਾ ਬਣ ਕੇ ਰਹਿ ਜਾਏਗਾ।

ਪਾਤਰ :—ਵਿਚਾਰ ਅਧੀਨ ਕਹਾਣੀਆਂ ਦੇ ਕੁਝ ਪਾਤ੍ਰਾਂ ਦੀ ਉਸਾਰੀ ਬੜੀ ਸਜੀਵ ਢੰਗ ਦੀ ਹੋਈ ਹੈ। ਪ੍ਰੋ: ਦਿਲਜੀਤ ਸਿੰਘ ਦੀ ਕਹਾਣੀ 'ਦੁੱਕੀ ਤਿੱਕੀ ਪੰਜੀ' ਦੀ ਨਾਇਕਾ 'ਸ਼ੀਲਾ' ਅਤੇ ਨਾਇਕ "ਖਜੂਰੀਆ", ਕਾਫ਼ੀ ਹਾਊਸ ਦਾ ਪਾਤਰ 'ਵਕੀਲ ਸੁਰਜਨ ਸਿੰਘ' ਅਤੇ 'ਮੇਲਾ', 'ਰੰਗਾਂ ਦੀ ਖੇਡ ਦਾ 'ਸਰਦਾਰ ਸੁੱਚਾ ਸਿੰਘ' 'ਰੁਕੀ ਹੋਈ ਕਹਾਣੀ' ਦੀ 'ਮੂਰਤੀ' ਸਜੀਵ ਪਾਤ੍ਰ ਜਾਪਦੇ ਹਨ। ਗੁਰਚਰਨ ਸਿੰਘ 'ਗੁਲਸ਼ਨ' ਦੀ ਕਹਾਣੀ "ਫੈਸਲਾ" ਦੀ 'ਸ਼ਬਨਮ', "ਖਡੌਣਾ" ਦਾ ਮਾਸ-ਟਰ ਰਣਜੀਤ ਸਿੰਘ, "ਬੂਟਾਂ ਦਾ ਜੋੜਾ" ਦਾ ਮਾਸਟਰ ਸ਼ਰਮਾ, ਕੰਵਲ ਕਸ਼ਮੀਰ ਦੀ ਕਹਾਣੀ "ਪਾਸ਼ੀ" ਦੀ 'ਪਾਸ਼ੀ', "ਦੁਮੇਲ" ਦੀ 'ਮੁਗਲੀ', 'ਭੁਲੇਖਾ' ਦਾ ਨੂਰਾ' ਸਰਨ ਸਿੰਘ ਦੀ ਕਹਾਣੀ 'ਧਾਈਂ ਦਾ ਢੇਰ' ਦੀ ਜ਼ੂਨੀ ਅਤੇ 'ਮੂਨਸ਼ੀ' ਸਜੀਵ ਹੋਣ ਤੋਂ ਛੁੱਟ ਆਪਣੀ ਆਪਣੀ ਸ਼੍ਰੇਣੀ ਦੇ ਪ੍ਰਤਿਨਿਧੀ ਪਾਤ੍ਰ ਵੀ ਹਨ।

ਪਰ ਸਰਨ ਸਿੰਘ ਦੀ ਕਹਾਣੀ "ਭੁਲੇਖੇ" ਦੀ ਨਾਇਕਾ 'ਕਮਲ', ਜਿਸ 'ਤੇ ਅੰਤ ਵਿਚ ਮੰਟੋ ਦੇ "ਠੰਡਾ ਗੋਸ਼ਤ" ਵਰਗਾ ਪ੍ਰਭਾਵ ਪੈ ਜਾਂਦਾ ਹੈ, ਬੜਾ ਹੀ complex character ਜਾਪਦਾ ਹੈ। "ਤਬਦੀਲੀ" ਦਾ ਰਵੀ ਅਤੇ ਸ਼ਾਂਤੀ ਵੀ ਸਰਨ ਸਿੰਘ ਦੇ ਅਭੁਲ ਪਾਤਰ ਹਨ।

ਮਾਨ ਭਾਰਗਵ ਦੀ ਕਹਾਣੀ "ਪੌਹ ਫੁਟਦੀ ਪਈ ਹੈ" ਦਾ ਪਾਤਰ 'ਮੁਹੰਮਦੂ' ਬੜਾ ਹੀ ਸੰਘਰਸ਼ਸ਼ੀਲ ਅਤੇ ਸੁਚੇਤ ਪਾਤਰ ਹੈ ਜੋ ਆਪਣੀ ਸ਼੍ਰੇਣੀ ਦੀ ਪੂਰੀ ਜਾਗਰੂਕਤਾ ਨਾਲ ਪ੍ਰਤਿਨਿਧਤਾ ਕਰਦਾ ਹੈ।

ਪ੍ਰੋ: ਪ੍ਰੇਮ ਸਿੰਘ ਦੀ ਕਹਾਣੀ "ਇਕ ਹਾਉਕਾ" ਅਤੇ "ਕੰਧਾਂ" ਦਾ "ਬਾਵਾ ਗੋਕਲਾ" 'ਬੂਟ ਪਾਲਿਸ਼' ਦਾ 'ਗੁੱਲਾ', "ਝੱਖੜ" ਦੀ 'ਜੂਨ' "ਨਵੇਂ ਅਸਤਾਨੇ ਨਵੇਂ ਨਜਰਾਨੇ" ਦੀ ਅਜ਼ੀਜ਼ੀ ਅਤੇ 'ਮਾਂ" ਦੀ ਲਾਜਵੰਤੀ, 'ਸਾਹੋ ਸਾਹ" ਦੀ 'ਅਸਮਤ' ਅਤੇ 'ਜਾਵੇਦ' ਸਾਰੇ ਹੀ ਪ੍ਰਤੀਨਿਧ ਪਾਤਰ ਹਨ। ਅਸਮਤ ਪੂੰਜੀਵਾਦੀ ਐਸ਼ਪ੍ਰਸਤ ਰੁਚੀਆਂ ਵਾਲੀ ਇਸਤਰੀ ਸ਼ਰੇਣੀ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਜਾਵੇਦ ਮੱਧ ਵਰਗ ਦੇ ਬੇਬਸੀ ਵਿਚ ਪਿਸਦੇ ਵਿਅਕਤੀ ਦੀ। "ਮੇਰੀ ਦੁਨੀਆਂ" ਦੀ ਪ੍ਰਕਾਸ਼ ਵੀ ਨਾ ਭੁਲਣ ਵਾਲੀ ਪਾਤ੍ਰ ਹੈ। ਮੌਖਤੀ ਪ੍ਰੋ; ਪ੍ਰੇਮ ਸਿੰਘ ਦਾ ਬੜਾ ਹੀ ਸੁਚੇਤ ਪਾਤਰ ਹੈ। ਸਮੁਚੇ ਤੌਰ 'ਤੇ ਪਾਤਰਾਂ ਬਾਰੇ ਇੰਨਾ ਹੀ ਕਹਿਣਾ ਕਾਫੀ ਹੈ ਕਿ ਪਾਤਰ ਹਮੇਸ਼ਾਂ ਕਿਸੇ ਵਰਗ ਦੀ ਪ੍ਰਤੀਨਿਧਤਾ ਕਰਦਾ ਹੋਣਾ ਚਾਹੀਦਾ ਹੈ। ਹੋਰ ਚੰਗਾ ਹੋਵੇ ਜੇ ਪਾਤਰ ਸ਼੍ਰੇਣੀ ਸੁਚੇਤ ਜਾਂ ਵਰਗ ਸੁਚੇਤ ਹੋਣ ਅਤੇ ਸੰਘਰਸ਼ਸ਼ੀਲ ਹੋਣ ਵਿਸ਼ੇਸ਼ ਕਰ ਆਧੁਨਿਕ ਦੌਰ ਵਿਚ ਜਦ ਕਿ ਆਧੁਨਿਕ ਮਾਨਵ ਸਮਾਜਵਾਦ ਲਈ ਜੂਝ ਰਿਹਾ ਹੈ। ਇਸ ਦੌਰ ਵਿਚ ਵਿਅਕਤੀਵਾਦੀ ਪ੍ਰਵਿਰਤੀਆਂ ਦੇ ਪਾਤਰ Heroism and personality cult ਉਭਾਰਦੇ ਹਨ ਸੋ ਸਾਡੇ ਉਦੇਸ਼ ਵਿਚ ਰੁਕਾਵਟ ਬਣ ਜਾਂਦੇ ਹਨ। ਬਹੁਤ ਹੀ ਚੰਗਾ ਹੋਵੇ ਜੇ ਜਨ-ਸਮੂਹ ਦੀ ਪਾਤਰ ਉਸਾਰੀ ਹੋ ਸਕੇ। ਪਰ ਇਹ ਕਾਰਜ ਅਤਿ-ਕਠਨ ਹੈ।

ਵਾਤਾਵਰਨ :—ਪ੍ਰੋ; ਦਿਲਜੀਤ ਸਿੰਘ ਦਾ ਵਾਤਾਵਰਨ ਬਹੁਤਾ ਕਰਕੇ ਪੰਜਾਬੀ ਵਾਤਾਵਰਨ ਹੀ ਹੈ। ਉਸ ਦੇ ਰਿਕਸ਼ਾਵਾਹਕ ਪਾਤ੍ਰ ਕਿਤਨੇ ਸਜੀਵ ਹਨ ਅਤੇ ਕਿਤਨਾ ਵਾਸਤਵਿਕ ਵਾਤਾਵਰਨ ਉਭਾਰਦੇ ਹਨ। ਕਹਾਣੀਕਾਰ ਦਾ ਅਨੁਭਵ ਅਧਿਕਤਰ ਪੰਜਾਬੀ ਵਾਤਾਵਰਨ ਦਾ ਹੀ ਹੈ ਜਿਸ ਦੇ ਚਿਤਰਨ ਵਿਚ ਉਸ ਸਫਲਤਾ ਵੀ ਪ੍ਰਾਪਤ ਕੀਤੀ ਹੈ।

ਪ੍ਰੋ: ਪ੍ਰੇਮ ਸਿੰਘ, ਪ੍ਰੋ: ਸੇਵਾ ਸਿੰਘ, ਕੰਵਲ ਕਸ਼ਮੀਰੀ, ਸਰਨ ਸਿੰਘ, ਗੁਰਚਰਨ ਸਿੰਘ, "ਗੁਲਸ਼ਨ" ਦੀਆਂ ਕਹਾਣੀਆਂ ਵਿਚ ਕਸ਼ਮੀਰੀ ਵਾਤਾਵਰਨ ਉਘੜਦਾ ਹੈ।

'ਕੰਵਲ' ਦੀ ਕਹਾਣੀ "ਦੁਮੇਲ", "ਪਾਸ਼ੀ", "ਧੱਬਾ", "ਅਣਪਛਾਤੇ ਸੁਰਤਾਲ" "ਸਮਝੌਤਾ" ਅਤੇ ਪ੍ਰੋ, ਪ੍ਰੇਮ ਸਿੰਘ ਦੀਆਂ ਕਰੀਬ ਕਰੀਬ ਸਾਰੀਆਂ ਹੀ ਕਹਾਣੀਆਂ ਅਤੇ ਸਰਨ ਸਿੰਘ ਦੀ "ਧਾਈਂ ਦਾ ਢੇਰ" ਕਸ਼ਮੀਰੀ ਵਾਤਾਵਰਨ ਨੂੰ ਲੈ ਕੇ ਲਿਖੀਆਂ ਗਈਆਂ ਕਹਾਣੀਆਂ ਹਨ। ਇਹ ਪ੍ਰਸੰਨਤਾ ਦੀ ਗੱਲ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਸਥਾਨਿਕ ਰੰਗ ਦੀ ਘਾਟ ਨਹੀਂ।

ਸਾਡੇ ਕੁਝ ਕਹਾਣੀਕਾਰ ਰਿਆਸਤੀ (ਜੰਮੂ ਕਸ਼ਮੀਰ ਵਿਚਲੀ) ਪੰਜਾਬੀ ਕਹਾਣੀ ਦੇ ਉਜਵਲ ਭਵਿਖ ਦਾ ਝਾਉਲਾ ਪਉਂਦੇ ਹਨ। ਪ੍ਰੋ: ਦਿਲਜੀਤ ਸਿੰਘ ਜਿਥੇ ਭਾਵ ਪੱਖ ਤੋਂ ਸੁਲਝਿਆ ਅਤੇ ਕਲਾ ਪੱਖ ਤੋਂ ਮੰਜਿਆ ਕਹਾਣੀਕਾਰ ਹੈ ਉਥੇ ਕੰਵਲ ਕਸ਼ਮੀਰੀ ਪਾਸ ਭਾਸ਼ਾ ਦੀ ਅਮੀਰੀ,

ਬੋਧਕ ਜਾਗਰੂਕਤਾ, ਅਨੁਭਵ ਦੀ ਗਹਿਰਾਈ ਦੀ ਪੂੰਜੀ ਅੱਧਿਕ ਮਾਤਰਾ ਵਿਚ ਹੈ। ਪ੍ਰੋ: ਪ੍ਰੇਮ ਸਿੰਘ ਨੂੰ ਭਾਸ਼ਾ ਤੇ ਪੂਰਾ ਅਧਿਕਾਰ ਪ੍ਰਾਪਤ ਹੈ। ਉਸ ਦੀ ਦ੍ਰਿਸ਼ਟੀ ਬਹੁਤ ਹੀ ਪੈਣੀ ਹੈ, ਦੂਰ ਗਹਿਰੇ ਉਤਰ ਕੇ ਸਮਾਜ ਦੇ ਚੁਗਿਰਦੇ 'ਚੋਂ ਕਹਾਣੀ ਖੋਜ ਲੈਂਦੀ ਹੈ। ਵਾਤਾਵਰਣ ਨੂੰ ਕਹਾਣੀ 'ਚ ਗੁੰਦਣਾ ਪ੍ਰੋ: ਪ੍ਰੇਮ ਸਿੰਘ ਦਾ ਹੀ ਕੰਮ ਹੈ। ਉਹ ਕੰਵਲ ਦੀ ਤਰ੍ਹਾਂ ਪ੍ਰਾਚੀਨ ਨੂੰ ਨਵੇਂ ਸੰਦਰਭਾਂ ਵਿਚ ਨਵੇਂ ਅਰਥ ਦੇਂਦਾ ਏ। ਸਰਨ ਸਿੰਘ ਦੀਆਂ ਕਹਾਣੀਆਂ "ਧਾਈਂ ਦਾ ਢੇਰ", "ਭੁਲੇਖੇ" ਅਤੇ "ਤਬਦੀਲੀ" ਉਸ ਦੇ ਉਜਵਲ ਭਵਿਖ ਦਾ ਸੁਨੇਹਾ ਜਾਪਦੀਆਂ ਹਨ।

ਇਨ੍ਹਾਂ ਸਭਨਾਂ ਕਹਾਣੀਕਾਰਾਂ ਤੋਂ ਅਲਗ ਖੜਾ ਗੁਰਚਰਨ ਸਿੰਘ 'ਗੁਲਸ਼ਨ' ਕਸ਼ਮੀਰ ਵਿਚ ਵਿਰਕੀ ਛੋਹਾਂ ਦਿੰਦਾ ਜਾਪਦਾ ਹੈ।

ਅੰਤ ਵਿਚ ਇਹ ਕਹਿਣਾ ਸੱਚ ਹੀ ਹੈ ਕਿ ਜੰਮੂ ਕਸ਼ਮੀਰ ਵਿਚ ਪੰਜਾਬੀ ਕਹਾਣੀ ਕੇਵਲ ਕੁਝ ਵਰ੍ਹਿਆਂ ਦੀ ਉਪਜ ਹੋਣ ਕਾਰਨ ਜਿੱਥੇ ਗਿਣਤੀ ਵਿਚ ਬਹੁਤ ਘਟ ਹੈ ਉਥੇ ਮਾਣ ਵਾਲੀ ਗੱਲ ਹੈ ਕਿ ਘਟੀਆ ਨਹੀਂ। ਵਸਤੂ ਪੱਖ ਤੋਂ ਇਸ ਦਾ ਪਸਾਰਾ ਬੇਸ਼ਕ ਬੀਹ, ਬਾਈ ਵਰ੍ਹਿਆਂ ਦੇ ਪ੍ਰਭਾਵਾਂ ਦੀ ਉਪਜ ਹੈ ਪਰ ਇਹ ਪ੍ਰਭਾਵ ਵੀ ਪਿਛਲੀ ਕੋਈ ਇਕ ਸਦੀ ਤੋਂ ਰਾਜਨੀਤਕ, ਸਮਾਜਿਕ ਅਤੇ ਆਰਥਿਕ ਤਬਦੀਲੀਆਂ ਦੀ ਪ੍ਰਕ੍ਰਿਆ ਸ੍ਵਰੂਪ ਹੀ ਪਸਰੇ ਪਏ ਹਨ।

(ਸ਼ੀਰਾਜ਼ਾ ਅੰਕ 2.)

ਜਸਵੰਤ ਸਿੰਘ

ਜਾਪੁ ਸਾਹਿਬ—ਵਿਚਾਰ ਅਤੇ ਸ਼ੈਲੀ

ਲੋਇਣ ਲੋਈ ਡਿਠ, ਪਿਆਸ ਨਾ ਬੁਝੈ ਮੂ ਘਣੀ,
ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੇ ਮਾਪਿਰੀ।

ਅਗੰਮ ਪਿਰ ਨੂੰ ਵੇਖਣ ਲਈ ਸਥੂਲ ਅੱਖਾਂ ਦਾ ਚਾਨਣ ਪ੍ਰੇਮੀ ਦੀ ਸਹਾਇਤਾ ਨਹੀਂ ਕਰਦਾ। ਇਹ "ਬਿਅੰਨਿ" ਅੱਖਾਂ ਹੀ ਹਨ ਜਿਨ੍ਹਾਂ ਨਾਲ ਗੁਰੂ ਗੋਬਿੰਦ ਸਿੰਘ ਨਿਰਗੁਣ ਸਰੂਪ ਅਕਾਲ ਪੁਰਖ ਦਾ ਆਪ ਦੀਦਾਰ ਕਰਦੇ ਹਨ ਅਤੇ ਸਥੂਲ ਅੱਖਾਂ ਵਾਲੇ ਮਨੁੱਖਾਂ ਨੂੰ ਨਿਰਗੁਣ ਨੂੰ ਉਹਦੇ ਸਰਗੁਣ ਰੰਗਾਂ ਵਿਚ ਮੂਰਤੀਮਾਨ ਕਰਕੇ ਦਰਸ਼ਨ ਕਰਵਾਉਂਦੇ ਹਨ। ਬੌਧਿਕ ਉਨਤੀ ਦੇ ਨਾਲ ਬੁਧਵਾਨ ਮਨੁੱਖ ਦੇ ਵਾਸਤੇ ਜਗਤ ਦੀ ਰਚਨਾ ਇਕ ਬੁਝਾਰਤ ਬਣੀ ਰਹੀ ਹੈ ਜਗਤ ਦੀ ਰਚਨਾ ਕਿਵੇਂ ਹੋਈ? ਕਿਸ ਨੇ ਕੀਤੀ? ਕਾਹਦੇ ਲਈ ਕੀਤੀ? ਮਨੁੱਖ ਦੇ ਜੀਵਨ ਦਾ ਕੀ ਮੁੱਲ ਅਤੇ ਮਨੋਰਥ ਹੈ? ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉਤਰ ਆਪਣੇ ਆਪਣੇ ਢੰਗ ਵਿਚ ਵਿਦਵਾਨਾ ਨੇ ਦਿਤੇ ਹਨ। ਅਜੇਹੇ ਬੁਧੀਵਾਦੀ ਲੋਕਾਂ ਨੂੰ ਦੋ ਸ਼ਰੇਣੀਆਂ ਵਿਚ ਵੰਡਿਆਂ ਜਾ ਸਕਦਾ ਹੈ। ਇਕ ਉਹ ਜਿਹੜੇ ਜਗਤ ਨੂੰ ਅਕਾਲ ਪੁਰਖ ਦੀ ਰਚਨਾ ਮੰਨਦੇ ਹਨ। ਅਤੇ ਦੂਜੇ ਨਾਸਤਕ ਹਨ ਜਿਹੜੇ ਦਰਿਸ਼ਟ-ਮਾਨ ਜਗਤ ਨੂੰ ਹੀ ਸਚੁ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਆਪਣੇ ਪੂਰਵਕਾਲੀਨ ਗੁਰੂ ਅਤੇ ਚਿੰਤਕ ਵਾਂਗ ਅਕਾਲ ਪੁਰਖ ਨੂੰ ਇਸ ਸਾਰੇ ਬ੍ਰਹਿਮੰਡ ਦਾ ਕਰਤਾ ਮੰਨਦੇ ਹਨ।

ਜਾਪੁ ਸਾਹਿਬ ਜਿਹਾ ਕਿ ਬਾਣੀ ਦੇ ਸਿਰਲੇਖ ਤੋਂ ਪਰਤਖ ਹੁੰਦਾ ਹੈ ਸ਼ਰਧਾਤਮਕ ਭਗਤੀ ਕਾਵਿ ਹੈ ਜਿਹੜਾ ਪਾਠਕ ਨੂੰ ਅਕਾਲ ਪੁਰਖ ਨਾਲ ਇਕਸੁਰ ਹੋਣ ਲਈ ਧੂਹ ਪਾਂਦਾ ਹੈ। ਭਗਤੀ ਜੀਵਨ ਅਤੇ ਵਿਚਾਰ ਦਾ ਇਕ ਮੁਖ ਅੰਗ ਹੈ—ਮਨੁੱਖ ਲਈ ਸੰਸਾਰਕ ਵਿਹਾਰਾਂ ਤੋਂ ਉਪਰ ਉਠਕੇ ਭਾਵਨਾਤਮਕ ਸੰਸਾਰ ਦੇ ਵਚਿਤਰ ਮੰਡਲਾਂ ਵਿਚ ਉਡਾਰੀਆਂ ਲਾਂਦਿਆਂ ਫੁਲ ਵਾਂਗ ਹਲਕਾ ਫੁਲਕਾ ਅਤੇ ਸੁੰਦਰ ਬਣਨ ਦਾ ਇਕ ਵਸੀਲਾ ਹੈ। ਜਾਪੁ ਸਾਹਿਬ ਆਪਣੇ ਰਚਣਹਾਰ ਦੇ ਕਲਪਨਾਤਮਕ ਅਤੇ ਭਾਵਨਾਤਮਕ ਅਨਭਵ ਦਾ ਇਕ ਅਨੂਪਮ ਕ੍ਰਿਸ਼ਮਾ ਹੈ। ਪਾਠਕ ਗੁਰੂ ਸਾਹਿਬ ਦੀ ਉਤਕ੍ਰਿਸ਼ਟ ਕਵਿਤਾ ਦੇ ਭਾਵਨਾਤਮਕ ਸੰਸਾਰ ਦੀ ਯਥਾਰਥ ਸਥਿਤੀ ਵਿਚ ਪਰਵੇਸ਼ ਕਰਦਾ ਹੈ ਅਤੇ ਆਪਣੀਆਂ

ਬਿਅੰਨਿ ਅੱਖਾਂ ਨਾਲ ਅਕਾਲ ਪੁਰਖ ਦਾ ਉਵੇਂ ਦਰਸ਼ਨ ਕਰਦਾ ਹੈ ਜਿਵੇਂ ਇਕ ਵਿਗਿਆਨੀ ਮਾਈਕਰੋਸਕੋਪ ਦੇ ਰਾਹੀਂ ਅਣਡਿਠ ਚੀਜ਼ਾਂ ਨੂੰ ਪੁਤਲੀ ਵਿਚ ਪਰਤਖ ਵੇਖਦਾ ਹੈ।

ਮਨੁੱਖ ਨੂੰ ਬੁਧੀਵਾਦੀ ਅਤੇ ਸਭਿਯ ਬਣਨ ਵਿੱਚ ਉਹਦੀ ਕਲਪਨਾ ਨੇ ਬੜੀ ਸਹਾਇਤਾ ਕੀਤੀ ਹੈ। ਚੇਤਨ ਮਨੁੱਖ ਦੀ ਜਿਹੜੀ ਗੱਲ ਕਲ ਸਾਧਾਰਨ ਮਨੁੱਖ ਨੂੰ ਮਨ ਦੀ ਕਲਪਨਾ ਜਾਪਦੀ ਸੀ ਉਹ ਅਜ ਸਚ ਬਣ ਗਈ ਹੈ ਭਾਵੇਂ ਇਹ ਗੱਲ ਭੌਤਿਕ ਜਗਤ ਦੇ ਰਹੱਸਾਂ ਦੀ ਯਥਾਰਥਕਤਾ ਸਬੰਧੀ ਹੀ ਪੂਰੀ ਉਤਰਦੀ ਹੈ ਪਰ ਹਾਲੀ ਮਨੁੱਖ ਭੌਤਿਕਵਾਦੀ ਜਗਤ ਦੇ ਰਹੱਸਾਂ ਸਬੰਧੀ ਸਮੁੰਦਰ ਵਿਚੋਂ ਕੁਝ ਤੁਪਕਿਆਂ ਜਿਨ੍ਹਾਂ ਗਿਆਨ ਹੀ ਪ੍ਰਾਪਤ ਕਰਨ ਵਿਚ ਸਫਲ ਹੋਇਆ ਹੈ ਅਤੇ ਜਗਤ ਦੀ ਮੂਲਕ ਸ਼ਕਤੀ ਬਾਰੇ ਹਾਲੀ ਉਹ ਕੁਝ ਕਹਿਣ ਤੋਂ ਅਸਮਰਥ ਹੈ। ਇਸ ਪਾਸੇ ਸੰਸਾਰ ਦੇ ਈਸ਼ਰ-ਵਾਦੀ ਭਗਤਾਂ ਵਾਂਗ ਜਾਪੁ ਸਾਹਿਬ ਮਨੁੱਖ ਮਨ ਦੀ ਅਗਵਾਈ ਕਰਦੀ ਹੈ ਅਤੇ ਮਨੁੱਖ ਨੂੰ ਇਸ ਜਗਤ ਦੇ ਮੂਲ ਕਾਰਨ ਦਾ ਗਿਆਨ ਦੇ ਕੇ ਸੰਸਾਰ ਦੀ ਹੋਂਦ ਦੇ ਮੂਲ ਮਨੋਰਥ ਉਤੇ ਚਾਨਣ ਪਾਂਦੀ ਹੈ :

ਆਦਿ ਰੂਪ ਅਨਾਦਿ ਮੂਰਿਤ ਅਜੋਨਿ ਪੁਰਖ ਅਪਾਰ।
ਸਰਬਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥
ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ॥

ਸੰਸਾਰ ਦੇ ਮੂਲ ਕਾਰਨ ਦੇ ਸਚ ਨੂੰ ਲਭਣਾ ਸਧਾਰਨ ਬੁਧੀ ਦਾ ਕਰਮ ਨਹੀਂ। ਇਹ ਮਾਨਸਕ ਅਤੇ ਬੌਧਿਕ ਪੁਰਸ਼ਾਰਥ ਅਤੇ ਅਭਿਆਸ ਦਾ ਕਾਰਜ ਹੈ। ਗੁਰੂ ਸਾਹਿਬ ਨੇ ਹੇਮਕੁੰਡ ਵਿੱਚ ਤਪਸਿਆ ਕੀਤੀ ਅਤੇ ਉਸ ਤਪਸਿਆ ਦੇ ਫਲ-ਸਰੂਪ ਉਨ੍ਹਾਂ ਨੇ ਸਚਖੰਡ ਵਿਚ ਪਰਵੇਸ਼ ਕੀਤਾ ਅਤੇ ਜਾਪੁ ਸਾਹਿਬ ਵਿਚ ਉਸ ਸ਼ਕਤੀ ਸਬੰਧੀ ਇਉਂ ਫੁਰਮਾਇਆ :

ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ॥
ਸਰਬ ਬਿਸਵ ਰਚਿਓ ਸੁਯੰਭਵ ਗੜਨ ਭੰਜਨਹਾਰ॥

ਜਾਪੁ ਸਾਹਿਬ ਅਨੁਸਾਰ ਰਚਨਹਾਰ ਇਕ-ਸੁਰ ਹਨ। ਰਚਨਹਾਰ ਰਚਨਾ ਨੂੰ ਉਸੀ ਤਰ੍ਹਾਂ ਸਤਤਾ ਬਖਸ਼ਦਾ ਹੈ ਜਿਵੇਂ ਪਾਣੀ ਬ੍ਰਨਾਸਪਤੀ ਨੂੰ ਸ਼ਕਤੀ ਦੇਂਦਾ ਹੈ। ਪਾਣੀ-ਰਹਿਤ ਧਰਤੀ ਦਾ ਖੰਡ ਨਿਰਾ ਰੇਤ ਦਾ ਢੇਰ ਹੈ। ਉਸ ਵਿਚ ਨਾ ਸੁੰਦਰਤਾ ਹੁੰਦੀ ਹੈ ਨਾ ਖਿਚ। ਧਰਤੀ ਦੇ ਥਾਲ ਵਾਂਗ ਰਚਨਹਾਰ ਅਥਾਹ ਸ਼ਕਤੀ ਹੈ। ਜਿਵੇਂ ਧਰਤੀ ਵਿਚ "ਅਸੰਖ ਨਾਂਵ" ਅਤੇ "ਅਸੰਖ ਥਾਂਵ" ਹਨ ਪਰ ਇਸ ਦਾ ਮੂਲਕ ਤਤੁ ਇਕ ਹੈ ਤਿਵੇਂ ਇਕ ਮੂਲ ਤਤੁ ਤੋਂ ਸਾਰੇ ਜਗਤ ਦੀ ਵਚਿਤਰ ਰਚਨਾ ਹੋ ਰਹੀ ਹੈ। ਜਿਸ ਦਾ ਆਸ਼ਾ ਵਚਿਤਰ ਖੇਲ ਹੈ :—

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜ਼ਾਇ॥
ਸਰਬ ਮਾਨ ਸਰਬਤ੍ਰ ਮਾਨ ਸਦੈਵ ਮਾਨਤ ਤਾਇ॥
ਏਕ ਮੂਰਤਿ ਅਨੇਕ ਦਸਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਣ ਅੰਤ ਕੋ ਫਿਰ ਏਕ॥

ਜਗਤ ਦਾ ਮੂਲ ਮਨੋਰਥ ਅਮੀਰੀ ਹੈ। ਵਿਕਾਸ ਅਤੇ ਵਿਨਾਸ ਅਮੀਰੀ ਦਾ ਰਾਹ ਹੈ। 'ਖੇਲ' ਸ਼ਬਦ ਅਮੀਰੀ ਦਾ ਸੂਚਕ ਹੈ। ਆਧੁਨਿਕ ਮਨੁੱਖ ਪੂੰਜੀਵਾਦੀ ਅਤੇ ਸਮਾਜਵਾਦੀ ਦਰਸ਼ਨ ਅਧੀਨ ਜੀਵਨ ਦੀ ਅਮੀਰੀ ਦੇ ਸਾਰਨ ਪ੍ਰਾਪਤ ਕਰਨ ਦੇ ਯਤਨ ਵਿੱਚ ਹੈ ਪਰ ਇਸ ਰੁਚੀ ਦਾ ਮੂਲ ਤਤੁ ਅਕਾਲ ਪੁਰਖ ਨੇ ਆਪ ਆਦਿ ਕਾਲ ਤੋਂ ਰਚਿਆ ਹੈ। ਅਮੀਰੀ ਸ਼ਬਦ ਦਾ ਸਮਾਨ ਅਰਥ ਸ਼ਬਦ ਮਾਨਸਕ ਸੰਤੁਸ਼ਟਤਾ ਜੀਵਨ ਦੀ 'ਖੇਡ' ਹੈ ਅਤੇ ਸਵਪੂਰਨਤਾ ਲਈ ਮਨੁੱਖ ਆਰਥਕ ਪਦਾਰਥਕ ਤੇ ਅਧਿ-ਆਤਮਕ ਤੌਰ ਤੇ ਯਤਨ ਵਿਚ ਜੁਟਿਆ ਰਹਿੰਦਾ ਹੈ। ਕਰਤਾਰ ਆਪ 'ਅਖੇਲ' ਹੈ ਉਹ 'ਖੇਲ' ਦੇ ਸਾਧਨ ਮਨੁੱਖ ਨੂੰ ਬਖਸ਼ਦਾ ਹੈ :

ਸਦਾ ਸਿਧਦਾ ਬੁਧਦਾ ਬ੍ਰਿਧਕਪਤਾ।
ਅਧੋ ਉਰਧ ਅਰਧੰ,
ਅਘੰ ਓਘ ਹਰਤਾ ॥

ਇਹ ਖੇਡ ਭੀ ਗੁੰਦੀ-ਮਿਥੀ ਵਿਉਂਤ ਅਨੁਸਾਰ ਚਲ ਰਹੀ ਹੈ ਜਿਵੇਂ ਸਮੁੰਦਰ ਦਾ ਪਾਣੀ ਕਈ ਤਰ੍ਹਾਂ ਦੇ ਕੋਤਕਾਂ ਵਿਚ ਵਿਚਰਦਾ ਮੁੜ ਸਮੁੰਦਰ ਵਿਚ ਰਲਦਾ ਹੈ ਤਿਵੇਂ ਜਗਤ ਦੀਆਂ ਵਿਭੰਨ ਜੀਵ ਅਤੇ ਸਜੀਵ ਸ਼ਰੇਣੀਆਂ 'ਖੇਡ' ਦੇ ਸਮੇਂ ਵਿਚ ਖਪਤ ਹੁੰਦੀਆਂ ਹਨ :

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।

ਜੀਵਨ ਦੀ ਅਮੀਰੀ ਅਤੇ ਸੰਤੁਸ਼ਟਤਾ ਮਾਨਸਕ ਪਰਵਿਰਤੀਆਂ ਅਤੇ ਪਦਾਰਥਕ ਸਮਿਗਰੀ ਦੀ ਪ੍ਰਾਪਤੀ ਤੋਂ ਹੁੰਦੀ ਹੈ। ਬਾਹਰਮੁਖੀ ਤੌਰ ਤੇ ਵੇਖਣ ਤੋਂ ਪਦਾਰਥਕ ਸਮਿਗਰੀ ਦਾ ਸੰਮਾ ਕੁਦਰਿਤ ਪਰਤੀਤ ਹੁੰਦੀ ਹੈ ਕਿਉਂਕਿ ਮਨੁੱਖ ਨੂੰ ਇੰਦਰਿਆਵੀ ਤੌਰ ਕੁਦਰਤ ਦੀ ਯਥਾਰਥਕਤਾ ਤੋਂ ਪਰੇ ਕੁਝ ਪਰਤੀਤ ਨਹੀਂ ਹੁੰਦਾ। ਪਰ ਕੁਦਰਿਤ ਅਸਿਤ ਹੈ ਅਤੇ ਇਸ ਦਾ ਮੂਲ ਤਤ ਸਤਿ ਹੈ ਤੇ ਉਹੀ ਕੁਦਰਿਤ ਦਾ 'ਕਾਰਨ' ਅਤੇ 'ਕਰਤਾ' ਹੈ ਅਤੇ ਉਹੀ ਪਦਾਰਥਕ ਸਮਿਗਰੀ ਦਾ ਮੂਲ ਤੱਤ ਹੈ। ਇਸ ਲਈ ਉਹਨੂੰ ਮਹਾਂ-ਪੁਰਸ਼, ਪਰਵਰਦਗਾਰ ਆਖਦੇ ਹਨ ਅਤੇ ਇਸੀ ਸਚ ਦੇ ਭੇਦ ਨੂੰ ਖੋਲ੍ਹਣ ਲਈ ਜਾਪੁ ਸਾਹਿਬ ਦੇ ਰਚਨਹਾਰ ਫੁਰਮਾਂਦੇ ਹਨ :

ਕਿ ਕਾਰਨ ਕੁਨਿੰਦ ਹੈਂ।
ਕਿ ਰੋਜ਼ੀ ਦਿਹੰਦ ਹੈਂ।
ਕਿ ਰਾਜ਼ਕ ਰਹੀਮ ਹੈਂ।
ਕਿ ਕਰਮੰ ਕਰੀਮ ਹੈਂ।

ਜਾਪੁ ਸਾਹਿਬ ਦੀ ਸੰਗੀਤਕ ਸੁਰ ਵਿਚ ਗੁਰੂ ਸਾਹਿਬ ਨੇ ਆਪਣੀ ਰਚਨਾ ਦੇ ਵਸਤੂ ਨੂੰ ਇਕ ਚਿੰਤਕ ਵਾਂਗ ਨਿਭਾਇਆ ਹੈ। ਦਰਿਸ਼ਟਮਾਨ ਰਚਨਾ ਦੇ ਮੂਲ ਕਾਰਨ ਵਲ 78 ਤੋਂ 89 ਪਾਉੜੀਆਂ ਤਕ ਸੰਖੇਪ ਪਰ ਸਰਲ ਅਤੇ ਭਾਵਪੂਰਤ ਸ਼ੈਲੀ ਵਿੱਚ ਸੇਨਤ ਕਰਦੇ ਹਨ। ਉਪਰਲੀਆਂ ਪੌੜੀਆਂ ਵਾਂਗ ਪਹਿਲੀ ਪਾਉੜੀ ਦੀ ਸ਼ੈਲੀ ਭੀ ਉਤਕ੍ਰਿਸ਼ਟ ਹੈ। ਅਕਾਲ ਪੁਰਖ ਦਾ ਕੋਈ ਚਹਿਨ-ਚਕਰ ਅਰ ਜ਼ਾਤ ਪਾਤ ਨਹੀਂ। ਕਿਉਂਕਿ ਚਿਹਨ ਅਤੇ ਜ਼ਾਤ ਪਾਤ ਦੇ ਬੰਧਨ ਉਹਨੂੰ ਗਿਣੀ ਮਿਣੀ ਸ਼ਰੇਣੀ ਵਿਚ ਰੱਖ ਦੇਂਦੇ ਹਨ। ਅਸਲ ਵਿੱਚ ਉਹ 'ਸ਼ਰੇਣੀਆਂ' ਦਾ 'ਕਾਰਨ' ਅਤੇ 'ਕਰਤਾ' ਹੈ। ਉਹ ਨਿਰਾ

ਪ੍ਰਕਾਸ਼ ਹੈ ਜਿਸ ਤੋਂ ਮਾਇਆ ਸੱਤਾ ਲੈਂਦੀ ਹੈ ਅਤੇ ਆਪਣੀ ਹੋਂਦ ਦਾ ਵਿਭਿੰਨ ਰੂਪਾਂ ਵਿਚ ਚਮਤਕਾਰ ਦਸਦੀ ਹੈ :

ਚਕ੍ਰ ਚਿਹਨੇ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ।
ਅਚਲ ਮੂਰਿਤ ਅਨਭਉ ਪ੍ਰਕਾਸ਼ ਅਮਿਤੋਜਿ ਕਹਿਜੈ ।
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ।

ਅਕਾਲ ਪੁਰਖ ਦੇ ਪਰਮ ਲਖਸ਼ ਨੂੰ ਪਾਠਕ ਦੇ ਵਿਚਾਰ ਗੋਚਰ ਕਰਕੇ ਗੁਰੂ ਸਾਹਿਬ ਸਾਧਾਰਨ ਮਨੁੱਖ ਦੇ ਗਿਆਨ ਵਿਚ ਵਾਧਾ ਕਰਨ ਲਈ ਅਕਾਲ ਪੁਰਖ ਨੂੰ ਉਹਦੇ ਵਿਭਿੰਨ ਰੰਗਾਂ ਵਿਚ ਖਰਤਖ ਕਰਦੇ ਹਨ। ਉਨ੍ਹਾਂ ਦੀ ਮਹਾਨ ਕਲਪਨਾ ਵਿਚ ਅਕਾਲ ਪੁਰਖ ਕਈ ਰੰਗਾਂ ਵਿੱਚ ਜ਼ਾਹਰ ਹੰਦਾ ਹੈ ਪਰ ਉਹਨਾਂ ਦੇ ਇਹ ਦੋ ਮੁਖ ਲਛਣ ਬਣਦੇ ਹਨ :

ਸਰਬੰ ਗੰਤਾ ਸਰਬ ਹੰਤਾ ।
ਅਤੇ
ਸਰਬੰ ਹਰਤਾ ਸਰਬੰ ਕਰਤਾ ।

ਆਪਣੇ ਵਿਕਾਸ ਦੇ ਮੁਢ ਵਿਚ ਮਨੁੱਖ ਨੇ ਇਸ ਸੰਸਾਰ ਵਿੱਚ ਆਪਣੇ ਆਪ ਨੂੰ ਅਨਾਥ ਸਮਝਿਆ ਹੋਣਾ ਹੈ ਅਤੇ ਨਾਥ ਦੀ ਭਾਲ ਵਿੱਚ ਉਸੀ ਤਰ੍ਹਾਂ ਯਤਨ ਕੀਤੇ ਹੋਣੇ ਹਨ ਜਿਵੇਂ ਸੱਸੀ ਨੇ ਪੁੰਨੂੰ ਨੂੰ ਮਾਰੂਥਲ ਵਿਚ ਲਭਣ ਲਈ ਕੀਤੇ ਸਨ। ਸੱਸੀ ਨੇ ਪੁੰਨੂੰ ਨੂੰ ਆਪਣੀ ਸੁਰਿਖਆ ਲਈ ਭਾਲਿਆ। ਸੱਸੀ ਵਾਂਗ ਮੁਢਲੇ ਮਨੁੱਖ ਨੇ ਨਾਥ ਦੇ ਲਈ ਭਾਲ ਕੀਤੀ ਅਤੇ ਉਹਨੂੰ ਰੱਬ ਨਾਥ ਦੇ ਤੌਰ ਆਪਣੇ ਅਨਭਵ ਵਿੱਚ ਲਭਾ ਅਤੇ ਉਹਨੂੰ ਉਹਦੀ ਸ਼ਰਨ ਵਿੱਚ ਹੀ ਆਪਣੀ ਭਲਿਆਈ ਦਿਸੀ।

ਗੁਰੂ ਸਾਹਿਬ ਪਾਠਕ ਨੂੰ ਨਾਥ ਦਾ ਚਿਹਨ-ਚਕਰ ਦਸ ਕੇ ਪਲਾ ਫੜਨ ਲਈ ਪ੍ਰੇਰਨਾ ਦੇਂਦੇ ਹਨ। ਇਸ ਵਿਧੀ ਨੂੰ ਗੁਰਬਾਣੀ ਵਿੱਚ 'ਇਕ ਜੋਤਿ' ਹੋਣਾ ਅਤੇ ਸੂਫੀ ਮਤ ਵਿੱਚ 'ਵਸਲ' ਆਖਦੇ ਹਨ। ਅਨਾਥ ਨੂੰ 'ਇਕ ਜੋਤਿ' ਹੋਣ ਲਈ ਆਪਣੇ ਆਪ ਨੂੰ ਨਾਥ ਦੇ ਅਰਪਨ ਕਰਨਾ ਪੈਂਦਾ ਹੈ ਅਤੇ ਇੰਜ ਭਗਤੀ ਰਾਹੀਂ ਹੀ ਕੀਤਾ ਜਾ ਸਕਦਾ ਹੈ। ਸੁਖਮਨੀ ਸਾਹਿਬ ਦੇ ਪਿਛੋਂ ਜਾਪੁ ਸਾਹਿਬ ਭਗਤੀ ਭਾਵ ਉਪਜਾਉਣ ਦਾ ਸਰੇਸ਼ਟ ਸਾਧਨ ਹੈ। ਗੁਰੂ ਸਾਹਿਬ ਦੇ ਅਨੁਭਵ ਵਿੱਚ ਅਕਾਲ ਪੁਰਖ ਦਾ ਲਖਸ਼ ਜਦੋਂ ਸਾਕਾਰ ਹੋ ਜਾਂਦਾ ਹੈ ਤਾਂ ਉਹ ਉਹਨੂੰ ਨਮਸਤੇ ਕਰਦੇ ਹਨ। ਉਹ ਆਪਣੀ ਸ਼ਰਧਾ ਦਾ ਪਰਗਟਾਵਾ ਕਰਕੇ ਅਕਾਲ ਪੁਰਖ ਦੇ ਵਚਿਤਰ ਰੰਗਾਂ ਨੂੰ ਸਾਧਾਰਨ ਮਨੁੱਖ ਦੀ ਕਲਪਨਾ ਵਿੱਚ ਲਿਆਉਣ ਲਈ ਸੁਖੈਨਤਾ ਉਤਪੰਨ ਕਰਦੇ ਹਨ :

ਨਮਸਤੂੰ ਅਕਾਲੇ ॥ ਨਮਸਤੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥

ਦੂਜੀ ਪਾਉੜੀ ਤੋਂ ਲੈ ਕੇ 28ਵੀਂ ਪਉੜੀ ਤਕ ਆਪਣੇ ਅਨੁਭਵ ਵਿੱਚ ਅਕਾਲ ਪੁਰਖ ਨੂੰ ਅਨੇਕ ਰੰਗਾਂ ਵਿੱਚ ਸਾਕਾਰ ਕਰਦੇ ਹਨ। ਉਹ 'ਅਕਾਲ' 'ਕ੍ਰਿਪਾਲੂ' ਅਰੂਪ' 'ਅਨੂਪ' 'ਅਲੇਖ' 'ਅਲੇਪ' 'ਅਜੀਤ' 'ਅਭੀਤ' 'ਅਗੰਜ' 'ਉਧਾਰ' 'ਅਪਾਰ', ਅਭੂਤ' ਅਗੰਮ' 'ਨਿਰਾਸਰਾ' ਅਤੇ 'ਸਰਬ-

ਪਾਲਕ' ਹੈ। ਇਸੀ ਤਰ੍ਹਾਂ 28ਵੀਂ ਪਾਉੜੀ ਤੋਂ 78ਵੀਂ ਪਾਉੜੀ ਤਕ ਅਤੇ ਫਿਰ 87ਵੀਂ ਪਉੜੀ ਤੋਂ ਅੰਤ ਤਕ ਭਿੰਨ ਸੁ ਭਿੰਨ ਛੰਦਾਂ ਦੇ ਜਮਜ਼ਮੀ ਸ਼ੀਸ਼ੇ ਵਿੱਚ ਅਕਾਲ ਪੁਰਖ ਦੀ ਉਸਤਿਤ ਕਰਦੇ ਉਹਦੀਆਂ ਸ਼ਕਤੀਆਂ, ਗੁਣਾਂ ਅਤੇ ਵਡਿਆਈਆਂ ਨੂੰ ਬਿਆਨ ਕਰਦੇ ਹਨ।

ਰਾਗ ਅਤੇ ਭਗਤੀ ਦਾ ਹਵਾ ਤੇ ਪਾਣੀ ਦਾ ਸਬੰਧ ਹੈ। ਜਾਪੁ ਸਾਹਿਬ ਦੀ ਸੰਗੀਤਕ ਲੈਅ ਵਿੱਚ ਕਈ ਵੇਰ ਅਕਾਲ ਪੁਰਖ ਦੀਆਂ ਵਡਿਆਈਆਂ ਦਾ ਮੁੜ ਮੁੜ ਕੇ ਪ੍ਰਗਟਾ ਕੀਤਾ ਗਿਆ ਹੈ। ਇਹ ਸੰਗੀਤ ਦੇ ਸੁਰ ਤਾਲ ਵਿਚ ਮਨ ਨੂੰ ਟਕਾਉ ਵਿੱਚ ਲਿਆਉਂਣ ਲਈ ਕੀਤਾ ਗਿਆ ਜਾਪਦਾ ਹੈ।

ਵਿਸ਼ੇ ਵਸਤੂ ਦੀ ਮਹਾਨਤਾ ਤੋਂ ਉਪਰੰਤ ਜਾਪੁ ਸਾਹਿਬ ਦੀ ਸ਼ੈਲੀ ਤੇ ਇਸ ਦਾ ਛੰਦ ਪ੍ਰਬੰਧ ਬਾਣੀ ਦੇ ਰਸੀਏ ਨੂੰ 'ਗੂੰਗੇ ਦੇ ਗੁੜ' ਦਾ ਸਵਾਦ ਦੇਂਦਾ ਹੈ। ਇਸ ਬਾਣੀ ਦੀ ਕਵਿਤਾ ਦੀ ਚਾਲ ਅਤੇ ਬਿਆਨ ਵਿਚ ਸਮੁੰਦਰ ਦੀ ਲਹਿਰ ਵਾਂਗ ਹਿਲ ਜੁਲ ਜਿਹੀ ਪਾਠਕ ਦੇ ਮਨ ਨੂੰ 'ਤੁਰੀਆ' ਅਵਸਥਾ ਵਿਚ ਲੈ ਜਾਂਦੀ ਹੈ। ਕਵਿਤਾ ਵਿਚ ਅਨੂਪਮ ਸ਼ੈਲੀ ਸਬੰਧੀ ਵਿਚਾਰ ਪ੍ਰਗਟ ਕਰਦੀਆਂ ਲਾਈਨਸ ਨੇ ਲਿਖਿਆ ਹੈ ਕਿ 'ਜਿਹੜੀ ਕਵਿਤਾ ਪਾਠਕ ਨੂੰ ਆਪੇ ਤੋਂ ਬਾਹਰ ਲੈ ਜਾਂਦੀ ਹੈ, ਉਹਨੂੰ ਆਪਾ ਭੁਲਾ ਕੇ ਇਕ ਨਵੀਂ ਦੁਨੀਆਂ ਦਾ ਵਾਸੀ ਬਣਾ ਦੇਂਦੀ ਹੈ, ਉਹਦੀਆਂ ਅੱਖਾਂ ਅਗੇ ਨਵੇਂ ਸੁਪਨੇ ਲਟਕਾ ਦੇਂਦੀ ਹੈ ਉਹੀ ਰਚਨਾ ਸ਼ਰੇਸ਼ਟ ਹੈ।' ਜਾਪੁ ਸਾਹਿਬ ਦੇ ਵਿਭਿੰਨ ਛੰਦਾਂ ਵਿੱਚ ਸ਼ਬਦ ਇੰਜ ਜੜੇ ਪਾਠਕ ਦੇ ਮਨ ਨੂੰ ਆਪਣੇ ਵਲ ਖਿਚਦੇ ਹਨ ਜਿਵੇਂ ਸਕਰੀਨ ਉਤੇ ਕੋਈ ਵਚਿਤਰ ਦਰਿਸ਼ ਦਰਸ਼ਕ ਨੂੰ ਆਪੇ ਤੋਂ ਬੇਸੁਧ ਕਰ ਦਿੰਦਾ ਹੈ। ਪਾਠਕ ਜਿਸ ਪਉੜੀ ਦਾ ਪਾਠ ਅਰੰਭ ਕਰਦਾ ਹੈ ਉਸੀ ਪਉੜੀ ਦੇ ਸ਼ਬਦ-ਜਾਲ ਅਤੇ ਵਿਭਿੰਨ ਸ਼ਬਦ ਚਿਤਰਾਂ ਵਿਚ ਖੁਭ ਜਾਂਦਾ ਹੈ ਅਤੇ ਜਦੋਂ ਕੋਈ ਚੰਗਾ ਰਾਗੀ ਕਿਸੇ ਪਉੜੀ ਨੂੰ ਆਪਣੇ ਰਸੀਲੇ ਗਲੇ ਦੀ ਸੁਰ ਵਿਚ ਗਾਉਂਦਾ ਹੈ ਤਾਂ ਇੰਜ ਪਰਤੀਤ ਹੁੰਦਾ ਹੈ ਕਿ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ :

ਕਿ ਸਰਬੰ ਕਮੀਲੇ ॥ ਕਿ ਪਰਮੰ ਫਹੀਮੈ ॥
ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥
ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥
ਹਮੇਸਲ ਸਲਾਮੇ ॥ ਸਲੀਖਤ ਮੁਦਾਮੇ ॥

ਅਜੋਕੇ ਪਦਾਰਥਵਾਦੀ ਯੁਗ ਵਿੱਚ ਜਦੋਂ ਕਿ ਅਧਿਕਾਰ, ਪੈਸੇ ਅਤੇ ਤਾਕਤ ਨੂੰ ਸਭ ਕੁਝ ਮੰਨਿਆ ਜਾ ਰਿਹਾ ਹੈ ਜਾਪੁ ਸਾਹਿਬ ਅਣਮਨੁਖੇ ਮਨੁੱਖ ਨੂੰ ਮਨੁੱਖ ਬਣਾਉਣ ਲਈ ਅੰਮ੍ਰਿਤ ਦਾ ਘੂਟ ਹੈ। ਜਾਪੁ ਸਾਹਿਬ ਦੀ ਚੁਸਤ ਸ਼ੈਲੀ ਅਤੇ ਵਿਚਾਰਾਂ ਦੀ ਬਲਵਾਨਤਾ ਕਾਰਨ, ਚਾਰ ਬਾਣੀਆਂ ਨਾਲ ਅੰਮ੍ਰਿਤ ਤਿਆਰ ਕਰਨ ਸਮੇਂ ਇਹਦਾ ਪੰਜਵੀਂ ਬਾਣੀ ਦੇ ਤੌਰ ਤੇ ਪਾਠ ਵੀ ਕੀਤਾ ਜਾਂਦਾ ਹੈ। ਨਿਤਨੇਮ ਵਿੱਚ ਇਸ ਬਾਣੀ ਨੂੰ ਮਨੁੱਖੀ ਮਨ ਨੂੰ ਚੇਗਿਆਈਆਂ ਗ੍ਰਹਿਣ ਕਰਕੇ ਬਲਵਾਨ ਬਣਾਉਣ ਲਈ ਨੀਯਤ ਕੀਤਾ ਗਿਆ ਹੈ। ਸਪੱਸ਼ਟ ਹੈ ਕਿ ਜਾਪੁ ਸਾਹਿਬ ਦੀ ਮਹਾਨਤਾ ਇਸ ਦੀ ਅਨੂਪਮ ਸ਼ੈਲੀ ਕਾਰਨ ਹੀ ਨਹੀਂ ਸਗੋਂ ਇਹਦੇ ਸਾਂਸਕ੍ਰਿਤਕ ਗੁਣਾਂ ਕਾਰਨ ਵੀ ਹੈ। ਇਹਦਾ ਪਾਠ ਮਨੁੱਖ ਨੂੰ ਸੰਤ-ਸਿਪਾਹੀ ਬਣਾਉਂਦਾ ਹੈ:

ਗਨੀ ਮੁਲ ਸ਼ਿਕਸਤੈ ॥ ਗਰੀਬੁਲ ਪਰਸਤੈ ॥

ਬਿਲੰਦੁਲ ਮਕਾਨੇ ॥ ਜਮੀਨੁਲ ਜ਼ਮਾਨੇ ॥
ਤਮੀਜ਼ੁਲ ਤਮਾਮੈ ॥ ਰੁਜ਼ੂਅਲ ਨਿਧਾਨੇ ॥

ਛੰਦਾਂ ਦੀ ਵਿਭਿੰਨਤਾ ਇਸ ਬਾਣੀ ਨੂੰ ਸੰਗੀਤਕ ਮਹਾਂ ਕਾਵਿ ਬਣਾ-ਉਂਦੀ ਹੈ। ਬਾਣੀ ਦਾ ਨਾਇਕ ਅਕਾਲ ਪੁਰਖ ਹੈ ਜਿਹੜਾ ਸੰਸਾਰ ਦੀ ਰਚਨਾ ਰਚ ਕੇ ਇਸ ਨੂੰ ਸੁੰਦਰ ਬਣਾਉਣ ਤੇ ਜੀਂਣ ਥੀਂਣ ਲਈ ਹਰ ਤਰ੍ਹਾਂ ਦੀਆਂ ਸੁਖੈਨਤਾਵਾਂ ਦੇ ਰਿਹਾ ਹੈ। ਉਹ ਪਾਠਕ ਦੇ ਸਾਹਮਣੇ ਅਨੇਕ ਰੰਗਾਂ ਵਿਚ ਪ੍ਰਗਟ ਹੁੰਦਾ ਹੈ ਅਤੇ ਉਹਦਾ ਹਰ ਰੰਗ ਪਾਠਕ ਨੂੰ ਉਹਦੀ ਵਚਿਤਰ ਸ਼ਕਤੀ ਦਾ ਚਮਤਕਾਰ ਪ੍ਰਤੀਤ ਹੁੰਦਾ ਹੈ। ਇਸ ਬਾਣੀ ਵਿੱਚ 11 ਛੰਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਸਭ ਤੋਂ ਵਧੀਕ ਭੁਜੰਗ ਪ੍ਰਯਾਤ ਛੰਦ ਦੀ ਵਰਤੋਂ ਕੀਤੀ ਗਈ ਹੈ ਅਤੇ ਇਸੀ ਛੰਦ ਰਾਹੀਂ ਭਗਤੀ ਭਾਵਾਂ ਨੂੰ ਉਤੇਜਨਾ ਮਿਲਦੀ ਹੈ।

ਛੰਦਾਂ ਦੀ ਵਚਿਤਰਤਾ ਤੇ ਵਿਭਿੰਨਤਾ ਕਾਰਨ ਉਭਰਦੀ ਸੁੰਦਰਤਾ ਨੂੰ ਸ਼ਬਦਾਂ ਦੀ ਜੜ੍ਹਤ ਸ਼ੰਘਾਰਦੀ ਹੈ। ਇਸ ਬਾਣੀ ਦੀ ਬੋਲੀ ਇਕ ਸਾਂਝੀ ਸੰਸਕ੍ਰਿਤੀ ਅਤੇ ਸਾਂਝੀ ਕੌਮੀਅਤ ਦੀ ਉਪਜ ਦੀ ਲਖਾਇਕ ਹੈ। ਬ੍ਰਿਜੀ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਅਪਭ੍ਰੰਸ਼ ਤੋਂ ਵਿਗਸ ਰਹੀ ਪੰਜਾਬੀ ਬੋਲੀ ਦੇ ਮੋਤੀਆਂ ਨਾਲ ਇਸ ਬਾਣੀ ਦੀ ਸ਼ਬਦਾਵਲੀ ਪਰੁੱਚੀ ਹੋਈ ਹੈ :

ਕਿ ਸਰਬਤ੍ਰ ਇੰਦ੍ਰੈ ॥ ਕਿ ਸਰਬਤ੍ਰ ਚੰਦ੍ਰੈ ॥
ਕਿ ਸਰਬੰ ਕਲੀਮ ॥ ਕਿ ਪਰਮੰ ਫ਼ਹੀਮੈ ॥
ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥
ਕਿ ਹੁਸਨਲ ਵਜ਼ੂ ਹੈਂ ॥ ਕਿ ਤਮਾਮੁਲ ਰੁਜ਼ੂ ਹੈਂ ॥

ਅਤੇ

ਚਤ੍ਰ ਚਕ੍ਰ ਵਰਤੀ। ਚਤ੍ਰ ਚਕ੍ਰ ਭੁਗਤੇ ॥
ਸੁਯੰਭਵ ਸੁੰਭ ਸਰਬਦਾ ਸਰਬ ਜੁਗਤੇ ॥

'ਸਰਬਤ੍ਰ', 'ਇੰਦ੍ਰੈ', 'ਪਰਮ', 'ਚਤ੍ਰ', 'ਚਕ੍ਰ', 'ਸੁਯੰਭਵ', 'ਸੁਭੰ', 'ਸਰਬ', ਅਤੇ ਪ੍ਰਕਾਸ਼ ਭਾਰਤੀ ਸੰਸਕ੍ਰਿਤੀ ਦੇ ਸ਼ਬਦ ਹਨ ਅਤੇ 'ਕਲੀਮੈ', 'ਫ਼ਹੀਮੈ', 'ਆਕਲ', 'ਅਲਾਮੈ', 'ਸਾਹਿਬ', 'ਕਲਾਮੈ', 'ਹੁਸਨਲ', 'ਤਮਾਮੁਲ', 'ਰੁਜ਼ੂ' ਅਰਬੀ ਸੰਸਕ੍ਰਿਤੀ ਦੇ ਸ਼ਬਦ-ਭੰਡਾਰ ਵਿਚੋਂ ਲਏ ਗਏ ਹਨ।

ਕਲਾ ਦਾ ਮੂਲ-ਪ੍ਰੇਰਕ ਧਰਮ ਪਾਠਕ ਦੇ ਮਨ ਵਿਚ ਧੂਹ ਪਾਣੀ ਹੁੰਦੀ ਹੈ। ਪਾਠਕ ਦੀਆਂ ਅਚੇਤ ਰੁਚੀਆਂ ਨੂੰ ਟੁੰਭ ਕੇ ਸੁਚੇਤ ਕਰਨਾ ਹੁੰਦਾ ਹੈ। ਉਹਦੇ ਵਿਚਾਰ ਵਿਚ ਯਥਾਰਥ ਅਤੇ ਭਾਵਕ ਸੰਸਾਰ ਵਿਚ ਅੰਤਰ ਦਸ ਕੇ ਜੀਵਨ ਲਈ ਨਵਾਂ ਰਾਹ ਕਢਣਾ ਹੁੰਦਾ ਹੈ। ਜਾਪੁ ਸਾਹਿਬ ਦੇ ਰਚਨਹਾਰ ਨੇ ਕਈ ਪਉੜੀਆਂ ਵਿਚ ਸ਼ਾਂਤਰਸ ਦੀ ਵਰਤੋਂ ਕਰਕੇ ਪਾਠਕ ਦੇ ਮਨ ਉਤੇ ਗੰਭੀਰ ਪ੍ਰਭਾਵ ਉਤਪੰਨ ਕਰ ਕੇ ਅਕਾਲ ਪੁਰਖ ਨਾਲ ਲਿਵ ਜੋੜਨ ਦੀ ਚੇਸ਼ਟਾ ਉਤਪੰਨ ਕੀਤੀ ਹੈ :

ਨਮਸਤੰ ਅਕਾਲੇ ॥ ਨਮਸਤੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥

'ਸਿਡਨੀ' ਆਪਣੀ ਪ੍ਰਸਿਧ ਪੁਸਤਕ Defence of Poesie ਵਿਚ ਕਵੀ ਦੀ ਕਲਾ ਦੀ ਵਡਿਆਈ ਉਸ ਚੋ ਰਚੇ ਕਾਵਿਕ-ਸੰਸਾਰ ਦੀ ਸੌਂਦਰਤਾ ਮੰਨਦਾ ਹੈ ਜਿਸ ਵਿਚ ਉਹ ਪਠਕ ਨੂੰ ਅਚੇਤ ਲੈ ਜਾ ਕੇ ਬਿਠਾ ਦਿੰਦਾ ਹੈ। ਜਾਪੁ ਸਾਹਿਬ ਦਾ ਕਾਵਿਕ ਸੰਸਾਰ ਅਨੇਕਾਂ ਸੂਰਜਾਂ ਅਤੇ ਚੰਦਰਮਿਆਂ ਨਾਲ ਜਗ ਮਗਾ ਰਿਹਾ ਹੈ। ਅਕਾਲ ਪੁਰਖ ਆਪ ਇਸ ਵਚਿਤਰ ਸੰਸਾਰ ਦਾ ਰਾਜਾ ਹੈ :

ਨਮੋ ਸੁਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥
ਨਮੋ ਰਾਜਾ ਰਾਜੇ ਨਮੋ ਇੰਦ੍ਰ ਇੰਦ੍ਰੇ ॥
ਨਮੋ ਅੰਧਕਾਰੇ ਨਮੋ ਤੇਜ ਤੇਜੇ ॥
ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥

ਅਨੁਪ੍ਰਾਸ ਅਲੰਕਾਰ ਕਵਿਤਾ ਵਿਚ ਸੁਰ, ਲੈਅ ਅਤੇ ਤਾਲ ਨੂੰ ਬੰਨ੍ਹ ਕੇ ਇਕ ਕਵੀ ਦੀ ਰਚਨਾ ਨੂੰ ਗਾਉਣ ਦੀ ਵਸਤੁ ਬਣਾ ਦੇਂਦਾ ਹੈ। ਜਾਪੁ ਸਾਹਿਬ ਵਿਚ ਅਨੁਪ੍ਰਾਸ ਅਲੰਕਾਰ ਰਾਹੀਂ ਸਾਰੀ ਰਚਨਾ ਨੂੰ ਗਾਉਣ ਦੇ ਯੋਗ ਬਣਾ ਦਿਤਾ ਗਿਆ ਹੈ ਅਤੇ ਕਈ ਪਉੜੀਆਂ ਦੀ ਚਾਲ ਵਿਚ ਚੁਸਤੀ ਲਿਆਂਦੀ ਹੈ। ਜਾਪੁ ਸਾਹਿਬ ਦੇ ਰਚਨਹਾਰ ਦਾ ਜੀਵਨ ਰੁਝੇਵਿਆਂ ਅਤੇ ਸਮਾਜਕ ਮਸਲਿਆਂ ਕਾਰਨ ਕਠਨਾਈਆਂ ਨਾਲ ਭਰਿਆ ਹੋਇਆ ਸੀ ਜਿਸ ਕਾਰਨ ਉਨ੍ਹਾਂ ਦੇ ਵਿਚਾਰ ਅਤੇ ਕਰਮ ਵਿਚ ਸ਼ਕਤੀ ਅਤੇ ਚੁਸਤੀ ਸੀ—ਜਾਪੁ ਸਾਹਿਬ ਦੀ ਵਸਤੂ ਅਤੇ ਸ਼ੈਲੀ ਰਚਨਹਾਰ ਦੇ ਅੰਤਰਆਤਮਾ ਦਾ ਸੁਚਿੱਤਰ ਚਿੱਤਰ ਹੈ ਜਿਸ ਦਾ ਪਾਠ ਪਾਠਕ ਦੇ ਮਨ ਲਈ ਅੰਮ੍ਰਿਤ ਦਾ ਘੂਟ ਹੈ।

(ਸ਼ੀਰਾਜ਼ਾ ਅੰਕ-3.)

ਗੁਰਚਰਨ ਸਿੰਘ ਗੁਲਸ਼ਨ

ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ ਵਿਚ ਮਨੁੱਖੀ ਚਿਤਰਣ

ਅਜ ਅਸੀਂ ਬਿਨਾਂ ਕਿਸੇ ਝਿਜਕ ਦੇ ਇਹ ਆਖ ਸਕਦੇ ਹਾਂ ਕਿ ਅਜੋਕੀ ਨਿੱਕੀ ਕਹਾਣੀ ਗਲਪ ਸਾਹਿਤ ਦੇ ਬਾਕੀ ਰੂਪਾਂ ਤੋਂ ਵਧ ਪੜ੍ਹੀ ਤੇ ਮਾਣੀ ਜਾ ਰਹੀ ਹੈ। ਪਹਿਲਾਂ ਉਸਦੇ ਛੇਤੀ ਮਕਬੂਲ ਹੋ ਜਾਣ ਦੇ ਕਾਰਨ ਉਹਦਾ ਨਿੱਕਾ ਜੁਸਾ ਤੇ ਵਕਤ ਦੀ ਤੰਗੀ ਦਸੇ ਜਾਇਆ ਕਰਦੇ ਸਨ। ਪਰ ਹੁਣ ਹਰ ਸਮਝਦਾਰ ਬੰਦਾ, ਜਿਸ ਨੂੰ ਜ਼ਰਾ ਜਿੰਨੀ ਵੀ ਸਾਹਿਤ ਨਾਲ ਦਿਲਚਸਪੀ ਹੋਵੇ, ਇਹ ਮੰਨਣ ਤੋਂ ਕਦੀ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਹੁਣ ਨਿੱਕੀ ਕਹਾਣੀ ਦੇ ਉਭਰਵੇਂ ਗੁਣ ਇਹ ਹਨ—ਇਸ ਦੀ ਆਪਣੀ ਸੁੰਦਰਤਾ ਇਸ ਦੀ ਆਪਣੀ ਕੋਸ਼ਿਸ਼ ਅਤੇ ਤਾਕਤ, ਇਸ ਦੀ ਸੰਖੇਪਤਾ ਅਤੇ ਇਸ ਦੀਆਂ ਸਖਤ ਪਾਬੰਦੀਆਂ—ਜਿਹੜੀਆਂ ਕਿ ਕਹਾਣੀਕਾਰ ਨੂੰ ਸਦਾ ਹੀ ਵੰਗਾਰਦੀਆਂ ਰਹੀਆਂ ਹਨ ਅਤੇ ਨਤੀਜਾ ਹੁੰਦਾ ਹੈ ਚਿੰਨ੍ਹਾਤਮਕ ਸੁਝਾਉਪੁਣਾ ਅਤੇ ਪਲਾਟ ਦੀ ਬਣਤਰ ਤੇ ਹੋਰ ਢੇਰ ਸਾਰੇ ਪ੍ਰਯੋਗ।

ਪੋ, ਮੋਪਾਸਾਂ ਅਤੇ ਚੈਖਵ ਤੋਂ ਲੈ ਕੇ ਕਾਫ਼ਕਾ ਅਤੇ ਜੀਨ ਪਾਲ ਸਾਰਤਰ ਤੀਕ ਪੱਛਮੀ ਕਹਾਣੀ ਕਈ ਮੋੜ ਲੰਘੇ ਹਨ। ਸਮੁਚੀ ਪੰਜਾਬੀ ਕਹਾਣੀ ਭਾਵੇਂ ਇਹ ਸਾਰੇ ਮੋੜ ਕਰਮਵਾਰ ਨਾ ਲੰਘੀ ਹੋਵੇ ਪਰ ਫੇਰ ਵੀ ਜਿਸ ਤੇਜ਼ੀ ਨਾਲ ਪੰਜਾਬੀ ਕਹਾਣੀ ਅਗੇ ਵੱਧ ਰਹੀ ਹੈ ਉਹ ਮਾਣ ਵਾਲੀ ਗਲ ਹੈ। ਕਸ਼ਮੀਰ ਵਿੱਚ ਵੀ ਪੰਜਾਬੀ ਕਹਾਣੀ ਦੀ ਦਿਨੋ ਦਿਨ ਵੱਧ ਰਹੀ ਮਕਬੂਲੀਅਤ ਦਾ ਅੰਦਾਜ਼ਾ ਇਸ ਗਲ ਤੋਂ ਲਾਇਆ ਜਾ ਸਕਦਾ ਹੈ ਕਿ ਸਿਰਫ਼ ਪੰਜਾਂ ਸਾਲਾਂ ਦੇ ਨਿਗੂਣੇ ਜਿਹੇ ਅਰਸੇ ਵਿੱਚ ਹੀ ਕੋਈ ਪੌਣੇ ਦੋ ਸੌ ਦੇ ਕਰੀਬ ਕਹਾਣੀਆਂ ਦਰਜਨ ਕੁ ਕਹਾਣੀਕਾਰਾਂ ਨੇ ਲਿਖੀਆਂ ਹਨ।

ਨਿਰੋਲ ਕਹਾਣੀ ਸੰਗ੍ਰਹਿਆਂ ਤੋਂ ਛੁਟ ਕੁਝ ਹੋਰ ਪੁਸਤਕਾਂ ਰਿਸਾਲਿਆਂ ਵਿੱਚ ਵੀ ਵਖ ਵਖ

ਕਹਾਣੀਕਾਰਾਂ ਦੀਆਂ ਕਹਾਣੀਆਂ ਛਪੀਆਂ ਹਨ। ਜਿਵੇਂ 'ਸਾਡਾ ਸਾਹਿਤ'' 'ਸ਼ੀਰਾਜ਼ਾ' (ਕਸ਼ਮੀਰ ਤੋਂ) ਹੇਮ ਜਯੋਤੀ, ਜਨ ਸਾਹਿਤ (ਪੰਜਾਬ ਤੋਂ)।

ਕੁਝ ਕੁ ਪੰਜਾਬ, ਦਿੱਲੀ ਅਤੇ ਕਲਕਤੇ ਤੋਂ ਛੱਪ ਰਹੇ ਮਾਸਕ ਅਤੇ ਤ੍ਰੈ ਮਾਸਕ ਪਤ੍ਰਾਂ ਜਨ ਸਾਹਿਤ, ਹੇਮ ਜਯੋਤੀ, ਪ੍ਰੀਤਮ, ਸਜਰੀ ਪੈੜ ਵਿੱਚ ਵੀ ਸਾਡੇ ਰਿਆਸਤੀ ਕਹਾਣੀਕਾਰਾਂ ਦੀਆਂ ਕਹਾਣੀਆਂ ਛੱਪੀਆਂ ਹਨ।

ਪੱਛਮ ਵਿੱਚ ਤਾਂ ਨਿੱਕੀ ਕਹਾਣੀ ਦੀ ਉਪਜ ਤੇ ਵਿਗਿਆਨ ਦਾ ਵਿਕਾਸ ਆਪੋ ਵਿਚ ਕਾਫੀ ਸਬੰਧਤ ਹਨ। ਕੁਦਰਤ ਨੇ ਹੁਣ ਇਕ ਅੰਨ੍ਹੀ ਸ਼ਕਤੀ ਨਾ ਰਹਿ, ਮਨੁੱਖ ਦੀ ਸੇਵਾ ਸੰਭਾਲੀ। ਹੁਣ ਦਾ ਮਨੁੱਖ ਪਹਿਲਾਂ ਵਾਲਾ ਬੇਬਸ ਤੇ ਲਾਚਾਰ ਨਹੀਂ। ਉਸ ਵਿੱਚ ਆਪਣੀ ਹੋਂਦ ਦਾ ਅਹਿਸਾਸ ਜਾਗਿਆ ਜੋ ਨਵਾਂ ਅਤੇ ਨਰੋਆ ਸੀ। ਮਨੁੱਖ ਨੂੰ ਯਕੀਨ ਹੋ ਗਿਆ ਕਿ ਉਹ ਵੀ ਕੁਦਰਤ ਨਾਲ ਸਫਲ ਟਕਰ ਲੈ ਸਕਦਾ ਹੈ।

ਕੁਦਰਤ ਵਿਰੁੱਧ ਮਨੁੱਖ ਨੇ ਇਕ ਹੋਰ ਹਥਿਆਰ ਸਮਾਜ ਘੜਿਆ। ਉਹ ਇਕੱਲਾ ਕੁਦਰਤ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਇਸ ਵਿੱਚ ਸ਼ੱਕ ਨਹੀਂ ਕਿ ਪਹਿਲਾਂ ਪਹਿਲਾਂ ਸਮਾਜ ਉਸ ਦਾ ਸਹਾਈ ਜ਼ਰੂਰ ਹੋਇਆ। ਪਰ ਹੌਲੀ ਹੌਲੀ ਉਹ ਆਪ ਹੀ ਸਮਾਜ ਦੇ ਅਧੀਨ ਹੋ ਗਿਆ। ਸਮਾਜ ਕਿਉਂ ਤੇ ਕਿਵੇਂ ਹੋਂਦ ਵਿਚ ਆਇਆ? ਇਸ ਦਾ ਉਤਰ ਕਈ ਚਿੰਤਕਾਂ ਨੇ ਆਪੋ ਆਪਣੇ ਢੰਗ ਨਾਲ ਦਿੱਤਾ ਹੈ। ਪਰ ਸਾਡੇ ਲਈ ਇਸ ਥਾਂ ਤੇ ਇਸ ਵਿਸ਼ੇ ਉਪਰ ਵਿਚਾਰ ਕਰਨੀ ਸਹੀ ਮਨੋਰਥ ਅੱਖੋਂ ਉਹਲੇ ਕਰਨਾ ਹੋਵੇਗਾ। ਸਹਿਜੇ ਸਹਿਜੇ ਮਨੁੱਖ ਸਿਰਫ ਇਕ ਵਫਾਦਾਰ ਸ਼ਹਿਰੀ ਤੇ ਪਰੰਪਰਾ ਦਾ ਪੁਜਾਰੀ ਹੋ ਕੇ ਰਹਿ ਗਿਆ ਇਸ ਲਈ ਮਧਕਾਲੀਨ ਸਾਹਿਤ ਵਿੱਚ ਵਫ਼ਾ ਤੇ ਸ਼ਰਧਾ ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਗਿਆਨੀ ਪ੍ਰੀਤਮ ਸਿੰਘ ਦੀਆਂ 'ਉਡੀਕ', 'ਅਨੋਖਾ ਜਵਾਨ' ਅਤੇ 'ਛਲਕਦੀਆਂ ਅੱਖਾਂ' ਇਸ ਭਾਂਤ ਦੀਆਂ ਕਹਾਣੀਆ ਹਨ।

ਇਹ ਗਲ ਹੁਣ ਸਾਫ ਹੋ ਚੁਕੀ ਹੈ ਕਿ ਪੁਰਾਣਾ ਸਮਾਜ ਟੁਟ ਰਿਹਾ ਹੈ। ਉਸ ਦੇ ਆਪਣੇ ਗੁਣ ਅੰਗੁਣ ਸਨ। ਉਨ੍ਹਾਂ ਗੁਣਾਂ 'ਚੋਂ ਇਕ ਗੁਣ ਜ਼ਿਆਦਾ ਪ੍ਰਤੱਖ-ਦੁਖ ਸੁਖ ਵੰਡਾਉਣ ਦਾ ਅਤੇ ਸਾਂਝ ਦਾ। ਪਰ ਮਨੁੱਖ ਆਪਣੀਆਂ ਆਸਾਂ ਦੇ ਉਲਟ ਛੇਤੀ ਵੀ ਵਡੀ ਤਬਦੀਲੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਦੁਖੀ ਹੁੰਦਾ ਹੈ। ਇਹੋ ਜਿਹੇ ਮਨੁੱਖ ਦਾ ਵਰਨਣ ਪ੍ਰੇਮ ਸਿੰਘ ਦੀ ਕਹਾਣੀ "ਇਕ ਹਉਕਾ" ਵਿੱਚ ਮਿਲਦਾ ਹੈ। ਗੋਕਲਾ ਬਾਵਾ ਸਥਿਤੀ ਦਾ ਮੁਕਾਬਲਾ ਨਹੀਂ ਕਰ ਸਕਦਾ ਤੇ ਦੁਖੀ ਹੁੰਦਾ ਹੈ। ਇਸੇ ਪ੍ਰਕਾਰ ਕੰਵਲ ਕਸ਼ਮੀਰੀ ਦੀ ਕਹਾਣੀ 'ਭੁਲੇਖਾ' ਵਿੱਚ ਵੀ ਛੇਤੀ ਨਾਲ ਬਦਲ ਰਹੇ ਸਮਾਜ ਦਾ ਜ਼ਿਕਰ ਆਉਂਦਾ ਤੇ। ਨੂਰੇ ਦਾ ਭੁਲੇਖਾ ਉਦੋਂ ਟੁਟਦਾ ਹੈ ਜਦੋਂ ਦੀਪੋ ਮਾਸਟਰਿਆਣੀ ਉਸ ਦੀ ਰੇਸ਼ਮਾ ਨੂੰ ਪੜ੍ਹਾ ਕਢਦੀ ਹੈ ਤੇ ਉਹ ਹੁਣ ਉਸ ਨੂੰ ਆਪਣੇ ਤੋਂ ਕੋਹਾਂ ਦੂਰ ਜਾਪਦੀ ਹੈ ਉਹ ਆਪਣੀ ਵੰਝਲੀ 'ਚੋਂ ਬਿਰਹਾ ਦੀਆਂ ਤਾਣਾਂ ਕਢਣ ਲਗ ਪੈਂਦਾ ਹੈ।

ਕਸ਼ਮੀਰ ਵਿੱਚ ਅਜਿਹੇ ਸਮਾਜਕ ਢਾਂਚੇ ਟੁਟਣ ਦਾ ਕਾਰਣ 1947 ਦੀ ਵੰਡ ਵੀ

ਹੋ ਸਕਦੀ ਹੈ। ਖੂਨ ਖਰਾਬਾ ਹੋਇਆ, ਤਅਸਬ ਦੇ ਭਖਾਏ ਹੋਏ ਲੋਕਾਂ ਨੇ ਰੱਜ ਰੱਜ ਇਕ ਦੂਜੇ ਨੂੰ ਲੁਟਿਆ ਤੇ ਕੋਹਿਆ ਅਤੇ ਲੋਕੀ ਘਰੋਂ ਬੇ-ਘਰ ਹੋ ਗਏ। ਇਸ ਦਾ ਜ਼ਿਕਰ ਜਜ਼ਬਾਤੀ ਢੰਗ ਵਿਚ ਗਿਆਨੀ ਪ੍ਰੀਤਮ ਸਿੰਘ ਨੇ "ਪਾਣੀ" ਅਤੇ "ਦੋ ਝਾਵਲੇ" ਵਿੱਚ ਅਤੇ ਸੇਵਾ ਸਿੰਘ ਨੇ "ਉਹ ਨਾ ਭੁਲਾ ਜਾਣੀਏ" ਵਿੱਚ ਕੀਤਾ ਹੈ।

1947 ਦੀ ਵੰਡ ਮਗਰੋਂ ਹੀ ਸਾਡੀ ਰਿਆਸਤ ਵਿੱਚ ਸਦੀਆਂ ਪੁਰਾਣੇ ਜ਼ਿਮੀਂਦਾਰੀ ਸਿਸਟਮ ਦਾ ਖਾਤਮਾ ਹੁੰਦਾ ਹੈ ਅਤੇ ਮੁਜ਼ਾਰੇ ਜ਼ਮੀਨਾਂ ਦੇ ਮਾਲਕ ਬਣਾ ਦਿੱਤੇ ਜਾਂਦੇ ਹਨ। ਜ਼ਿਮੀਂਦਾਰ ਅਤੇ ਉਸਦੇ ਕਾਰਿੰਦੇ ਹੁਣ ਪਹਿਲਾਂ ਵਾਲੀ ਠਾਠ ਬਾਠ ਕਾਇਮ ਨਾ ਰਖ ਸਕੇ। ਉਨ੍ਹਾਂ ਦੀਆਂ ਬਦਚਲਨੀਆਂ ਅਤੇ ਐਸ਼ ਪ੍ਰਸਤੀ ਨੂੰ ਇਕ ਤਕੜਾ ਧੱਕਾ ਵਜਾ। ਉਹ ਹੁਣ ਗ਼ਰੀਬ ਕਮੀਂ ਕਿਰਸਾਣਾਂ ਲਈ ਇਕ ਹਊਆ ਨਾ ਰਹਿ ਆਮ ਬੰਦਿਆਂ ਵਾਕਰ ਹੋ ਗਏ। ਇਸ ਦਾ ਜ਼ਿਕਰ ਸਿਰਫ ਇਕੋ ਇਕ ਕਹਾਣੀ ਸਰਨ ਸਿੰਘ ਦੀ "ਧਾਈਂ ਦਾ ਢੇਰ" ਵਿੱਚ ਮਿਲਦਾ ਹੈ।

ਆਰਥਕ ਮੰਦਵਾੜੇ ਨੇ ਮਨੁੱਖ ਦੀ ਸੋਚਣੀ ਹੀ ਬਦਲ ਕੇ ਰਖ ਦਿੱਤੀ। ਉਸ ਦੀ ਆਰਥਕ ਹਾਲਤ ਦਿਨੋ ਦਿਨ ਕਮਜ਼ੋਰ ਹੁੰਦੀ ਗਈ ਉਹ ਬੋਂਦਲ ਜਿਹਾ ਗਿਆ। ਅਜੋਕੇ ਸਰਮਾਏਦਾਰੀ ਨਿਜ਼ਾਮ ਵਿੱਚ ਰਹਿ ਉਹ ਆਪਣੇ ਅਤੇ ਆਪਣੇ ਪ੍ਰਵਾਰ ਲਈ ਬੁਨਿਆਦੀ ਲੋੜਾਂ ਵੀ ਨਹੀਂ ਪੂਰੀਆਂ ਕਰ ਸਕਦਾ। ਸਾਡੇ ਇਸ ਸ਼੍ਰੇਣੀ-ਵਿਭਾਜਿਤ ਸਮਾਜ ਵਿੱਚ ਪੂੰਜੀਵਾਦੀ ਪਕੜ ਕਾਫ਼ੀ ਮਜ਼ਬੂਤ ਹੋ ਚੁਕੀ ਹੈ। ਹੇਠਲੀ ਸ਼੍ਰੇਣੀ ਦੇ ਲੋਕ ਸਾਲਾਂ ਤੋਂ ਪਿਸਦੇ ਆ ਰਹੇ ਹਨ ਅਤੇ ਦਿਨੋ ਦਿਨ ਹੋਰ ਨਿਘਰਦੇ ਜਾ ਰਹੇ ਹਨ। ਕੰਵਲ ਕਸ਼ਮੀਰੀ ਦੀ 'ਨਰਕ ਦੀ ਅਵਾਜ਼' ਵਿੱਚ ਇਹੋ ਜਿਹਾ ਹੀ ਮਨੁੱਖੀ ਚਿਤਰਣ ਲਭਦਾ ਹੈ। ਛਿਲੜਾਂ ਸਮੇਤ ਮਟਰ ਖਾਂਦੀ ਰੇਸ਼ਮਾਂ ਖੂਨ ਥੁਕ ਕੇ ਮਰ ਜਾਂਦੀ ਹੈ। ਭਾਵ ਇਸ ਤੋਂ ਤਕੜਾ ਵਿਅੰਗ ਸਾਡੇ ਸਮਾਜ ਤੇ ਹੋਰ ਕੀ ਹੋ ਸਕਦਾ ਹੈ। ਸਰਨ ਸਿੰਘ ਦੀ '.....ਕੇ ਨਹੀਂ ਲਿਖਣੀ' ਵਿੱਚ ਵੀ ਇਹੋ ਜਿਹਾ ਮਨੁੱਖੀ ਚਿਤਰਣ ਹੈ। ਇਸ ਮਨੁੱਖੀ ਜੀਵਨ ਦੀ ਇਕ ਹੋਰ ਘਿਨਾਉਂਣੀ ਤਸਵੀਰ ਹੈ—ਘਟ ਉਮਰ ਬਚਿਆਂ ਦਾ ਰੋਟੀ ਪੈਦਾ ਕਰਨ ਖਾਤਰ ਘਟ-ਉਜਰਤ ਵਾਲੇ ਕੰਮ ਕਰਨਾ। ਪ੍ਰੇਮ ਸਿੰਘ 'ਬੂਟ ਪਾਲਿਸ਼' ਵਿੱਚ ਇਹੋ ਜਿਹੇ ਬੱਚੇ ਦਾ ਸਹੁਣਾ ਚਿਤਰ ਖਿਚ ਬੱਚੇ ਲਈ ਸਾਡੀ ਹਮਦਰਦੀ ਜਿਤਣ ਵਿਚ ਸਫਲ ਹੋ ਸਕਿਆ ਹੈ। ਇਸੇ ਤਰ੍ਹਾਂ ਕੁੱਲੀ ਬਣੇ ਬੱਚਿਆਂ ਦਾ ਜ਼ਿਕਰ ਗੁਰਚਰਨ ਸਿੰਘ ਗੁਲਸ਼ਨ ਦੀ "ਰੇਖਾ" ਵਿੱਚ ਵੀ ਆਉਂਦਾ ਹੈ। ਦਿਲਜੀਤ ਸਿੰਘ ਦੀ "ਇਕ ਸੀ ਮੁੰਡਾ" ਵਿੱਚ ਉਸ ਪੜ੍ਹੇ ਲਿਖੇ ਨੌਜਵਾਨ ਦੇ ਮਾਨਸਿਕ ਦਵੰਦ ਦਾ ਜ਼ਿਕਰ ਹੈ ਜਿਸ ਨੂੰ ਯਥਾਰਥ ਦੇ ਥਪੇੜਿਆਂ ਨੇ ਘੁੰਮਣ-ਘੇਰੀ ਵਿੱਚ ਪਾ ਦਿੱਤਾ ਹੈ।

ਅਜ ਸਾਡੇ ਸਮਾਜ ਵਿਚ ਲੋਕੀਂ ਹਰ ਜਾਇਜ਼ ਨਜਾਇਜ਼ ਤਰੀਕੇ ਨਾਲ ਪੈਸਾ ਇਕਠਾ ਕਰਨ ਵਿਚ ਲਗੇ ਹੋਏ ਹਨ। ਇਹ ਇਕ ਅੰਨ੍ਹੀ ਦੌੜ ਹੈ। ਹਰ ਕੋਈ ਇਸ ਵਿਚ ਸ਼ਾਮਲ ਹੈ। ਮੁਲਾਜ਼ਮ ਲੋਕ ਵੀ ਯਤਨ ਤਾਂ ਕਰਦੇ ਹਨ ਪਰ ਉਹ ਕੋਈ ਮੱਲ ਨਹੀਂ ਮਾਰ ਸਕਦੇ। ਉਹ ਮਹੀਨੇ ਭਰ ਗਿਣਤੀਆਂ ਗਿਣਦਿਆਂ ਤਨਖਾਹ ਲੈ ਕਰਜ਼ਦਾਰਾਂ ਨੂੰ ਵੰਡ, ਸਿਰਫ਼ ਵੀਹ ਪੰਝੀ ਰੁਪਏ ਲੈ ਘਰ

ਵੜਦੇ ਹਨ। ਉਹਨਾਂ ਦਾ ਸੁਗਲ ਪਹਿਲੀ ਤਾਰੀਖ ਨੂੰ ਕਿਸੇ ਰੈਸਤੋਰਾਂ ਵਿਚ ਬਹਿ ਚਾਹ ਜਾਂ ਕਾਫੀ ਦਾ ਪਿਆਲਾ ਪੀਣ ਅਤੇ ਫ਼ਿਲਮ ਦਾ ਇਕ ਅਧ ਸ਼ੋ ਵੇਖਣ ਤੀਕ ਹੀ ਸੀਮਤ ਹੁੰਦਾ ਹੈ। ਫੇਰ ਉਹੀ ਤੀਹ ਦਿਨਾਂ ਦਾ ਚੱਕਰ ਚਲ ਪੈਂਦਾ ਹੈ। ਦਿਲਜੀਤ ਸਿੰਘ ਦੀ ਕਹਾਣੀ—"ਕਲਜੁਗ" ਵਿਚ ਇਹੋ ਜਿਹ ਮਨੱਖਾਂ ਦਾ ਹੀ ਚੰਗਾ ਚਿਤਰ ਪੇਸ਼ ਕੀਤਾ ਗਿਆ ਹੈ। "ਧੱਕ', 'ਦੁਮਾਨੀ' ਅਤੇ "ਮੂੰਹ ਮੰਗੇ ਪੈਸੇ" ਵਿਚ ਦਿਲਜੀਤ ਸਿੰਘ ਨੇ ਮਜ਼ਦੂਰਾਂ ਅਤੇ ਰਿਕਸ਼ਾ ਵਾਲਿਆਂ ਦੀ ਭੈੜੀ ਆਰਥਕ ਹਾਲਤ ਨੂੰ ਕਲਾਤਮਕ ਢੰਗ ਨਾਲ ਚਿਤਰਿਆ ਹੈ।

ਜਦ ਰੋਗ ਮੌਜੂਦ ਹੈ ਤਾਂ ਕੁਝ ਜੀਆਲੇ ਇਸ ਦਾ ਇਲਾਜ ਵੀ ਢੂੰਡਦੇ ਹਨ। ਸਮਾਜ ਵਿਚਲੇ ਇਸ ਜ਼ੁਲਮ ਦੇ ਵਿਰੁਧ ਆਵਾਜ਼ ਚੁਕਣ ਲਈ ਸੰਗਠਨ ਦਾ ਰਾਹ ਹੈ। ਕਈ ਸਰਮਾਏਦਾਰ ਦਾਬੇ ਨਾਲ ਇਹ ਰਾਹ ਵੀ ਬੰਦ ਕਰ ਦਿੰਦੇ ਹਨ। ਗੁਰਚਰਨ ਸਿੰਘ ਗੁਲਸ਼ਨ ਦੀ—'ਤੇ ਇਕ ਕਬਰ ਹੋਰ' ਵਿਚ ਸ਼ਿਵ ਇਸੇ ਲਈ ਹੀ ਤਾਂ ਕੁਚਲਿਆ ਜਾਂਦਾ ਹੈ।

ਮੁਲਾਜ਼ਮ ਲੋਕਾਂ ਵਿਚੋਂ ਮਾਸਟਰ ਜ਼ਿਆਦਾ ਨਪੀੜਿਆ ਜਾ ਰਿਹਾ ਹੈ। ਉਹ ਪੜ੍ਹਿਆ ਲਿਖਿਆ ਹੈ। ਸੂਝ ਰਖਦਾ ਹੈ। ਉਹ ਬਹੁਤ ਕੁਝ ਸੋਚ ਸਕਦਾ ਹੈ। ਪਰ ਭੈੜੀ ਆਰਥਕ ਹਾਲਤ ਉਸ ਨੂੰ ਕੁਝ ਵੀ ਨਹੀਂ ਕਰਨ ਦਿੰਦੀ। ਰਿਆਸਤੀ ਕਹਾਣੀਕਾਰਾਂ ਵਿਚੋਂ ਸ਼ਾਇਦ ਗੁਰਚਰਨ ਸਿੰਘ ਗੁਲਸ਼ਨ ਨੇ ਹੀ ਮਾਸਟਰਾਂ ਬਾਰੇ ਲਿਖਿਆ ਹੈ। ਉਸ ਦੀਆਂ ਕਹਾਣੀਆਂ—"ਖਿਡੌਣਾ", "ਬੂਟਾਂ ਦਾ ਜੋੜਾ", "ਮੇਰੇ ਹੱਥ ਤੇ ਉਹਨਾਂ ਦੀ ਰੇਖਾ" ਅਤੇ "ਇਕ ਬਿੰਦੂ-ਕਈ ਦਾਇਰੇ" ਵਿਚ ਮਾਸਟਰ ਆਪਣੇ ਬੀਮਾਰ ਬੱਚੇ ਨੂੰ ਬਚਾ ਨਹੀਂ ਸਕਦਾ, ਸਿਆਲ ਆਉਂਦਾ ਵੇਖ ਮਿਲਟਰੀ ਦੇ ਕੰਡਮ ਬੂਟ ਹਾਸਲ ਕਰਨ ਲਈ ਤਰਲੇ ਲੈਂਦਾ ਹੈ ਅਤੇ ਘਰ ਵਾਲਿਆਂ ਤੋਂ ਛੁਟਕਾਰਾ ਪਾ, ਕਰਜ਼ਦਾਰਾਂ ਤੋਂ ਮੂੰਹ ਛੁਪਾਂਦਾ ਸਕੂਲ ਲਈ ਤੁਰ ਪੈਂਦਾ ਹੈ। ਉਹ ਇਸੇ ਤਾਕ ਵਿੱਚ ਰਹਿੰਦਾ ਹੈ ਕਿ ਕਦੋਂ ਸਕੂਲੋਂ ਵਿਹਲ ਮਿਲੇ ਤੇ ਉਹ ਵੀ ਦੋ ਘੜੀਆਂ ਆਰਾਮ ਕਰ ਸਕੇ। ਸ਼ਹਿਰ ਵਿਚ ਗੋਲੀ ਚਲ ਪੈਂਦੀ ਹੈ, ਹੜਤਾਲ ਕਰਵਾਈ ਜਾਂਦੀ ਹੈ, ਅਫਰਾਤਫਰੀ ਮਚੀ ਹੋਈ ਹੈ ਤੇ ਉਹ ਰੇਡੀਉ ਨਾਲ ਕੰਨ ਲਾਈ ਖਬਰਾਂ ਨਹੀਂ ਸੁਣ ਰਿਹਾ ਸਗੋਂ ਛੁਟੀਆ ਦੇ ਐਲਾਨ ਨੂੰ ਉਡੀਕਦਾ ਰਹਿੰਦਾ ਹੈ।

ਇਸ ਆਰਥਕ ਮੰਦਵਾੜੇ ਵਿੱਚ ਤੀਵੀਂ ਤਾਂ ਹੋਰ ਵੀ ਬੁਰੀ ਤਰ੍ਹਾਂ ਪੀਸੀ ਜਾ ਰਹੀ ਹੈ। ਪ੍ਰੇਮ ਸਿੰਘ ਦੀ ਕਹਾਣੀ "ਮਾਂ" ਵਿੱਚ ਲਾਜਵੰਤੀ ਆਪਣੀ ਧੀ ਨੂੰ ਉਚੀ-ਵਿਦਿਆ ਦਿਵਾਉਣ ਖਾਤਰ ਆਪਣਾ ਤੰਨ ਵੇਚਦੀ ਹੈ। ਇੰਜ ਹੀ ਗੁਰਚਰਨ ਸਿੰਘ ਗੁਲਸ਼ਨ ਦੀਆਂ ਕਹਾਣੀਆਂ 'ਅਪਾਹਜ' ਅਤੇ 'ਕੋੜੀਆਂ ਹਕੀਕਤਾਂ' ਵਿੱਚ ਵੀ ਤੀਵੀਂ ਦੀ ਭੈੜੀ ਦਸ਼ਾ ਦਾ ਜ਼ਿਕਰ ਆਉਂਦਾ ਹੈ। ਪ੍ਰੇਮ ਸਿੰਘ ਦੀ 'ਮੌਖਤੀ' ਆਪਣਾ ਸਭ ਕੁਝ ਇਥੋਂ ਤੀਕ ਕਿ ਉਹ ਆਪਣੀ ਇਜ਼ਤ ਵੀ ਆਪਣੇ ਘਰ ਜੁਆਈ ਦੇ ਹਵਾਲੇ ਕਰ ਦਿੰਦੀ ਹੈ ਕਿ ਕਿਤੇ ਉਹ ਉਸਦੀ ਨਾਬਾਲਿਗ ਧੀ ਨੂੰ ਛਡ ਨਸ ਨਾ ਜਾਵੇ। ਆਖਿਰ ਉਹ ਤਨਖਾਹ ਵੀ ਮੌਖਤੀ ਦੀ ਤਲੀ ਤੇ ਲਿਆ ਰਖਦਾ ਸੀ। ਸੇਵਾ ਸਿੰਘ ਦੀ 'ਅਜ਼ੀਜ਼ੀ' ਵਿੱਚ ਅਜ਼ੀਜ਼ੀ ਤੇ ਉਸ ਦੀ ਮਾਂ ਚੰਗੀਆਂ ਤਕੜੀਆਂ ਵਿਖਾਈਆਂ ਗਈਆਂ ਹਨ। ਸਹਾਰਾ ਟੁਟ ਜਾਣ ਤੇ ਵੀ ਉਹ ਆਪਣਾ ਤਨ ਨਹੀਂ ਵੇਚਦੀਆਂ ਸਗੋਂ ਸ਼ਿਕਾਰਾ ਚਲਾ ਕੇ ਆਪਣੇ ਢਿੱਡ

ਪਾਲਦੀਆਂ ਹਨ। ਗੁਰਚਰਨ ਸਿੰਘ ਗੁਲਸ਼ਨ ਦੀ 'ਅਨ੍ਹੇਰੀ ਤੋਂ ਪਹਿਲਾਂ' ਵਿੱਚ ਔਰਤ ਪਹਿਲਾਂ ਤਾਂ ਆਪਣਾ ਸਭ ਕੁਝ ਵੇਚ ਵਟਾ ਮਰ ਚੁਕੇ ਸਿਪਾਹੀ ਦੀ ਨਿਸ਼ਾਨੀ ਸਾਂਭਦੀ ਆ ਰਹੀ ਹੈ ਤੇ ਬੱਚੇ ਦੇ ਮਰ ਜਾਣ ਤੇ ਸੰਤੋਸ਼ ਦਾ ਸਾਹ ਲੈਂਦੀ ਹੈ।

ਗ਼ਰੀਬ ਦੀ ਇਜ਼ਤ ਵੀ ਮਹਿਫੂਜ਼ ਨਹੀਂ। ਉਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਜਬਰੀ ਸਰਮਾਏਦਾਰ ਚੁਕ ਲੈ ਜਾਂਦੇ ਹਨ। ਉਨ੍ਹਾਂ ਦੀ ਇਜ਼ਤ ਲੁਟ ਲਈ ਜਾਂਦੀ ਹੈ ਹੈ ਉਹ ਪ੍ਰੇਮ ਸਿੰਘ ਦੀ 'ਕੋਰੀ ਕੰਧ ਨੂੰ ਸੰਨ੍ਹ' ਵਿੱਚ ਵੀ ਬੇਗਮਾਂ ਵਾਕਰ ਪਾਗਲ ਹੋਈ ਫਿਰਦੀਆਂ ਹਨ। ਸਰਨ ਸਿੰਘ ਦੀ 'ਪਰੋਲਤਾਰਨ ਤੇ ਨਲਕਾ' ਵਿੱਚ ਵੀ ਇਹੋ ਜਿਹੇ ਹੀ ਦੋ ਬੰਦਿਆਂ ਦਾ ਜ਼ਿਕਰ ਆਉਂਦਾ ਹੈ ਜਿਹੜੇ ਉਨ੍ਹਾਂ ਦੇ ਘਰ ਆਈ ਹਰੀਜਨ ਕੁੜੀ ਨੂੰ ਫਾਹੁਣ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ ਹਨ।

ਸਾਡੇ ਸਮਾਜ ਵਿਚ ਹਾਲੇ ਵੀ ਤੀਵੀਂ ਨੂੰ ਮਰਦ ਦੇ ਬਰਾਬਰ ਪੂਰੇ ਅਧਿਕਾਰ ਨਹੀਂ ਮਿਲੇ। ਉਹ ਹਾਲੇ ਵੀ ਕੁੜੀਆਂ ਜੰਮਾਣ ਤੇ ਘਰੋਂ ਕੱਢ ਦਿਤੀ ਜਾਂਦੀ ਹੈ ਅਤੇ ਉਸ ਦਾ ਪਤੀ ਹੋਰ ਵਿਆਹ ਕਰਾ ਲੈਂਦਾ ਹੈ। ਉਹ ਕੰਵਲ ਕਸ਼ਮੀਰੀ ਦੀ "ਪਾਸ਼ੀ" ਵਾਂਗ ਚੁਪ ਚਾਪ ਬੁਲ੍ਹ ਤਾਂ ਸੀ ਲੈਂਦੀ ਹੈ ਪਰ ਕੁੜੀਆਂ ਦਾ ਤੋਖਲਾ ਉਸ ਨੂੰ ਚੈਣ ਨਹੀਂ ਲੈਣ ਦਿੰਦਾ। ਅਜ ਵੀ ਇਸਤ੍ਰੀ ਨੂੰ ਇਕ ਹੱਕ ਹਾਸਲ ਨਹੀਂ ਕਿ ਉਹ ਆਪਣੇ ਹਾਣ-ਮੇਲ ਦਾ ਸਾਥੀ ਚੁਣ ਸਕੇ। ਉਹ ਪ੍ਰੇਮ ਸਿੰਘ ਦੀ ਕਹਾਣੀ—"ਮੇਰੀ ਦੁਨੀਆਂ" ਵਿਚਲੀ ਨਾਇਕਾ ਵਾਂਗ ਅਨਜੋੜ ਨਾਲ ਨਰੜੀ ਜਾਣ ਤੇ ਵੀ ਸਥਿਤੀ ਨਾਲ ਸਮਝੌਤਾ ਕਰ ਲੈਂਦੀ ਹੈ। ਪਰ ਕਈ ਤੀਵੀਆਂ ਇੰਨੀਆਂ ਕਮਜ਼ੋਰ ਨਹੀਂ ਹੁੰਦੀਆਂ। ਕੰਵਲ ਕਸ਼ਮੀਰੀ "ਸਹਾਰਾ" ਵਿਚ ਇਕ ਤਕੜੀ ਤੀਵੀਂ ਦਾ ਚਿਤਰ ਪੇਸ਼ ਕਰ ਗਿਆ ਹੈ ਜੋ ਕਿ ਆਪਣੇ ਪਤੀ ਦੇ ਮਰਨ ਤੇ ਸਹਾਰਾ ਲੋਚਦੀ ਹੈ ਅਤੇ ਖੁੱਲ੍ਹੇ ਸ਼ਬਦਾਂ ਵਿਚ ਆਖ ਵੀ ਦਿੰਦੀ ਹੈ। ਇੰਜ ਹੀ ਗੁਰਚਰਨ ਸਿੰਘ ਗੁਲਸ਼ਨ ਦੀ ਕਹਾਣੀ—"ਰੂਪ ਬਦਲਦਾ ਪਿਆਰ" ਵਿਚਲੀ ਜ਼ੀਤੋ ਆਪਣੇ ਜੀਜੇ ਨੂੰ ਪਿਆਰ ਕਰ ਭੈਣ ਤੋਂ ਖੋਹਣ ਵਿਚ ਕੋਈ ਝਿਜਕ ਨਹੀਂ ਮਹਿਸੂਸ ਕਰਦੀ।

ਗੁਰਬਤ ਤੇ ਉਪਰੋਂ ਬੱਚਿਆਂ ਦੀ ਲਾਮ ਡੋਰੀ—ਸਾਡੇ ਸਮਾਜ ਦਾ ਕਿੰਨਾ ਘਿਨਾਉਣਾ ਪੱਖ ਹੈ! ਕੰਵਲ ਕਸ਼ਮੀਰੀ ਦੀ—"ਤੇ ਚਕਰ ਚਲਦਾ ਰਿਹਾ" ਭਲੀ ਭਾਂਤ ਇਸ ਪੱਖ ਨੂੰ ਉਘਾੜ ਸਹੀ ਮਨੁਖ ਦਾ ਚਿਤਰਣ ਪੂਰਾ ਕਰਦੀ ਹੈ। ਇਹੀ ਗੁਰਬਤ ਪਿਆਰ ਕਰਨ ਵਾਲਿਆਂ ਦੇ ਰਾਹ ਵਿਚ ਆ ਖਲੋਂਦੀ ਹੈ। ਉਨ੍ਹਾਂ ਦੇ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ। ਇਸ ਦਾ ਜ਼ਿਕਰ ਕੰਵਲ ਕਸ਼ਮੀਰੀ ਦੀ "ਸਭ ਤੋਂ ਵਡਾ ਆਕਾਰ" ਅਤੇ ਦਿਲਜੀਤ ਸਿੰਘ ਦੀ "ਮੋਰੀ ਦੀ ਇੱਟ" ਵਿਚ ਆਉਂਦਾ ਹੈ।

ਜ਼ਾਤ ਪਾਤ ਦੇ ਵਿਤਕਰੇ ਨੇ ਸਾਡੇ ਸਮਾਜ ਦੀ ਦਸ਼ਾ ਹੋਰ ਵੀ ਭੈੜੀ ਕੀਤੀ ਹੋਈ ਹੈ। ਇਸ ਵਿਸ਼ੇ ਤੇ ਪ੍ਰੇਮ ਸਿੰਘ ਨੇ 'ਵਿਚਾਰਾਂ ਬਲ੍ਹੂੰਗੜਾ' ਲਿਖੀ ਹੈ। ਸ਼ਾਹਣੀ ਕਰਤਾਰੋ ਚੂੜ੍ਹੀ ਦਾ ਨਲਕੇ ਨੂੰ ਹੱਥ ਲਾਣਾ ਬਰਦਾਸ਼ਤ ਨਹੀਂ ਕਰ ਸਕਦੀ ਪਰ ਜਦੋਂ ਗੰਦ ਨਾਲ ਲਿਬੜਿਆ ਕਤੂਰਾ ਪਾਣੀ ਦੀ ਟੋਂਕੀ ਵਿਚ ਦਹਿ ਪੈਂਦਾ ਹੈ ਤਾਂ ਮਜਬੂਰਨ ਉਸ ਨੂੰ ਉਸੇ ਪਾਣੀ ਨਾਲ ਭਾਂਡੇ ਧੋਣੇ ਪੈਂਦੇ ਹਨ।

ਡੀ. ਐਚ. ਲਾਰੰਸ ਜਿਹੇ ਲੇਖਕਾਂ ਨੇ ਕਾਮ ਜਿਹੇ ਤਿਲਕਵੇਂ ਵਿਸ਼ੇ ਨੂੰ ਹੱਥ ਪਾ ਚੰਗੀ ਤਰ੍ਹਾਂ ਨਿਭਾਇਆ ਹੈ। ਸਾਡੇ ਕੁਝ ਕੁ ਕਹਾਣੀਕਾਰਾਂ ਨੇ ਵੀ ਇਸ ਵਿਸ਼ੇ ਤੇ ਲਿਖ ਮਨੁੱਖੀ ਚਿਤਰਣ ਨੂੰ ਪੂਰਾ ਕਰਨ ਦਾ ਜਤਨ ਕੀਤਾ ਹੈ। ਪ੍ਰੇਮ ਸਿੰਘ ਦੇ "ਝਖੜ" ਵਿਚ ਜੁਆਨ ਜਹਾਨ ਜੂਨੀ ਨਿਕੀ ਉਮਰ ਦੇ ਬੱਚੇ ਨਾਲ ਵਿਆਹੀ ਜਾਂਦੀ ਹੈ ਪਰ ਉਨ੍ਹਾਂ ਦਾ ਘਰ ਉਹਦਾ ਵਡਾ ਭਰਾ ਹੀ ਟੋਰਦਾ ਹੈ। ਢੇਰ ਚਿਰ ਮਾਨਸਿਕ ਘੋਲ ਤੋਂ ਬਾਦ ਇਕ ਰਾਤ ਝਖੜ ਵਿੱਚ ਆਪਣੇ ਹਾਣੀ ਨਾਲ ਸਾਹੋ-ਸਾਹ ਹੋ ਜਾਂਦੀ ਹੈ। ਪ੍ਰੇਮ ਸਿੰਘ ਦੀ ਹੀ ਇਕ ਹੋਰ ਕਹਾਣੀ "ਮੋੜ" ਦਾ ਵੀ ਇਹੀ ਵਿਸ਼ਾ ਹੈ। ਕਿਸੇ ਉਧਾਲੇ ਦੀ ਖ਼ਬਰ ਸੁਣ ਪਤਨੀ ਆਪਣੇ ਘਰ ਆ ਰਹੀ ਪਤੀ ਦੀ ਜਮਾਤਣ ਨੂੰ ਨਾ ਆਉਣ ਦੇ ਕੇ ਆਪਣੇ ਘਰ ਦੀ ਸੰਭਾਲ ਕਰ ਲੈਂਦੀ ਹੈ। ਗੁਰਚਰਨ ਸਿੰਘ ਗੁਲਸ਼ਨ ਨੇ ਆਪਣੀ ਕਹਾਣੀ "ਫੈਸਲਾ" ਵਿੱਚ ਸ਼ਬਨਮ ਨੂੰ ਜੋ ਪਹਿਲਾਂ ਆਪਣੇ ਬਦਸੂਰਤ ਪਤੀ ਨੂੰ ਨਫਰਤ ਕਰਦੀ ਸੀ, ਵਾਪਸ ਆਪਣੇ ਪਤੀ ਕੋਲ ਜਾਣ ਦਾ ਫੈਸਲਾ ਕਰਦਿਆਂ ਵਿਖਾਇਆ ਹੈ ਜੋ ਆਪਣੇ ਭਰਾ ਭਰਜਾਈ ਨੂੰ ਪਿਆਰ ਕਰਦਿਆਂ ਵੇਖਦੀ ਹੈ ਤੇ ਉਸ ਦੇ ਸੁੱਤੇ ਜਜ਼ਬੇ ਜਾਗ ਪੈਂਦੇ ਹਨ।

ਫ਼ਿਰਕੂ ਫਸਾਦਾਂ ਦਾ ਜ਼ਹਿਰ ਸਾਰੇ ਭਾਰਤ ਵਿੱਚ ਫੈਲਿਆ ਹੋਇਆ ਹੈ। ਧਰਮ ਦੇ ਨਾਂ ਤੇ ਲੋਕਾਂ ਨੂੰ ਕੋਹਿਆ ਤੇ ਲੁਟਿਆ ਜਾ ਰਿਹਾ ਹੈ, ਧੀਆਂ ਭੈਣਾਂ ਦੀ ਇਸਮਤ ਲੁਟੀ ਜਾ ਰਹੀ ਹੈ। ਪ੍ਰੇਮ ਸਿੰਘ ਦੀ "ਚੂਰ ਚੂਰ" ਅਤੇ ਮਾਨ ਭਾਰਗਵ ਦੀ "ਪਹੁ ਫੁਟਦੀ ਪਈ ਹੈ" ਵਿੱਚ ਫਿਰਕੂ ਫਸਾਦਾਂ ਦਾ ਜ਼ਿਕਰ ਆਉਂਦਾ ਹੈ ਅਤੇ ਨਾਲ ਹੀ ਇਕ ਐਸੇ ਮਨੁੱਖ ਦਾ ਚਿਤਰ ਵੀ ਉਘੜਦਾ ਹੈ ਜੋ ਇਸ ਜ਼ਹਿਰ ਦੇ ਖਿਲਾਫ ਵੀ ਸੋਚਦਾ ਹੈ। ਲੋਕੀਂ ਇਨ੍ਹਾਂ ਰੋਜ਼ ਰੋਜ਼ ਦੇ ਫਸਾਦਾਂ ਤੋਂ ਹਿਰਾਸੇ ਪਏ ਹਨ। ਇਹੋ ਜਿਹੇ ਮਨੁੱਖਾਂ ਦਾ ਸਹੁਣਾ ਚਿਤਰ ਪ੍ਰੇਮ ਸਿੰਘ—"ਇਕ ਗਰਾਂ ਦੀ ਗਲ" ਵਿੱਚ ਪੇਸ਼ ਕਰ ਗਿਆ ਹੈ।

ਮੁਲਕ ਦੀ ਸਿਆਸਤ ਵਿੱਚ ਕਈ ਕਹਾਣੀਕਾਰ ਦਿਲਚਸਪੀ ਰਖਦੇ ਹਨ। ਕਹਾਣੀਕਾਰ ਸਮਾਜ ਦਾ ਇਕ ਅੰਗ ਹੈ ਅਤੇ ਉਹ ਆਪਣੇ ਆਪ ਨੂੰ ਸਿਆਸਤ ਤੋਂ ਕਿਵੇਂ ਦੂਰ ਰਖੇ। ਸਾਡੀ ਅਜੋਕੀ ਦਾ ਸਿਆਸਤ ਸਹੀ ਨਕਸ਼ਾ ਕੰਵਲ ਕਸ਼ਮੀਰੀ ਨੇ ਚਿੰਨ੍ਹਾਤਮਕ ਕਹਾਣੀ "ਰਾਖਾ" ਵਿੱਚ ਖਿਚਿਆ ਹੈ। ਜਿਹੜਾ ਵੀ ਹਕੂਮਤ ਤੇ ਕਾਬਜ਼ ਹੋ ਗਿਆ ਉਹ ਦੂਜੇ ਨੂੰ ਅੰਦਰ ਆਉਣ ਦਾ ਮੌਕਾ ਨਹੀਂ ਦੇਣਾ ਚਾਹੁੰਦਾ ਜੇਕਰ ਕੋਈ ਆਉਣਾ ਚਾਹੇ ਤਾਂ ਗਲਤ ਰਾਹੋਂ ਦਾਖ਼ਲ ਹੋ ਇਹੀ ਕੁਝ ਕਰਨ ਲਗ ਪੈਂਦਾ ਹੈ।

ਆਲਮੀ ਸਿਆਸਤ ਬਾਰੇ ਲਿਖੀ ਇਕੋ ਇਕ ਕਹਾਣੀ ਗੁਰਚਰਨ ਸਿੰਘ ਗੁਲਸ਼ਨ ਦੀ "ਮੇਰਾ ਘਰ" ਹੈ ਜਿਸ ਵਿਚ ਬੱਚਿਆਂ ਨੂੰ ਚਿੰਨ੍ਹ ਬਣਾ ਵੱਡੀਆਂ ਤਾਕਤਾਂ ਨੂੰ ਨੰਗਾ ਕੀਤਾ ਹੈ।

ਜੰਗ ਵਿਰੁੱਧ ਨਫ਼ਰਤ ਪੈਦਾ ਕਰਨੀ ਕਹਾਣੀਕਾਰਾਂ ਦਾ ਮੁਖ ਮੰਤਵ ਹੋਣਾ ਚਾਹੀਦਾ ਹੈ। ਪ੍ਰੇਮ ਸਿੰਘ ਦੀ "ਮੇਰਾ ਵਤਨ", ਕੰਵਲ ਕਸ਼ਮੀਰੀ ਦੀ "ਆਤਮ ਘਾਤ" ਅਤੇ ਗੁਰਚਰਨ ਸਿੰਘ ਗੁਲਸ਼ਨ ਦੀ "ਜੰਗ ਜਾਰੀ ਹੈ" ਜੰਗ ਵਿਰੁੱਧ ਨਫ਼ਰਤ ਉਪਜਾਉਣ ਵਿੱਚ ਸਫ਼ਲ ਹੋਈਆਂ ਹਨ।

ਸਿਵਾਏ ਦਿਲਜੀਤ ਸਿੰਘ ਦੇ ਰਿਆਸਤੀ ਕਹਾਣੀਕਾਰਾਂ ਨੇ ਜੰਮੂ-ਕਸ਼ਮੀਰ ਦੀ ਜਨਤਾ ਦਾ ਸਫਲ ਮਨੁੱਖੀ ਚਿਤਰਣ ਪੇਸ਼ ਕੀਤਾ ਹੈ ਤੇ ਉਨ੍ਹਾਂ ਦੇ ਹਾਵ ਭਾਵਾਂ, ਉਨ੍ਹਾਂ ਦੀ ਸੋਚਣੀ, ਉਨ੍ਹਾਂ ਦੇ ਅਹਿਸਾਸਾਂ ਤੇ ਆਸਾਂ ਅੰਦੇਸ਼ਿਆਂ ਨੂੰ ਆਪਣੀ ਕਹਾਣੀਆਂ ਵਿੱਚ ਖੂਬੀ ਨਾਲ ਚਿਤਰਿਆ ਹੈ। ਦਿਲ-ਜੀਤ ਸਿੰਘ ਦੀਆਂ ਕਹਾਣੀਆਂ ਵਿੱਚ ਪੰਜਾਬ ਦਾ ਮਨੁੱਖ ਉਭਰਦਾ ਹੈ ਕਸ਼ਮੀਰੀ ਨਹੀਂ।

ਅੰਤ ਵਿੱਚ ਮੈਂ ਇਤਨਾਂ ਕਹਿ ਸਕਦਾ ਹਾਂ ਕਿ ਸਾਡੇ ਕਹਾਣੀਕਾਰ ਨਿੱਕੀ ਕਹਾਣੀ ਦੇ ਪਿੜ ਵਿੱਚ ਪੰਜਾਬੀ ਕਹਾਣੀਕਾਰਾਂ ਨਾਲ ਜਿਹੜੇ ਕਿ ਗੁਟਬੰਦੀਆਂ ਕਾਰਨ ਉਭਰ ਰਹੇ ਹਨ, ਮੋਢੇ ਨਾਲ ਮੋਢਾ ਡਾਹ ਕੇ ਅਗੇ ਤੁਰ ਰਹੇ ਹਨ ਤੇ ਆਸ ਬਝਦੀ ਹੈ ਕਿ ਛੇਤੀ ਉਹ ਸਮੁਚੇ ਪੰਜਾਬੀ ਸਾਹਿਤ ਵਿੱਚ ਆਪਣੇ ਲਈ ਮਾਣ ਯੋਗ ਥਾਂ ਬਣਾ ਲੈਣਗੇ।

(ਸ਼ੀਰਾਜ਼ਾ ਅੰਕ-3.)

ਰਘਬੀਰ ਸਿੰਘ ਮੁਕਤ

ਮੀਆਂ ਮੁਹੰਮਦ ਬਖ਼ਸ਼

ਮੀਆਂ ਮੁਹੰਮਦ ਬਖ਼ਸ਼ ਰਿਆਸਤ ਜੰਮੂ ਕਸ਼ਮੀਰ ਦੇ ਬਹੁਤ ਪ੍ਰਸਿਧ ਤ ਮਹਾਨ ਪੰਜਾਬੀ ਕਵੀ ਹੋਏ ਹਨ। ਉਨ੍ਹਾਂ ਦਾ ਸੈਫ਼ਲ ਮਲੂਕ ਪੰਜਾਬੀ ਸਾਹਿਤ ਵਿਚ ਬਹੁਤ ਮਹਾਨਤਾ ਰਖਦਾ ਹੈ। ਸਾਰੇ ਪਛਮੀ ਪੰਜਾਬ, ਲਾਹੌਰ ਤੋਂ ਰਾਵਲ ਪਿੰਡੀ ਤੀਕ ਅਤੇ ਖਾਸ ਕਰ ਕੇ ਪੋਠੋਹਾਰ ਦੇ ਲੋਕਾਂ 'ਚ ਸੈਫ਼ਲ ਮਲੂਕ ਬਹੁਤ ਹੀ ਸਤਕਾਰਿਆ ਜਾਂਦਾ ਹੈ। ਇਸ ਤੋਂ ਛੁਟ ਰਿਆਸਤ ਜੰਮੂ ਕਸ਼ਮੀਰ ਦੇ ਮੀਰਪੁਰ, ਜੰਮੂ, ਪੁਣਛ, ਮੁਜ਼ਫਰਬਾਦ ਆਦਿ ਜ਼ਿਲਿਆਂ ਵਿਚ ਵੀ ਸੈਫ਼ਲ ਮਲੂਕ ਦਾ ਕਿੱਸਾ ਬਹੁਤ ਪੜਿਆ ਜਾਂਦਾ ਹੈ। ਕਿਸਾਨ ਜਦੋਂ ਆਪਣੇ ਕੰਮਾਂ-ਕਾਜਾਂ ਤੋਂ ਵਿਹਲੇ ਹੋ ਕੇ ਅਰਾਮ ਕਰਦੇ ਹਨ ਤਦ ਉਨ੍ਹਾਂ ਦੇ ਜੀਅ ਪ੍ਰਚਾਵੇ ਦਾ ਸਾਧਨ ਸੈਫ਼ੁਲ ਮਲੂਕ ਹੀ ਹੁੰਦਾ ਹੈ। ਆਮ ਕਰਕੇ ਪਿੰਡ ਵਿਚ ਐਸੀ ਥਾਂ ਜਿਥੇ ਆਮ ਲੋਕੀ ਬੈਠਦੇ ਹਨ ਉਥੇ ਸੈਫ਼ੁਲ ਮਲੂਕ ਉਚੀਆਂ ਸੁਰਾਂ ਨਾਲ ਇਕ ਆਦਮੀ ਗਾਉਂਦਾ ਤੇ ਬਾਕੀ ਉਸਦਾ ਅਨੰਦ ਮਾਣਦੇ ਹਨ।

ਇਹ ਕਿੱਸਾ ਇਤਨਾ ਦਿਲਚਸਪ ਹੈ ਜਿਵੇਂ ਕਿ ਚੰਦਰ ਕਾਂਤਾ ਦਾ ਜਸੂਸੀ ਨਾਵਲ। ਭਾਵੇਂ ਇਹ ਕਿਸਾ ਪੰਜਾਬੀ ਕਵਿਤਾ ਵਿਚ ਹੈ ਪਰ ਇਸ ਵਿਚ ਨਾਵਲ ਕਲਾ ਦਾ ਜ਼ੋਰਦਾਰ ਪ੍ਰਗਟਾਵਾ ਕੀਤਾ ਗਿਆ ਹੈ। ਪੰਜਾਬੀ ਸਾਹਿਤ ਵਿਚ ਜਿਥੇ 'ਹੀਰ ਰਾਂਝਾ' 'ਸੱਸੀ ਪੁੰਨੂੰ' 'ਮਿਰਜ਼ਾ ਸਾਹਿਬਾਂ' ਅਤੇ 'ਸੋਹਣੀ ਮਹੀਂਵਾਲ' ਆਦਿ ਬਹੁਤ ਸਾਰੇ ਐਸੇ ਕਿੱਸੇ ਹਨ, ਜਿਨ੍ਹਾਂ ਵਿਚ ਹੁਸਨ-ਇਸ਼ਕ ਬਾਰੇ ਬਹੁਤ ਲਿਖਿਆ ਗਿਆ ਹੈ। ਸੈਫ਼ੂਲ ਮਲੂਕ ਵੀ ਸ਼ਾਹਜ਼ਾਦਾ ਸੈਫ਼ੁਲ ਮਲੂਕ ਅਤੇ ਪਰੀ ਬਦੀਉ ਜਮਾਲ ਦੇ ਹੁਸਨ-ਇਸ਼ਕ ਦੀ ਕਹਾਣੀ ਹੈ।

ਜਿਥੇ ਬਾਕੀ ਕਿੱਸਾਕਾਰਾਂ ਨੇ ਮਨੁਖਾਂ ਦੇ ਹੁਸਨ-ਇਸ਼ਕ ਦੀਆਂ ਕਹਾਣੀਆਂ ਬਿਆਨੀਆਂ ਹਨ ਉਥੇ ਮੀਆਂ ਮੁਹੰਮਦ ਬਖ਼ਸ਼ ਨੇ ਆਪਣੇ ਕਿੱਸੇ ਦਾ ਹੀਰੋ ਸੈਫ਼ੁਲ ਮਲੂਕ ਮਨੁਖ ਅਤੇ ਹੀਰੋਇਨ ਇਕ ਪਰੀ ਨੂੰ ਬਣਾਇਆ ਜੋ ਮਨੁੱਖੀ ਛੋਹ ਤੋਂ ਬਹੁਤ ਦੂਰ ਰਹਿੰਦੀ ਹੈ।

ਇਕ ਮਨੁਖ ਦਾ ਇਕ ਅਣਡਿਠੀ ਪਰੀ ਨਾਲ ਇਸ਼ਕ ਕਰਕੇ ਉਸ ਨੂੰ ਪ੍ਰਾਪਤ ਕਰਨ ਲਈ

ਬੇਅੰਤ ਔਕੜਾਂ ਸਹਿਣਾ ਅਤੇ ਅੰਤ ਵਿਚ ਸਫ਼ਲ ਹੋਣਾ ਇਸ ਕਿੱਸੇ ਦਾ ਮੰਤਵ ਹੈ। ਮੇਰੀ ਜਾਚੇ ਮੀਆਂ ਮੁਹੰਮਦ ਬਖ਼ਸ਼ ਨੇ ਇਹ ਕਿੱਸਾ ਰਚ ਕੇ ਮਨੁਖ ਨੂੰ ਮਹਾਨ ਪ੍ਰੇਰਨਾ ਦਿਤੀ ਹੈ ਕਿ ਜੇ ਦ੍ਰਿੜਤਾ ਅਤੇ ਪੱਕੇ ਇਰਾਦੇ ਨਾਲ ਕੋਈ ਵਡੀ ਤੋਂ ਵਡੀ ਸ਼ੈ ਜਾਂ ਮੰਤਵ ਪ੍ਰਾਪਤ ਕਰਨ ਲਈ ਘਾਲ ਘਾਲੇ ਤਾਂ ਸਫਲਤਾ ਉਹਦੇ ਪੈਰ ਚੁੰਮਦੀ ਹੈ। ਉਹ ਧਰਤੀ ਤੋਂ ਤੁਰ ਕੇ ਬਿਨਾਂ ਕਿਸੇ ਸਹਾਰੇ ਪਰੀਆਂ ਤੇ ਦੇਵਾਂ ਦੇ (ਕਲਪਤ) ਦੇਸ਼ ਵਿਚ ਪੁਜ ਕੇ ਉਨ੍ਹਾਂ ਤੇ ਜਿਤ ਪਰਾਪਤ ਕਰ ਸਕਦਾ ਹੈ। ਇਸ ਪਖੋਂ ਮੀਆਂ ਮੁਹੰਮਦ ਬਖ਼ਸ਼ ਦੀ ਇਹ ਰਚਨਾ ਮਨੁਖਤਾ ਨੂੰ ਇਕ ਵਡਮੁਲੀ ਦੇਣ ਹੈ। ਮੀਆਂ ਮੁਹੰਮਦ ਬਖ਼ਸ਼ ਆਪਣੇ ਕਿੱਸੇ ਦੇ ਅਰੰਭ ਵਿਚ ਇਕ ਥਾਂ ਲਿਖਦਾ ਹੈ :—

ਸਦਾ ਸਖ਼ਾਲੇ ਉਹੋ ਭਾਈ, ਇਸ਼ਕ ਜਿਸ ਘਟ ਆਇਆ।
ਮਰਹਮ ਫਟ ਉਨ੍ਹਾਂ ਦੇ ਭਾਣੇ, ਹਿਕੋ ਜਿਹਾ ਸੁਖਾਇਆ।
ਤਾਜ ਤਖ਼ਤ ਸੁਲਤਾਨੀ ਛਡ, ਠੂਠਾ ਫੜਨ ਗਦਾਈ।
ਰਖ ਉਮੀਦ ਸਜਨ ਦੇ ਦਰ ਦੀ, ਕਟਨ ਜੋਬਨ ਆਈ।
ਦਮ ਦਮ ਪੀਣ ਸ਼ਰਾਬ ਗ਼ਮਾਂ ਦੇ, ਦਮਨ ਮਾਰਨ ਮੋਲੇ।
ਵੱਟ ਝਲਣ, ਵੱਟ ਪਾਣ ਨਾ ਮੱਥੇ, ਰਾਹ ਤਿੰਨਾਂ ਦੇ ਰੋਲੇ।
ਕਰ ਕਰ ਯਾਦ ਸਜਨ ਨੂੰ ਖਾਂਦੇ, ਭੁੰਨ ਭੁੰਨ ਜਿਗਰ ਨਵਾਲੇ।
ਸ਼ਰਬਤ ਵਾਂਗ ਪਿਆਰੇ ਹਥੋਂ, ਪੀਵਨ ਜ਼ਹਿਰ ਪਿਆਲੇ।
ਜਿਸ ਦਿਲ ਅੰਦਰ ਇਸ਼ਕ ਨਾ ਰਚਿਆ, ਕੁਤੇ ਉਸ ਥੀਂ ਚੰਗੇ।
ਖ਼ਾਂਵੰਦ ਦੇ ਦਰ ਰਾਖੀ ਕਰਦੇ, ਸਾਬਰ ਭੁਖੇ ਨੰਗੇ।
ਜਿਨ੍ਹਾਂ ਦਰਦ ਇਸ਼ਕ ਦਾ ਨਾਹੀਂ, ਕਦ ਫਲ ਪਾਣ ਦੀਦਾਰੋ।
ਜੇ ਰੱਬ ਰੋਗ ਇਸ਼ਕ ਦਾ ਲਾਇ, ਖੋਫ਼ ਨਹੀਂ ਹੈ ਆਜ਼ਾਰੋ।
ਪਕਾ ਪੈਰ ਧਰੀਂ ਜੇ ਧਰਣਾ, ਤਿਲਕ ਨਹੀਂ ਮਤੇ ਜਾਵੇ।
ਸੋ ਇਸ ਪਾਸੇ ਬਹੇ ਮੁਹੰਮਦ, ਜੋ ਸਿਰ ਬਾਜ਼ੀ ਲਾਵੇ।

ਮੀਆਂ ਮੁਹੰਮਦ ਬਖ਼ਸ਼ ਆਪਣੇ ਕਿੱਸੇ ਦੇ ਹੀਰੋ ਦਾ ਜਨਮ ਤੇ ਉਸਦੇ ਮਗਰੋਂ ਉਸ ਦੀ ਪੜ੍ਹਾਈ ਦਾ ਜ਼ਿਕਰ ਕਰਦਿਆਂ ਲਿਖਦੇ ਹਨ :—

ਜੋ ਖ਼ਤ ਦੁਨੀਆਂ ਉਤੇ ਲਿਖਦੇ, ਸੈਹੁ ਮਲੂਕ ਪਕਾਏ !
ਖ਼ੁਸ਼ ਖ਼ਤ ਉਸਦਾ ਵੇਖ ਫ਼ਰਿਸ਼ਤਾ, ਹੈਰਾਨੀ ਵਿਚ ਜਾਏ।
ਅਰਬੀ, ਅਜਮੀ, ਸੀਰੀ, ਕੈਫੀ, ਖ਼ੁਸ਼ਖ਼ਤ ਫ਼ਾਰਸੀਆਂ ਦਾ।
ਗੁਰਮੁਖੀ, ਹਿੰਦੀ, ਸ਼ਾਸਤਰੀ ਦੇ, ਹਰਫ਼ ਦੇ ਵਿਚ ਪਾਂਦਾ।
ਡੋਗਰੇ, ਅਖਰ ਹੋਰ ਅੰਗਰੇਜ਼ੀ, ਫਰਾਂਸੀ ਹੋਰ ਦੂਜੇ।
ਉਰਦੂ ਖਤ ਬੰਗਾਲੀ ਦਖਣੀ, ਸਾਰੇ ਲਿਖੇ ਬੁਝੇ।
ਸਰਿਆਨੀ, ਇਬਰਾਨੀ ਤੁਰਕੀ, ਯੂਨਾਨੀ, ਇਰਾਕੀ।
ਸਿਖੇ ਖਤ ਜ਼ਬਾਨਾਂ ਸਭੋ, ਕੁਝ ਨ ਰਖੇ ਬਾਕੀ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਮੀਆਂ ਮੁਹੰਮਦ ਬਖਸ਼ ਨੂੰ ਬਹੁਤ ਸਾਰੀਆਂ ਜਬਾਨਾਂ ਅਤੇ ਉਨ੍ਹਾਂ ਦੀਆਂ ਵਖ ਵਖ ਲਿਪੀਆਂ ਬਾਰੇ ਕਾਫ਼ੀ ਗਿਆਨ ਸੀ। ਆਪਣੇ ਹੀਰੋ ਸ਼ਹਿਜ਼ ਦਾ ਸੈਫ਼ੁ ਮਲੂਕ ਦੇ ਇਸ਼ਕ ਦਾ ਅਰੰਭ ਬਿਆਨ ਕਰਦੇ ਹੋਏ ਮੀਆਂ ਮੁਹੰਮਦ ਬਖ਼ਸ਼ ਲਿਖਦਾ ਹੈ ਕਿ ਜਿੰਨਾਂ ਦੇ ਬਾਦਸ਼ਾਹ ਸ਼ਾਹ ਸੁਲੇਮਾਨ ਨੇ ਸੈਫ਼ ਮਲੂਕ ਦੇ ਦਾਦੇ ਨੂੰ ਇਕ ਸੰਦੂਕ ਤੋਹਫੇ ਵਜੋਂ ਦਿਤਾ ਜੋ ਕਿ ਸੈਫ਼ ਮਲੂਕ ਦੇ ਜਵਾਨ ਹੋਣ ਤੇ ਉਸ ਦੇ ਪਿਤਾ ਨੇ ਉਸਨੂੰ ਦਿਤਾ :—

ਆਸਮ ਸ਼ਾਹ ਧਰ ਅਗੇ ਆਪਣੇ, ਚਾ ਸੰਦੂਕ ਖੁਲਾਲਿਆ ।
ਹੋਰ ਸੰਦੂਕ ਸੰਦੂਕੇ ਅੰਦਰ, ਉਹ ਵੀ ਬਾਹਰ ਕਢਾਇਆ ।
ਉਸਦੇ ਵਿਚੋਂ ਕਢ ਕੇ ਬਾਹਰ, ਓਹ ਸ਼ਾਹ ਮੋਹਰੋ ਦੋਵੇਂ ।
ਦੋ ਸ਼ਕਲਾਂ ਨੂਰਾਨੀ ਸੁੰਦਰ, ਝਾਲ ਨ ਝਲਣ ਹੋਵੇ ।
ਬਿਜਲੀ ਦੇ ਚਮਕਾਰੇ ਵਾਂਗੂੰ, ਹਰ ਇਕ ਨਕਸ਼ ਚਮਕਦਾ ।
ਸੂਰਜ ਵੀ ਸਾਹਵੇਂ ਉਹਦੇ, ਝਾਲ ਨ ਸੀ ਝਲ ਸਕਦਾ ।
ਤਾਬ ਉਹਦੀ ਤਕ ਆਬ ਨ ਰਹਿੰਦੀ, ਗੋਹਰ ਲਾਲ ਬਦਖ਼ਸ਼ਾਂ ।
ਦਾਨਸ਼ ਮੰਦ ਹੋਵੇ ਸੋਦਾਈ, ਜੋ ਵੇਖੇ ਵਲ ਨਕਸ਼ਾਂ ।

ਅਗੇ ਚਲ ਕੇ ਮੀਆਂ ਮੁਹੰਮਦ ਬਖ਼ਸ਼ ਲਿਖਦਾ ਹੈ ਕਿ ਅਧੀ ਰਾਤੀਂ ਜਦ ਸ਼ਾਹਜ਼ਾਦੇ ਦੀ ਜਾਗ ਖੁਲੀ ਤਾਂ ਉਸ ਨੇ ਤੋਹਫੇ ਵਜੋਂ ਮਿਲੀ ਮੂਰਤ ਨੂੰ ਵੇਖਿਆ :—

ਕੀ ਤੱਕੇ ਉਹ ਮੂਰਤ ਸੀ ਜਾਂ, ਰੋਸ਼ਨ ਚੰਦ ਫਲਕ ਥੀਂ ।
ਨਕਸ਼ ਨਗਾਹ ਬਹਾਰ ਹੁਸਨ ਦੀ, ਬੇਤਰ ਹੋਰ ਮੁਲਕ ਥੀਂ ।
ਜੇ ਮੂੰਹ ਕਰੇ ਵਲ ਅਸਮਾਨਾਂ, ਸੂਰਜ ਪਵੇ ਪਿਛਾਂਹ ।
ਜੇ ਖੜੀਏ ਜ਼ਲਮਾ ਤੇ ਮਿਲਦਾ, ਆਬਿ ਹਯਾਤ ਸਚਾਵਾਂ ।
ਜੇ ਲੁਕਮਾਨ ਸਿਆਣਾ ਵੇਖੇ, ਜਾਂ ਅਫ਼ਲਾ ਤੂੰ ।
ਭੁਲਣ ਸਭ ਹਿਸਾਬ ਅਕਲ ਦੇ ਹੋਸ਼ ਸ਼ਤਾਬੀ ਮੁਕਣ ।
ਆਲਮ ਜਿਹੇ ਪਰਹੇਜ਼ਾਂ ਵਾਲੇ, ਅਖ ਚਮਕਦੇ ਵੇਖਣ ।
ਕੁਫ਼ਰ ਇਸਲਾਮ ਵਿਸਾਰਨ, ਬੁਤ ਨੂੰ ਮੱਥਾ ਟੇਕਣ ।
ਸੈਫ਼ ਮਲੂਕ ਸ਼ਾਹਜ਼ਾਦੇ ਜਾਂ ਉਹ, ਮੂਰਤ ਵੇਖੀ ਸਾਰੀ ।
ਲਗੀ ਅਗ ਹੋਇਆ ਦਿਲ ਅੰਦਰ, ਇਕੋ ਦਰਦ ਅਜ਼ਾਰੀ ।
ਸੈਫ਼ ਮਲੂਕ ਸ਼ਾਹਜ਼ਾਦੇ ਨੇ, ਉਹ ਡਿਠੀ ਦਿਲ ਲਾ ਕੇ ।
ਹੋ ਮੁਤਫ਼ਿਕਰ ਕਰੇ ਦਲੀਲਾਂ, ਹੈਰਾਨੀ ਵਿਚ ਆ ਕੇ ।
ਇਸ ਮੂਰਤ ਦਾ ਆਦਮ ਕਿਥੇ, ਸੁੰਦਰ ਰੂਪ ਗੁਮਾਣੀ ।
ਨਰ ਇਲਾਹੀ ਹੈ ਆ ਬੈਠਾ, ਕਹਬਾਂ ਧਾਰ ਜਨਾਣੀ ।
ਫਿਰ ਅਟਕ ਕੇ ਰਿਹਾ ਬਦਨ ਵਿਚ, ਰਹੂ ਮੁਨਾ ਜਾਂਦਾ ਜਾਂਦਾ ।
ਹੋਸ਼ ਅਕਲ ਦਾਨਾਈ ਡੁਬੀ, ਸਾਰੀ ਅਕਲ ਵਜਾਂਦਾ ।

ਪਾਨ ਪੋਸ਼ਾਕ ਸੁਟੀ ਸ਼ਾਹਜ਼ਾਦੇ, ਆਇਆ ਬਾਹਰ ਘਰ ਥੀਂ ।
ਹੋ ਬੇਤਾਬ ਡਿਗਾ ਆ ਗਰਦੀ, ਗਰਮੀ ਸੋਜ਼ ਕਹਿਰ ਦੀ ।

ਮੀਆਂ ਮੁਹੰਮਦ ਬਖ਼ਸ਼ ਆਪਣੇ ਕਿੱਸੇ ਦਾ ਅਰੰਭ ਇਸ ਪ੍ਰਕਾਰ ਕਰਦਾ ਹੈ ਬਸ ਸ਼ਾਹਜ਼ਾਦਾ ਇਸ ਮੂਰਤ ਨੂੰ ਵੇਖ ਦੀਵਾਨਾ ਹੋ ਕੇ ਉਸ ਦੀ ਖੋਜ ਵਿਚ ਨਿਕਲ ਤੁਰਦਾ ਹੈ । ਉਸ ਦੇ ਰਾਹ ਵਿਚ ਅਨੇਕਾਂ ਰੋਕਾਂ ਤੇ ਕਠਨਾਈਆਂ ਆਉਂਦੀਆਂ ਹਨ । ਪਰ ਆਪਣੀ ਪਿਆਰੀ ਦੀ ਢੂੰਡ ਵਿਚ ਕਿਤੇ ਵੀ ਰੁਕਦਾ ਨਹੀਂ । ਜਿਹਾ ਕਿ :—

ਧੁਪਾਂ ਪਾਲੇ ਸਿਰ ਤੇ ਸਹਿੰਦਾ, ਨੀਂਦਰ ਭੁਖ ਪਿਆਸਾਂ ।
ਅਗੇ ਹੀ ਉਹ ਚਾਹੁੰਦਾ ਆਹ, ਲਗ ਪਈਆਂ ਹੁਣ ਆਸਾਂ ।
ਅਜਮ ਅਸਮ ਪਕਾਂਦਾ ਜਾਂਦਾ, ਬਰਕਤ ਉਸ ਦੀ ਭਾਰੀ ।
ਕੁਵਤ ਜ਼ੋਰ ਇਸ਼ਕ ਦਾ ਤਨ ਵਿਚ, ਹੋਰ ਅਸਮਦੀ ਯਾਰੀ ।

ਸੈਫ਼ ਮਲੂਕ ਜਦ ਮਹਾਨ ਕਠਿਨ-ਤਾਈਆਂ ਝਲਣ ਮਗਰੋਂ ਚੋਦਾਂ ਵਰ੍ਹੇ ਦੀ ਭਾਲ ਮਗਰੋਂ ਆਪਣੀ ਪ੍ਰੀਤਮਾ ਪਰੀ ਦਾ ਥਾਂ ਟਿਕਾਣਾਂ ਲਭਣ ਵਿਚ ਸਫਲ ਹੋ ਗਿਆ ਅਤੇ ਆਪਣੀ ਇਕ ਸਹਾਇਕ ਦੀ ਸਹਾਇਤਾ ਨਾਲ ਬਦੀਉਲ ਜਮਾਲ ਪਰੀ ਦਾ ਦੀਦਾਰ ਕਰਨ ਲਈ ਪੁਜਦਾ ਹੈ ਤਾਂ ਬਦੀ ਉਲਜਮਾਲ ਪਰੀ ਦੀ ਸੁੰਦਰਤਾ ਬਿਆਨ ਕਰਦੇ ਹੋਏ ਮੁਹੰਮਦ ਬਖ਼ਸ਼ ਕਹਿੰਦਾ ਹੈ ।

ਉਚਾ ਕਦ ਸਫੈਦ ਪਤਲਾ, ਮਰਦ ਆਵਾਜ਼ ਬਹਿਸ਼ਤੀ ।
ਯਾ ਓਹ ਮੁਖ਼ਮਲ ਮੁਰਾਦ ਖ਼ੁਦਾਵੰਦ, ਰਹਿਮਤ ਕੰਵਲ ਸੁਰਸਤੀ ।
ਕੁੰਡਲੀਦਾਰ ਜੋ ਜਲਫ਼ਾਂ ਸਿਰ ਤੇ, ਕਾਲੇ ਨਾਗ ਡੰਸਾਲੇ ।
ਹਰ ਮੀਢੀ ਸਿਰ ਕਢੇ ਜੀਕਰ, ਬਿਸੀਅਰ ਜੀਭ ਨਿਕਾਲੇ ।
ਦਰਸ ਜਮਾਲ ਉਹਦੇ ਦਾ ਪੜ੍ਹਦੇ, ਸੂਰਜ ਅੰਬਰ ਤਾਰੇ ।
ਮੱਥਾ ਸਾਫ਼ ਰੋਪਹਿਰੀ ਤਖ਼ਤੀ ਰਖਣ ਪਕੜ ਕਿਨਾਰੇ ।

ਜਦ ਸੈਫ਼ ਮਲੂਕ ਆਪਣੀ ਪਿਆਰੀ ਬਦੀਉਲ ਜਮਾਲ ਪਰੀ ਨਾਲ ਮਿਲਦਾ ਹੈ ਅਤੇ ਪਰੀ ਪਹਿਲੀ ਤਕ 'ਚ ਹੀ ਉਸ ਤੇ ਮੋਹਿਤ ਹੋ ਜਾਂਦੀ ਹੈ । ਦੋਹਾਂ ਦੇ ਮਿਲਾਪ ਦਾ ਦ੍ਰਿਸ਼ ਬਿਆਨਦੇ ਹੋਏ ਮੁਹੰਮਦ ਬਖ਼ਸ਼ ਕਹਿੰਦਾ ਹੈ :—

ਬਾਗ ਬਹਾਰ ਹੁਸਨ ਦੀ ਅੰਦਰ, ਹਰਨ ਨੈਣਾਂ ਦੇ ਚਰਦੇ ।
ਰਜਣ ਕਦੋਂ ਮੁਹੰਮਦ ਬਖ਼ਸ਼ਾ, ਭੁਖੇ ਸਾਨ ਉਮਰ ਦੇ ।
ਅਚਨ ਚੇਤ ਬਦੀ ਜਮਾਲੇ ਨੈਣ ਮਤੇ ਨੀਂਦਰਾਏ ।
ਨੀਂਦ ਮਿਠੀ ਥੀਂ ਬਾਹਰ ਆਕੇ, ਆਸ਼ਕ ਨਾਲ ਭਿੜਾਏ ।
ਡਿਠਾ ਯਾਰ ਸਿਰਹਾਂਦੀ ਬੈਠਾ, ਕਰਦਾ ਰੂਪ ਨਜ਼ਾਰਾ ।
ਹੁਸਨ ਅੰਦਰ ਹੈਰਾਨ ਪਸ਼ੇਮਾਨ, ਰੋਂਦਾ ਜ਼ਾਰ ਬੇਚਾਰਾ ।
ਜਦੋਂ ਬਦੀਉਲ ਜਮਾਲ ਪਰੀ ਨੇ, ਹਾਲ ਡਿਠਾ ਦੁਖਿਆਰਾ ।
ਆਸ਼ਕ ਤਾਈਂ ਦਏ ਦਲਾਸੇ, ਹੇ ਜਾਨੀ ਦਿਲਦਾਰਾ ।

ਮੀਆਂ ਮੁਹੰਮਦ ਬਖ਼ਸ਼ ਨੇ ਆਪਣੇ ਕਿੱਸੇ ਵਿਚ ਜਿਥੇ ਪਰੀਆਂ ਤੇ ਦੇਵਾਂ ਦੀਆਂ ਕਈ ਕਹਾਣੀਆਂ ਬਿਆਨੀਆਂ ਹਨ ਉਥੇ ਸੈਫ ਮਲੂਕ ਦੇ ਵਿਆਹ ਸਮੇਂ ਪਰੀਆਂ ਤੋਂ ਓਹ ਗੀਤ ਗਵਾਏ ਹਨ ਜੋ ਅਜ ਵੀ ਵਿਹਾਰਾਂ ਵਿਚ ਸਾਡੇ ਪਿੰਡਾਂ ਦੀਆਂ ਮੁਟਿਆਰਾਂ ਗਾਉਂਦੀਆਂ ਹਨ ।

ਏਸ ਵੇਲੋ ਫ਼ਿਰ ਚਾਲੀ ਪਰੀਆਂ, ਭੁਲੀਆਂ ਭੁਲੀਆਂ ਗਲੀਆਂ
ਬਾਗ ਅਰਮ ਥੀਂ ਚਾ ਲਿਆਉਣ, ਸ਼ਾਹਜ਼ਾਦੇ ਨੂੰ ਚਲੀਆ
ਚਾਂਈ ਚਾਂਈਂ ਲਿਆਉਣ ਚਲੀਆਂ, ਗਾਵਨ ਚਾਲੀ ਚਾਈਆਂ
ਸੁਤੇ ਸੁਤੇ ਨੂੰ ਜਗਾਵਨ, ਆਈਆਂ ਅਸੀਂ ਆਈਆਂ
ਹਰ ਹਰ ਸਾਲੀ ਚੰਬੇ ਡਾਲੀ ਛਟੀਆਂ ਝੋਲਣ ਆਈਆਂ
ਉਠ ਉਠ ਕੇ ਸੀਤਾ ਪੀਤਾ ਸਾਲੜੀਆਂ ਰਲ ਆਈਆਂ
ਵੇਖਣ ਬੰਨੇ ਬੰਨੀ ਨੂੰ ਵੇਖਣ ਵਾਲੜੀਆ ਚਲ ਆਈਆਂ
ਲਾ ਮਹਿੰਦੀ ਮਲ ਵਟਣਾ, ਜੋਬਨ ਗੂਹੜਾ ਰੰਗ ਸਜਾਇਆਂ
ਬੰਨ੍ਹ ਸਿਹਰਾ ਤਕ ਸ਼ੀਸ਼ਾ ਲਾਲਾ, ਚੜਦਾ ਰੂਪ ਸਵਾਇਆ
ਸੁਰਮਾ ਮਹਿੰਦੀ ਤੇ ਨਾਲ ਵਟਣਾ, ਅਤਰ ਫ਼ਲੇਲ ਲਿਆਈਆਂ
ਫੁਲ ਗੁਲਾਬ ਪਰੋਤੇ ਸਿਹਰਾ, ਗੰਧ ਰਵੇਲ ਲਿਆਈਆਂ
ਉਠ ਵੇ ਬੰਨਿਆਂ ਜਾਗ ਸਵੇਰੇ ਬੰਨ੍ਹ ਸਿਰੇ ਪਰ ਚੀਰਾ
ਵਾਲੀਂ ਤੇਲ ਫਲੇਲ ਮਲਾਈਂ, ਅਖੀਂ ਸੁਰਮਾਂ ਵੀਰਾ
ਅਸੀਂ ਆਈਆਂ ਅਸੀਂ ਆਈਆਂ, ਲਾਲਾ ਤੁਧ ਕੇਸ੍ ਛਿਨਕਾਵਨ
ਇਵੇਂ ਸੋਹਲੇ ਗਾਵਨ ਪਰੀਆਂ, ਖੁਸ਼ੀ ਖ਼ੁਸ਼ੀ ਆਂਵਨ

ਮੀਆਂ ਮੁਹੰਮਦ ਦੀ ਰਚਨਾ ਵਿਚ ਸਚਾਈ, ਦ੍ਰਿੜਤਾ ਅਤੇ ਅਨਥਕ ਲਗਨ ਦੀ ਮਹਾਨ ਜਿਤ ਦਰਸਾਈ ਗਈ ਹੈ ।

ਮੀਆਂ ਮੁਹੰਮਦ ਬਖ਼ਸ਼ ਦੇ ਜਨਮ ਜਾਂ ਅੰਤ ਬਾਰੇ ਕਿਤੋਂ ਪਤਾ ਨਹੀਂ ਲਗਦਾ ਪਰ ਉਨ੍ਹਾਂ ਦੀ ਏਸ ਮਹਾਨ ਕਿਰਤ ਵਿਚ ਇਕ ਥਾਂ ਓਹ ਲਿਖਦੇ ਹਨ ।

ਗੱਦੀ ਵਾਲੇ ਦੇ ਨਾਉਂ ਉਤੇ ਨੁਸਖਾ ਏਹ ਬਣਾਇਆ
ਸਿਲਾ ਸੁਖਣ ਦਾ ਪਾਇਆ ਲੋੜਾਂ, ਹਰ ਕੋਈ ਦੇਂਦਾ ਆਇਆ
ਹਿਕ ਹਿਕ ਸੁਖਣ ਮੇਰੇ ਦੀ ਕੀਮਤ ਪਾਉ ਨਾਲ ਇਨਸਾਫੇ
ਦਿਉ ਦੁਆਈ ਜੇ ਮੈਂ ਖੋਟਾ, ਧਰਾਂ ਅਗੇ ਸਰਾਫੇ
ਹਜ਼ਰਤ ਮੁਰਸ਼ਦ ਦਮੜੀ ਵਾਲਾ, ਕਰੇ ਕਬੂਲ ਬੰਦੇ ਨੂੰ
ਸੰਨ ਮਕਸਦ ਹਿਜ਼ਰੀ ਦਸਾਂ, ਬਾਰਾਂ ਸੈ ਸਤ ਦਾਹੇ
ਸਤ ਉਤੇ ਦੋ ਹੋਰ ਮੁਹੰਮਦ ਉਪਰ ਇਸ ਥੀਂ ਆਹੇ
ਮਾਹ ਰਮਜ਼ਾਂਨ ਮੁਬਾਰਕ ਅੰਦਰ, ਵਕਤ ਬਹਾਰ ਗੁਲਾਬੀ
ਸਫਰਲ ਇਸ਼ਕ ਮੁਕਾਏ ਹੋਏ ਹੋਵਸ ਫ਼ਜ਼ਲ ਜਨਾਬੀ

ਇਸ ਤੋਂ ਪਤਾ ਲਗਦਾ ਹੈ ਕਿ ਮੀਆਂ ਮੁਹੰਮਦ ਬਖ਼ਸ਼ ਨੇ ਆਪਣਾ ਇਹ ਕਿੱਸਾ 1279 ਹਿਜਰੀ ਰਮਜ਼ਾਨ ਦੇ ਮਹੀਨੇ ਵਿਚ ਮੁਕੰਮਲ ਕੀਤਾ। ਅਤੇ ਏਹ ਸਮਾਂ 1859-60 ਈ: ਦੇ ਲਗ ਭਗ ਬਣਦਾ ਹੈ।

ਮੀਆਂ ਮੁਹੰਮਦ ਬਖ਼ਸ਼ ਜ਼ਿਲਾ ਮੀਰਪੁਰ ਦੇ ਰਹਿਣ ਵਾਲੇ ਸਨ ਉਨ੍ਹਾਂ ਦੇ ਆਪਣੇ ਕਥਨ ਅਨੁਸਾਰ ਇਹ ਥਾਂ ਜਹਿਲਮ ਦੇ ਪਤਨ ਤੋਂ ਮੀਰਪੁਰ ਆਉਣ ਵਾਲੀ ਸੜਕ ਦੇ ਕੰਢੇ ਹੈ। ਜਿਹਾ ਕਿ :—

ਜਿਹਲਮ ਘਾਟੋਂ ਪਰਬਤ ਪਾਸੇ, ਮੀਰ ਪੁਰੇ ਥੀਂ ਦਖਣ
ਗੜ੍ਹੀ ਮਲਕ ਵਿਚ ਲੋੜਨ ਜਿਹੜੇ ਤਲਬ ਬੰਦੇ ਦੀ ਰਖਣ

ਅਰਥਾਤ ਜਿਹਲਮ ਦਰਿਆਂ ਦੇ ਪਤਨ ਥੀਂ ਉਤਰ ਅਤੇ ਮੀਰਪੁਰ ਸ਼ਹਿਰ ਦੇ ਦਖਣ ਵਲ ਗੜ੍ਹੀ ਮਲਕ ਵਿਚ ਆਪ ਦਾ ਟਿਕਾਣਾ ਸੀ।

ਆਪ ਉਸ ਸਮੇਂ ਦੇ ਪ੍ਰਸਿਧ ਸਾਈਂ ਲੋਕ ਹੋਏ ਹਨ। ਸ੍ਰੀ ਨਰਸਿੰਘ ਦਾਸ ਨਰਗਸ ਅਨੁਸਾਰ ਮੀਆਂ ਮੁਹੰਮਦ ਬਖ਼ਸ਼ ਦਾ ਦਰਜਾ ਹੀਰ ਰਾਂਝਾ ਦੇ ਕਰਤਾ ਵਾਰਸ ਸ਼ਾਹ, ਸੋਹਣੀ ਮਹੀਂਵਾਲ ਦੇ ਕਰਤਾ ਫ਼ਜ਼ਲ ਸ਼ਾਹ ਮਿਰਜ਼ਾ ਸਾਹਿਬਾਂ ਦੇ ਕਰਤਾ ਮੁਹੰਮਦ ਬੂਟਾ ਆਦਿ ਤੋਂ ਕਿਸੇ ਵੀ ਗਲੋਂ ਘਟ ਨਹੀਂ। ਜੇ ਇਹ ਆਖਿਆ ਜਾਵੇ ਕਿ ਰਿਆਸਤ ਜੰਮੂ ਕਸ਼ਮੀਰ ਨੂੰ ਆਪਣੇ ਇਸ ਮਹਾਨ ਪੰਜਾਬੀ ਕਵੀ ਤੇ ਇਤਨਾ ਫ਼ਖ਼ਰ ਹੈ ਕਿ ਉਸਦੀ ਸਿਫਤ ਵਿਚ ਕਲਮ ਦਾ ਸਿਰ ਝੁਕ ਜਾਂਦਾ ਹੈ ਤਾਂ ਗਲਤ ਨਹੀਂ ਹੋਵੇਗਾ।

ਮੁਹੰਮਦ ਬਖ਼ਸ਼ ਦੀ ਇਹ ਮਹਾਨ ਰਚਨਾ ਸੈਫ ਮਲੂਕ ਅਜ ਵੀ ਰਿਆਸਤ ਜੰਮੂ ਕਸ਼ਮੀਰ ਦੇ ਬਹੁਤ ਸਾਰੇ ਜਿਲਿਆਂ ਅਤੇ ਖਾਸ ਕਰਕੇ ਪਛਮੀ ਪੰਜਾਬ ਵਿਚ ਬਹੁਤ ਪਿਆਰ ਤੇ ਸਤਿਕਾਰ ਨਾਲ ਪੜੀ ਜਾਂਦੀ ਹੈ।

ਉਨ੍ਹਾਂ ਬਾਰੇ ਇਕ ਰਵਾਇਤ ਪ੍ਰਸਿਧ ਹੋ ਕਿ ਉਹ ਮਕਬਰੇ ਦੇ ਥੜ੍ਹੇ ਤੇ ਕੋਇਲੇ ਨਾਲ ਸ਼ੇਅਰ ਲਿਖ ਦਿਆ ਕਰਦੇ ਸਨ ਅਤੇ ਉਨ੍ਹਾਂ ਦੇ ਚੇਲੇ ਉਹ ਸਾਰੇ ਸ਼ੇਅਰ ਕਾਗ਼ਜ਼ ਤੇ ਉਤਾਰ ਕੇ ਲੈ ਜਾਂਦੇ ਸਨ ਅਤੇ ਬੜਾ ਸਾਫ ਕਰ ਦੇਂਦੇ ਸਨ। ਅਤੇ ਏਸ ਤਰ੍ਹਾਂ ਛੇ ਮਹੀਨਿਆਂ ਵਿਚ ਸੈਫ ਮਲੂਕ ਕਿਸਾ ਮੁਕਮਲ ਕੀਤਾ ਗਿਆ।

ਏਸ ਮਹਾਨ ਕਾਵਿ ਵਿਚ ਤਸ਼ਬੀਹਾਂ ਤੇ ਤਸ਼ਰੀਹਾਂ ਜਿਸ ਢੰਗ ਨਾਲ ਦਿਤੀਆਂ ਗਈਆਂ ਹਨ ਉਹ ਆਪਣੀ ਨਿਰਾਲੀ ਕਿਸਮ ਦੀਆਂ ਹਨ।

ਸੈਫ਼ ਮਲੂਕ ਦੀ ਇਸ ਮਹਾਨ ਰਚਨਾ ਵਿਚ ਇਕ ਹੋਰ ਗਲ ਜ਼ਿਕਰ ਯੋਗ ਹੈ ਕਿ ਮੀਆਂ ਮੁਹੰਮਦ ਬਖ਼ਸ਼ ਨੇ ਅਜ ਤੋਂ ਲਗਭਗ ਇਕ ਸਦੀ ਪਹਿਲੇ ਪੰਜਾਬੀ ਵਿਚ ਗ਼ਜ਼ਲ ਲਿਖਣ ਦਾ ਤਜਰਬਾ ਕੀਤਾ ਹੈ।

ਗ਼ਜ਼ਲ ਪੰਜਾਬੀ ਵਿਚ ਕਾਫ਼ੀ ਚਿਰ ਪਿਛੋਂ ਆਈ ਹੈ ਅਤੇ ਇਸ ਦੇ ਪੁਰਾਤਣ ਕਵੀਆਂ

ਨੇ ਗਜ਼ਲ ਨੂੰ ਆਪਣੀਆਂ ਰਚਨਾਵਾਂ ਵਿਚ ਕਿਤੇ ਥਾਂ ਨ ਹੀ ਦਿਤੀ, ਅਤੇ ਨਹੀਂ ਇਸਦਾ ਤਜਰਬਾ ਕੀਤਾ ਹੈ। ਜੇ ਕਿਸੇ ਤਜਰਬਾ ਕੀਤਾ ਵੀ ਹੋਵੇਗਾ ਤਾਂ ਉਸ ਦਾ ਕੋਈ ਸਬੂਤ ਨਹੀਂ ਮਿਲਦਾ। ਇਸ ਲਈ ਮੇਰੀ ਜਾਚੇ ਮੀਆਂ ਮੁਹੰਮਦ ਬਖ਼ਸ਼ ਨੇ ਪੰਜਾਬੀ ਵਿਚ ਗ਼ਜ਼ਲ ਲਿਖਣ ਦਾ ਪਹਿਲਾ ਤਜ਼ਰਬਾ ਕੀਤਾ ਹੈ ਪਰ ਇਹ ਰਾਏ ਕਤਈ ਨਹੀਂ ਹੋ ਸਕਦੀ। ਇਹ ਗਲ ਅਜੇ ਪੰਜਾਬੀ ਸਾਹਿਤ ਦੇ ਖੋਜੀਆਂ ਦੀ ਢੇਰ ਮਿਹਨਤ ਗੋਚਰੀ ਹੈ। ਉਕਤ ਗ਼ਜ਼ਲ ਇਸ ਪ੍ਰਕਾਰ ਹੈ :—

ਗ਼ਜ਼ਲ

ਅੱਵਲ ਸ਼ੁਕਰ ਖੁਦਾ ਦਾ ਕਰੀਏ, ਦਿਲਬਰ ਮੁਖ ਦਿਖਾਇਆ।
ਮਿਠੇ ਮੂੰਹ ਤੇਰੇ ਥੀਂ ਸਜਣਾ, ਕੁਵਤ ਮੇਰੀ ਜਦ ਪਾਇਆ।
ਕਰਕੇ ਪੰਧ ਸਫਰ ਦਾ ਆਈਂ, ਧੁੜ ਪਈ ਮਤ ਹੋਈ,
ਚਾਕਰ ਹੋ ਦਹੀਂ ਦਾ ਚਸ਼ਮਾਂ, ਚਾਹੀਏ ਮੂੰਹ ਧੁਆਇਆ।
ਪੇਚ ਬ ਪੇਚ ਕੁਦ ਜੁਲਫ ਦੇ, ਜੇ ਗਲ ਪਾਵੇ ਐਵੇਂ,
ਹਰ ਇਕ ਗਰਦਨ ਕਸ਼ ਮਲਕਦਾ, ਹੋਸੀ ਕੈਦ ਕਰਾਇਆ।
ਡੇਰੇ ਤੇਰੇ ਵਿਚ ਚੌਫੇਰੇ ਕਮ ਕੀ ਚੌਕੀਦਾਰਾ,
ਆਹ ਮੇਰੀ ਦੇ ਬਨ ਅਲੇਣੇ ਰਖਣ ਚਾਣਨ ਆਇਆ।
ਤੋੜੇ ਸੂਰਜ ਵਾਂਗਰ ਮੈਨੂੰ ਅੰਦਰ ਜਾ ਨਾ ਲਭੇ,
ਦਰਦ ਦੀਵਾਰ ਤੇਰ ਦੀ ਪੈਰੀਂ ਡੁਬਾ ਜੀਉਂ ਕਰ ਸਾਇਆ।
ਸ਼ੁਕਰ ਹਜ਼ਾਰ ਖੁਦਾ ਵੰਦ ਤਾਈਂ ਫਿਰੀ ਬਹਾਰ ਚਮਨ ਦੀ,
ਹਾਸਲ ਹੋਈ ਮੁਰਾਦ ਮੁਹੰਮਦ, ਦਿਲਬਰ ਕੋਲ ਬਹਾਇਆ।

ਇਸ ਗਜ਼ਲ ਦੇ ਕੁਝ ਸ਼ਬਦ ਚੰਗੀ ਤਰ੍ਹਾਂ ਸਮਝ ਵਿਚ ਨਹੀਂ ਆਉਂਦੇ। ਪ੍ਰਤੀਤ ਹੁੰਦਾ ਹੈ ਕਿ ਕਤਾਬ ਵਿਚ ਕੁਝ ਸ਼ਬਦ ਗਲਤ ਲਿਖੇ ਗਏ ਹਨ, ਜਿਸ ਕਾਰਨ ਉਨ੍ਹਾਂ ਦਾ ਭਾਵ ਸਪਸ਼ਟ ਨਹੀਂ ਹੁੰਦਾ।

ਉਕਤ ਗ਼ਜ਼ਲ ਤੋਂ ਇਕ ਗਲ ਤਾਂ ਸਪਸ਼ਟ ਹੁੰਦੀ ਹੈ ਕਿ ਅਜ ਤੋਂ ਇਕ ਸੌ ਵਰ੍ਹੇ ਪਹਿਲੇ ਵੀ ਪੰਜਾਬੀ ਵਿਚ ਗ਼ਜ਼ਲ ਲਿਖੀ ਜਾਂਦੀ ਸੀ। ਏਸ ਲਈ ਇਹ ਸਮਝਣਾ ਗ਼ਲਤ ਹੈ ਕਿ ਪੰਜਾਬੀ ਵਿਚ ਗ਼ਜ਼ਲ ਹੁਣੇ ਹੁਣੇ ਆਈ ਹੈ।

ਇਹ ਗਲ ਹੋਰ ਵੀ ਫਖਰ ਯੋਗ ਹੈ ਕਿ ਜੰਮੂ ਕਸ਼ਮੀਰ ਦੇ ਏਸ ਮਹਾਨ ਕਵੀ ਨੇ ਪਹਿਲੀ ਵਾਰ ਪੰਜਾਬੀ ਵਿਚ ਗ਼ਜ਼ਲ ਲਿਖੀ ਹੈ।

ਇਸ ਤੋਂ ਛੁਟ ਸੈਫ ਮਲੂਕ ਵਿਚ ਦਵਯਾ ਛੰਦ ਅਪਣਾ ਕਿ ਪੰਜਾਬੀ ਕਵੀਆਂ ਲਈ ਮੀਆਂ ਮੁਹੰਮਦ ਨੇ ਇਕ ਹੋਰ ਸਥੈਣਤਾ ਪੈਦਾ ਕੀਤੀ ਹੈ। ਇਸ ਤੋਂ ਪਹਿਲੇ ਏਸ ਛੰਦ ਵਿਚ ਪੰਜਾਬੀ ਦੀਆਂ ਰਚਨਾਵਾਂ ਬਹੁਤ ਹੀ ਘਟ ਮਿਲਦੀਆਂ ਹਨ। ਪੰਜਾਬੀ ਦੇ ਨਵੀਨ ਕਵੀ ਡਾ: ਭਾਈ ਵੀਰ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਖ਼ਾਸ ਕਰਕੇ ਏਸੇ ਛੰਦ ਦੀ ਵਰਤੋਂ ਕੀਤੀ ਹੈ।

ਇਹ ਗਲ ਸਪਸ਼ਟ ਹੈ ਕਿ ਮੀਆਂ ਮੁਹੰਮਦ ਬਖ਼ਸ਼ ਦੀ ਮਹਾਨ ਰਚਨਾ ਤੇ ਉਨ੍ਹਾਂ ਦੇ ਕਲਾਮ ਉਤੇ ਅਸੀਂ ਜਿੰਨਾਂ ਵੀ ਫਖਰ ਕਰੀਏ ਉਹ ਘਟ ਹੈ। ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਸਿਰਜਣਾਂ ਵਿਚ ਰਿਆਸਤ ਜੰਮੂ ਕਸ਼ਮੀਰ ਨੇ ਵੀ ਬਹੁਤ ਵਡਾ ਹਿਸਾ ਪਾਇਆ ਹੈ ਅਤੇ ਮੀਆਂ ਮੁਹੰਮਦ ਬਖ਼ਸ਼ ਦੀ ਮਹਾਨ ਰਚਨਾ ਸੈਫ਼ ਮਲੂਕ ਇਸ ਦਾ ਮੂੰਹ ਬੋਲਦਾ ਸਬੂਤ ਹੈ। ਇਸ ਤੋਂ ਛੁਟ ਕਵੀ ਬਿਸ਼ਨ ਸਿੰਘ ਖੱਤਰੀ ਜੋ ਕਿ ਚੋਮਕ ਜ਼ਿਲਾ ਮੀਰ ਪੁਰ ਦੇ ਸਨ ਉਨ੍ਹਾਂ ਨੇ ਇਕ ਕਿੱਸਾ "ਜਹਾਂਦਾਰ ਸ਼ਾਹ ਵਬਹਿਰੋਜ਼ ਬਾਨੋ" ਲਿਖਿਆ ਇਹ ਕਿੱਸਾ ਸੰਨ 1894 ਦੇ ਲਗ ਭਗ ਲਿਖਿਆ ਗਿਆ। ਚੋਮੁਖ ਮੀਰਪੁਰ ਤੋਂ ਤਿੰਨ ਚਾਰ ਮੀਲ ਦੀ ਵਿਥ ਤੇ ਪੁਣਛ ਦਰਿਆ ਦੇ ਕੰਢੇ ਨਿਕਾ ਜਿਸਾ ਕਸਬਾ ਸੀ। ਕਵੀ ਬਿਸ਼ਨ ਸਿੰਘ ਨੇ ਇਕ ਹੋਰ ਕਿੱਸਾ 'ਸ਼ਾਹ ਮੁਰਾਦ' ਵੀ ਲਿਖਿਆ ਸੀ।

(ਸ਼ੀਰਾਜ਼ਾ—ਅੰਕ-4)

ਪ੍ਰੇਮ ਸਿੰਘ

ਰਿਆਸਤ ਜੰਮੂ-ਕਸ਼ਮੀਰ ਦੀ ਪ੍ਰਸਿਧ ਲੋਕ ਕਹਾਣੀ

ਚੰਨ

ਚੰਨਾਂ ਮਾਹੜਿਆ ਬਣਾਂ ਵਿਚ ਬੋਲਦੀਆ ਕਾਗਣੀ
ਸੁਖਾਂ ਵਾਲੀ ਸੁਤੀ ਏ ਤੇ ਦੁਖਾਂ ਵਾਲੀ ਜਾਗਣੀ
ਹਾਏ ਪ੍ਰਦੇਸੀਆ ਚੰਨਾਂ ਰੱਬ ਮੇਲੇ ।

ਇਹ ਬੰਦ ਉਸ ਲੋਕ ਗੀਤ ਦਾ ਹੈ ਜਿਸ ਨੂੰ ਅਸੀਂ 'ਚੰਨ' ਆਖਦੇ ਹਾਂ। ਚੰਨ, ਗਗਨਾਂ ਤੇ ਵਸਦਾ ਠੰਡਾ ਠਾਰ ਚੰਨ ਨਹੀਂ, ਚੰਨ ਪਿਆਰਾ ਦਿਲ ਦਾ ਭੇਤੀ, ਕਿਸੇ ਸੋਹਣੀ ਦੇ ਦਿਲ ਦਾ ਵਣਜਾਰਾ। ਜਿਹੜੀ ਸ੍ਹੈ ਵੀ ਸਾਨੂੰ ਡਾਢੀ ਪਿਆਰੀ ਲਗੀ, ਸਾਡੇ ਰੋਮ ਰੋਮ ਵਿਚ ਰੱਚ ਗਈ, ਅਸਾਂ ਉਹਦਾ ਨਾਂ 'ਚੰਨ' ਧਰ ਦਿਤਾ। ਸਾਡੇ ਲੋਕ ਗੀਤਾਂ ਵਿਚ ਮਾਵਾਂ ਆਪਣੇ ਪੁਤਰ ਨੂੰ ਅਤੇ ਮੁਟਿਆਰਾਂ ਆਪਣੇ ਪਿਆਰੇ ਨੂੰ 'ਚੰਨ' ਆਖ ਕੇ ਪਿਆਰਦੀਆਂ ਰਹੀਆਂ ਹਨ। ਪਰ 'ਚੰਨ' ਦਾ ਇਹ ਗੀਤ, ਇਕ ਲੋਕ ਕਹਾਣੀ ਨੂੰ ਸਾਂਭੀ ਬੈਠਾ ਹੈ।

ਕਹਾਣੀਆਂ ਸੁਣਨਾ, ਮਨੁਖ ਦੀ ਰੂਹਾਨੀ ਲੋੜ ਹੈ। ਦਾਦੀ-ਅੰਮਾਂ ਦੀ ਨਿਘੀ ਕੁਛੱੜ ਮਲਣ ਤੋਂ ਲੈ ਕੇ, ਅੰਤਲੇ ਸਵਾਸਾਂ ਤੱਕ ਕਹਾਣੀਆਂ ਸੁਣ ਸੁਣ ਕੇ, ਮਨੁੱਖ ਦੇ ਕੰਨ ਨਹੀਂ ਪਕਦੇ। ਉਮਰ ਦੇ ਹਰ ਪੜਾਅ ਦੀਆਂ ਆਪਣੀਆਂ ਕਹਾਣੀਆਂ ਹੁੰਦੀਆਂ ਹਨ। ਉਨ੍ਹਾਂ ਦੇ ਆਪਣੇ ਰੰਗ ਹੁੰਦੇ ਰਨ।

ਪਰ ਕਦੇ ਕਦੇ ਇਹੋ ਜਿਹੀਆਂ ਕਹਾਣੀਆਂ ਵੀ ਵਾਪਰਦੀਆਂ ਹਨ ਜਿਨ੍ਹਾਂ ਵਿਚ ਲੋਕ-ਦਿਲਾਂ ਵਿਚ ਸਾਂਝੀ ਧੜਕਣ ਹੁੰਦੀ ਹੈ। ਇਹਨਾਂ ਵਿਚੋਂ ਲੋਕ-ਪੀੜ ਡੁਲ੍ਹ ਡੁਲ੍ਹ ਪੈਂਦੀ ਹੈ। ਜਿਹੜਾ ਵੀ ਇਹਨਾਂ ਕਹਾਣੀਆਂ ਨੂੰ ਸੁਣਦਾ ਹੈ ਜਾਂ ਗਾਉਂਦਾ ਹੈ ਉਹਨੂੰ ਹੀ ਆਪਣੇ ਦਿਲ ਦੀਆਂ ਹੂਕਾਂ ਲਗਦੀਆਂ ਹਨ। ਅਤੇ ਲੋਕ ਇਹੋ ਜਿਹੀ ਕਹਾਣੀ ਦੀ ਬਾਂਹ ਫੜ ਕੇ ਉਹਦੇ ਤੇ ਆਪਣਾ ਨਾਂ 'ਲੋਕ-ਕਹਾਣੀ' ਖੁੰਨ ਦੇਂਦੇ ਹਨ। ਅਤੇ ਲੋਕ-ਸੀਨੇ, ਇਸ ਲੋਕ ਕਹਾਣੀ ਨੂੰ ਸਾਂਭ ਲੈਂਦੇ ਹਨ। ਚੰਨ, ਵੀ

ਇਹੋ ਜਿਹੀ ਇਕ ਪੰਜਾਬੀ ਲੋਕ-ਕਹਾਣੀ ਹੈ। ਰਿਆਸਤ ਜੰਮੂ ਕਸ਼ਮੀਰ ਦੇ ਪੰਜਾਬੀ ਬੋਲਦੇ ਲੋਕਾਂ ਦੀ ਹਰਮਨ ਪਿਆਰੀ ਕਹਾਣੀ ਹੈ।

ਪੰਜਾਬੀ ਬੋਲੀ ਨੂੰ ਹਰ ਵੇਲੇ ਇਕ ਲੋਕ ਬੋਲੀ ਹੋਣ ਦਾ ਮਾਣ ਰਿਹਾ ਹੈ। ਇਸ ਬੋਲੀ ਦੀ ਝੋਲ ਲੋਕ-ਕਹਾਣੀਆਂ ਨਾਲ ਭਰੀ ਹੋਈ ਹੈ। ਹੀਰ-ਰਾਂਝਾ, ਸੋਹਣੀ ਮਹੀਂਵਾਲ ਤੇ ਮਿਰਜ਼ਾ-ਸਾਹਿਬਾਂ, ਪੰਜਾਬੀ ਦੀਆਂ ਮਹਾਨ ਲੋਕ-ਕਹਾਣੀਆਂ ਗਿਣੀਆਂ ਜਾਂਦੀਆਂ ਹਨ। ਇਹਨਾਂ ਵਿਚ, ਪੰਜਾਬੀਆ ਦੀ ਰਹਿਣੀ ਬਹਿਣੀ, ਹਾਸੇ, ਸੱਧਰਾਂ ਤੇ ਸੁਪਣੇ ਸਾਂਝੇ ਪਏ ਹਨ। ਵਾਰਸ ਸ਼ਾਹ ਦੀ ਹੀਰ ਦੀ ਕਹਾਣੀ ਅਤੇ ਇਹ ਪਿਆਰ ਕਹਾਣੀਆਂ ਹਿੰਦੀ ਤੇ ਪਾਕਿਸਤਾਨੀ ਪੰਜਾਬੀਆਂ ਦਾ ਸਾਂਝਾ ਵਿਰਸਾ ਹਨ।

ਪਰ ਰਿਆਸਤ ਦੇ ਪੰਜਾਬੀ ਬੋਲਦੇ ਲੋਕਾਂ ਕੋਲ ਉਪਰੋਕਤ ਲੋਕ ਕਹਾਣੀਆਂ ਤੋਂ ਛੁਟ ਹੋਰ ਵੀ ਲੋਕ ਕਹਾਣੀਆਂ ਹਨ। ਇਹਨਾਂ ਵਿਚਲੀਆਂ ਕਹਾਣੀਆਂ ਸਾਡੀਆਂ ਆਪਣੀਆਂ ਕਹਾਣੀਆਂ ਹਨ।

ਇਹ ਕਹਾਣੀਆਂ ਭਾਵੇਂ ਰਿਆਸਤ ਦੇ ਕਿਸੇ ਵੀ ਇਲਾਕੇ ਨਾਲ ਸੰਬੰਧ ਰਖਦੀਆਂ ਹੋਣ ਪਰ ਇਹਨਾਂ ਕਹਾਣੀਆਂ ਨੂੰ ਥੋੜੇ ਜਿਹੇ ਫਰੱਕ ਨਾਲ ਰਿਆਸਤ ਦੀ ਹਰ ਪੰਜਾਬੀ ਬੋਲਦੇ ਇਲਾਕੇ 'ਚੋ ਗਾਇਆ ਜਾਦਾਂ ਹੈ। ਪਰ ਮੈਦਾਨੀ ਇਲਾਕਿਆਂ ਨਾਲੋਂ ਇਹ ਲੋਕ ਕਹਾਣੀਆਂ ਪਹਾੜੀ ਇਲਾਕਿਆਂ ਵਿਚ ਬਹੁਤ ਮਕਬੂਲ ਹਨ। ਇਹਨਾਂ ਕਹਾਣੀਆਂ ਦਾ ਪਿੱਛਾ ਵੀ ਪਹਾੜੀ ਹੀ ਹੈ। ਚੰਨ ਦੇ ਗੀਤ ਦੀ ਬੋਲੀ ਦਾ ਰੰਗ ਵੀ ਪਹਾੜੀ ਹੈ।

ਚੰਨ ਦੀ ਕਹਾਣੀ ਪਿਆਰ ਕਹਾਣੀ ਹੈ। ਉਸ ਪਿਆਰ ਦੀ ਕਹਾਣੀ ਜਿਹੜਾ ਸਿਰੇ ਨਾ ਚੜਿਆ—ਅੱਧਵਾਰ ਹੀ ਰਹਿ ਗਿਆ। ਇਹਦੇ ਬੋਲ ਕੰਨੀਂ ਪੈਂਦਿਆਂ ਹੀ ਸਰੋਤੇ ਸੋਚੀ ਪੈ ਜਾਂਦੇ ਹਨ, 'ਚੰਨ, ਕਹਾਣੀ ਦੇ ਹੀਰੋ, ਦਾ ਕੀ ਨਾਂ ਸੀ ? ਉਸ ਚਕਵੀ ਦਾ ਕੀ ਨਾਂ ਸੀ ਜਿਹੜੀ ਚੰਨ ਤੋਂ ਵਿਛੜ ਕੇ ਵੀ ਆਪਣੇ ਪਿਆਰੇ ਚੰਨ ਨੂੰ ਸਦਾ ਹੀ ਸੰਗ ਮਾਣਦੀ ਰਹੀ। ਉਹ ਕਿਥੇ ਰਹਿੰਦੀ ਸੀ ?' ਇਹਨਾਂ ਸੁਆਲਾਂ ਦਾ ਹਾਲੇ ਪੱਕਾ ਉੱਤਰ ਨਹੀਂ ਦਿਤਾ ਜਾ ਸਕਦਾ। ਸਾਡੀਆਂ ਲੋਕ ਕਹਾਣੀਆਂ ਡੂੰਘੀ ਖੋਜ ਦੀ ਮੰਗ ਕਰਦੀਆਂ ਹਨ। ਹਾਲੇ ਤਾਂ ਇਹ ਲੋਕ ਸੀਨੀਆਂ ਵਿਚ ਹੀ ਸਾਂਭੀਆਂ ਪਈਆਂ ਹਨ। ਇਹਨਾਂ ਲੋਕ ਕਹਾਣੀਆਂ ਦੇ ਸੰਖੇਪ ਜਿਹੇ ਲਿਖਤੀ ਹਵਾਲੇ. ਗਿ: ਅਵਤਾਰ ਸਿੰਘ 'ਸ਼ਾਦ' ਦੀਆਂ 'ਪਹਾੜੀ ਗੂੰਜ' ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੀ 'ਨਿਕੀ' ਨਿਕੀ ਲੋਅ ਤੇ ਪ੍ਰੋ: ਸੇਵਾ ਸਿੰਘ ਦੀ 'ਰਿਆਸਤ ਕਸ਼ਮੀਰ ਮੇਂ ਪੰਜਾਬੀ ਜ਼ਬਾਨ ਔਰ ਅਦਬ' ਵਿਚੋਂ ਮਿਲਦੇ ਹਨ। ਇਹ ਲੋਕ ਕਹਾਣੀਆਂ ਵਿਗਆਨਿਕ ਖੋਜ ਅਤੇ ਤੁਰੰਤ ਸੰਭਾਲ ਦੀ ਮੰਗ ਕਰਦੀਆਂ ਹਨ।

ਚੰਨ ਦੇ ਹਵਾਲਿਆਂ ਤੋਂ ਅਨੁਮਾਨ ਲਾਇਆ ਗਿਆ ਹੈ, ਕਿ ਇਸ ਕਹਾਣੀ ਦਾ ਪਿਛਾ ਮਜ਼ਫ਼ਰਾਬਾਦ ਤੇ ਪੁਣਛ ਦੇ ਕਿਸੇ ਰਲਦੇ ਇਲਾਕੇ ਨਾਲ ਸੰਬੰਧ ਰਖਦਾ ਹੈ। ਬਹੁਤ ਕਰ ਕੇ ਗੀਤ 'ਚ ਪੁਣਛੀ ਇਲਾਕੇ ਦਾ ਹੀ ਜ਼ਿੱਕਰ ਆਇਆ ਹੈ। ਜਿਵੇਂ :—

ਚੰਨ ਮਹਾੜਾ ਚੜਿਆ ਤੇ ਜਾਏ ਲਗਾ ਪਲੰਦਰੀ
ਚਿੱਟੇ ਚਿੱਟੇ ਕਪੜੇ ਤੇ ਦਾਗ ਸੀਨੇ ਅੰਦਰੀ।

ਜਾਂ ਇਕ ਥਾਂ ਹੋਰ ਜ਼ਿਕਰ ਆਉਂਦਾ ਹੈ :—

ਚੰਨ ਸਹਾੜਾ ਮੈਂਡਰਾ ਦੇ ਲੰਮੇ ਲੰਮੇ ਮੈਦਾਨ ਵੇ
ਸਦਕੇ ਤੁਹਾੜੀਆਂ ਤੰਗੀਆਂ ਸੁਕਾਈ ਸਟੀ ਜਾਨ ਵੇ।

ਕੁਝ ਲੋਕਾਂ ਦੀ ਰਾਏ ਹੈ ਕਿ ਇਹ ਕਿੱਸਾ ਗੰਗਾ ਚੋਟੀ 'ਤੇ ਵਾਪਰਿਆ ਸੀ। ਗੰਗਾ ਚੋਟੀ ਉਸ ਪਸਾੜੀ ਦਾ ਨਾਂ ਹੈ। ਜਿਹੜੀ ਮੁਜ਼ਫਰਾਬਾਦ ਤੇ ਪੁਣਛ ਦੇ ਵਿਚਕਾਰ ਪੈਂਦੀ ਹੈ। ਕਹਿੰਦੇ ਨੇ ਇਥੇ ਦੇ ਚਰਵਾਹੇ, ਗਰਮੀ ਦੀ ਰੁਤ ਫ਼ਿਰਦਿਆਂ ਹੀ, ਆਪਣਾ ਮਾਲ ਵਛਾ ਲੈ, ਗੰਗਾ ਚੋਟੀ ਦੀਆਂ ਬਹਿਕਾਂ ਜਾ ਮਲਦੇ ਹਨ। ਇਹਨਾਂ ਬਹਿਕਾਂ ਵਿਚ ਰਹਿੰਦਿਆਂ, ਪਸ਼ੂ ਚਾਰਦਿਆਂ ਤੇ ਮਧਾਣੀਆਂ ਰਿੜਕਦਿਆਂ—ਇਕ ਦਿਨ ਇਕ ਸੋਹਣੀ ਕੁੜੀ ਦੇ ਕੰਵਾਰੇ-ਪਿਆਰ ਨੇ ਅੱਖ ਪੁਟੀ। ਉਹਨੂੰ ਆਪਣੇ ਕੋਲੋਂ ਸੰਗ ਜਿਹੀ ਆਉਣ ਲਗੀ। ਅਤੇ ਆਪਣੇ ਹਾਣੀਆਂ 'ਚੋਂ ਇਕ ਗਭਰੂ ਚੰਗਾ ਚੰਗਾ ਤੇ ਪਿਆਰਾ ਪਿਆਰਾ ਲਗਣ ਲਗ ਪਿਆ। ਉਹ ਕਹਿੰਦੀ, "ਹੋਰ ਤਾਂ ਸਾਰੇ ਤਾਰੇ ਨੇ ਪਰ ਮਹਾੜਾ 'ਉਹ' ਚੰਨ ਆ ਚੰਨ।" ਉਹਦੇ ਦਿਲ ਦੀਆਂ ਉਹਦੇ ਬੁਲ੍ਹਾਂ ਤੇ ਆ ਗਈਆਂ :

(1) ਚੰਨ ਵੇ ਮਾਹੜਿਆ ਚਿਟਿਆ ਮਖਣਾ,
ਨਾ ਦਿਲ ਭਰਿਆ ਤੇ ਨਾ ਦਿਲ ਸਖਣਾ।

(2) ਚੰਨ ਮਹਾੜਾ ਲੋਕ ਆਖਣ ਚੰਨ ਕਾਲਾ,
ਦਹੀਆਂ ਦੀਆਂ ਰਿਸ਼ਮਾਂ ਤੇ ਲੋਈ ਵਾਲਾ ਤਾਰਾ।

ਗੱਜ ਗੱਜ ਲੰਮੀਆਂ ਮੈਂਡੀਆਂ ਵਾਲੀ ਮੁਟਿਆਰ ਦਾ ਚੰਨ, ਲੁਕਿਆ ਨਾ ਰਿਹਾ। ਚੜ ਚੰਨ ਵਾਂਗ, ਇਹਨੇ ਸਾਰੀਆਂ ਬਹਿਕਾਂ ਤੇ ਢੋਕਾਂ ਨੂੰ ਮੱਲ ਲਿਆ। ਹਰ ਜੀਭ ਤੇ ਚੰਨ ਦੀ ਪਿਆਰ ਕਹਾਣੀ ਚੜ ਗਈ। ਕੁੜੀ ਦੇ ਮਾਪੇ ਲੋਕ ਲਾਜ ਨਾਲ ਪਾਣੀ ਪਾਣੀ ਹੋ ਗਏ। ਮਾਂ ਨੇ ਅੰਦਰਖਾਨੇ ਮੁਟਿਆਰ ਧੀ ਨੂੰ ਸਮਝਾਇਆ, 'ਵੈਰਨੇ! ਉਸ ਨੇ ਪਲੇ ਕੇ ਆ? ਫ਼ਕੀਰਾਂ ਨਾਂ ਫ਼ਕੀਰ। ਨਾ ਅਗਾ ਨਾ ਪਿਛਾ। ਲੰਬੜ ਤੁੜਾ ਨਾਤਾ ਮੰਗੇ। ਧੀਏ ਅੱਤ ਨਾ ਚਾ। ਪੁਠੇ ਰਾਹ ਨਾ ਪੋ।" ਛੱਜ ਛੱਜ ਅੱਥਰੂ ਕੇਰਦੀ ਧੀ, ਅੰਥੜੀ ਦੇ ਗਲ ਲਗ ਡੁਲ ਪਈ, "ਅੰਬੜੀਏ, ਲਗੀਆਂ ਨਾ ਤਰੁੰਟਣ। ਮਹਾੜੀਏ-ਮਾਏ ਮੈਂ ਚੰਨਾ ਦੀ ਹੋ ਚੁਕੀਆਂ। ਮਹਾੜੇ ਡਕਰੇ ਡਕਰੇ ਕਰ ਛੋੜ। ਮੈਂ ਨਹੀਂ ਹੁਣ ਮੁੜਨਾ।" ਮਾਪਿਆਂ ਧੀ ਦੇ ਹਾੜਿਆਂ ਆਗੇ ਹਾਰ ਮੰਨ ਲਈ। ਆਪਣੀ ਜਾਈ ਦੇ ਚੰਨ ਨੂੰ ਘਰ ਸਦਿਆ। ਵਿਆਹ ਦੀ ਤਰੀਕ ਪੁਛੀ।

ਵਿਆਹ ਦੀ ਗਲ ਕੰਨੀਂ ਪੈਂਦਿਆਂ ਹੀ 'ਚੰਨ' ਦੀ ਖਾਨਿਓਂ ਗਈ। ਉਹ ਡੂੰਘੀਆਂ ਦਿਲਗੀਰੀਆਂ ਵਿਚ ਪੈ ਗਿਆ। "ਗ਼ਰੀਬ ਹੋਣਾ ਸਭ ਤੋਂ ਵਡਾ ਪਾਪ ਹੈ।" ਉਹਦਾ ਰੋਮ ਰੋਮ ਕੂਕ ਪਿਆ। "ਵਿਆਹ ਤਾਂ ਪੈਸਿਆਂ ਦੀ ਗਲ ਹੈ। ਛੜੇ ਹਥੀਂ ਕੀ ਹੋ ਸਕਦਾ ਹੈ?" ਇਹਦੇ

ਬੁੱਲ ਹਿਲੇ ਉਹ ਬਸਰੇ ਦੀ ਲਾਮ ਤੇ ਜਾਵੇਗਾ ਖੂਬ ਧਨ ਜੋੜੇਗਾ। ਆਪਣੀ ਜਾਨ ਲਈ ਕੀਮਤੀ ਕਪੜੇ ਤੇ ਗਹਿਣੇ ਲੈ ਕੇ ਆਵੇਗਾ। ਇਹੋ ਜਿਹੀ ਜੰਝ ਚਾੜੇਗਾ, ਲੋਕੀ ਹੈਰਾਨ ਰਹਿ ਜਾਣਗੇ।''

ਉਹਨੇ ਦਿਲ ਕਰਕੇ ਆਪਣੀ ਦਿਲੋ-ਜਾਨ, ਅਗੇ ਦਿਲ ਦੀ ਰੱਖ ਦਿੱਤੀ। ਕੁੜੀ ਸੁਣਦਿਆਂ ਹੀ ਖੁਰੀ ਤੋਂ ਚੋਟੀ ਤਕ ਕਿੰਬ ਗਈ। ਉਹ ਦੇ ਨੈਣ ਕਚੇ ਘੜੇ ਵਾਂਗ ਫਿਸ ਪਏ। ਪਰ ਚੰਨ ਨੇ ਪਿਆਰ ਦਾ ਵਾਸਤਾ ਪਾ ਕੇ ਕੁੜੀ ਨੂੰ ਮਨਾ ਲਿਆ ਅਤੇ ਉਮਰਾਂ ਦੀ ਉਡੀਕ, ਦਾ ਵਚੱਨ ਲੈ ਕੇ, ਉਹ ਬਸਰੇ ਦੀ ਲਾਮ ਤੇ ਟੁੱਰ ਗਿਆ। ਵਿਛੋੜੇ ਦੀ ਮਾਰੀ ਮੁਟਿਆਰ ਆਪਣੇ ਚੰਨ ਦਾ ਰਾਹ ਤੱਕਣ ਬਹਿ ਗਈ।

ਦਿਨਾਂ ਦੇ ਮਹੀਨੇ ਬਣ ਗਏ। ਮਹੀਨੇ ਵਰ੍ਹਿਆਂ ਵਿਚ ਵਟ ਗਏ। ਲੜਾਈ, ਆਸਮ ਖੋਰੀ ਲੜਾਈ ਮੁਕ ਗਈ। ਰੰਗਰੂਟਾਂ ਨੂੰ ਛੁਟੀਆਂ ਮਿਲੀਆਂ। ਖੁਸ਼ੀ ਖੁਸ਼ੀ ਸਪਾਹੀ ਘਰਾਂ ਨੂੰ ਮੁੱੜ ਆਏ। ਘਰਾਂ ਨੂੰ ਮੁੜ੍ਹਦੇ ਸਪਾਹੀਆਂ ਦੇ ਮੂੰਹਾਂ 'ਚੋ ਗੋਰੀ ਆਪਣੇ ਚੰਨ ਦਾ ਮੂੰਹ ਟੋਲਣ ਲੱਗ ਪਈ। ਪਰ ਉਹਦਾ ਚੰਨ ਨਾ ਚੜਿਆ।

ਉਹਦਾ ਦਿਲ ਧੜਕੂੰ ਧੜਕੂੰ ਕਰਨ ਲਗ ਪਿਆ। ਉਹਦੇ ਭੁੱਖ ਤੇ ਨੀਂਦਰ ਰੁੱਸ ਗਏ। ਉਹਨੂੰ ਭੈੜੇ ਭੈੜੇ ਸੁਪਣੇ ਆਉਣ ਲਗ ਪਏ। ਪਹਿਲਾਂ ਪਹਿਲਾਂ ਉਹਦੇ ਚੰਨ ਦੇ ਲਾਪਤਾ ਹੋਣ ਦੀ ਅਫ਼ਵਾਹ ਉਡੀ। ਪਰ ਕੁਝ ਹੀ ਦਿਨਾਂ ਨੂੰ 'ਚੰਨ' ਦੀ ਮੌਤ ਦੀ ਚਿੱਠੀ ਪਿੰਡ ਵਿਚ ਆ ਗਈ : ਖ਼ਬਰ ਸੁਣਦਿਆਂ ਹੀ ਚੰਨ ਦਾ 'ਪਿਆਰ' ਸਰਾਪਿਆ ਗਿਆ। ਪਰ ਹੌਲੀ ਹੌਲੀ ਉਹਨੂੰ ਉਹਦੇ ਨਵੇਂ ਰਿਸ਼ਤੇ ਦੀਆਂ ਕੰਨਸੋਆਂ ਵੀ ਪੈਣ ਲਗ ਪਈਆਂ। ਉਹਨੂੰ ਇਕ ਝੂਣੀ ਜਿਹੀ ਲਗੀ। ਉਹਨੇ ਆਪਣੀਆਂ ਮੀਡੀਆਂ ਪੁਟ ਸੁਟੀਆਂ ਅਤੇ ਵੱਲ ਵਲ ਦੌੜ ਗਈ। ਲੋਕਾਂ ਜਾਤਾ ਗੋਰੀ ਝਲੀ ਹੋ ਗਈ ਹੈ। ਪਰ ਗੋਰੀ ਦੇ ਵਹਿਣ ਵੱਣ ਵਿਚ ਗੂੰਜਣ ਲਗ ਪਏ :—

(1) ਚੰਨ ਮਹਾੜਾ ਕਿਹੜੀਆਂ ਜਗਾ ਦਾ ਤੂੰ ਮੇਟ ਵੋ,
ਨਾਜ਼ਕ ਤੁਹਾਡੀ ਜਿੰਦੜੀ ਚੰਨਾਂ ਭੁੰਝਾਂ ਨਾ ਲੇਟ ਵੋ।

(2) ਚੰਨ ਮਹਾੜਾ ਬੰਨਾਂ ਵਿਚ ਬੋਲਣੀਆਂ ਘੁਗੀਆਂ।
ਚੰਨ ਜਾਨੀ ਟੁਟਿਆ ਤੇ ਪਿਛੋਂ ਢੋਕਾਂ ਲੁਗੀਆਂ।

(3) ਚੰਨ ਮਾਹੜਾ ਜਾਗ ਪਾਰਿਆ ਦੁਧ ਜੰਮਿਆ।
ਨਿਕੀਆਂ ਤੇ ਉਮਰਾਂ ਚੰਨਾਂ ਵਿਛੋੜਾ ਨਹੀਂ ਮੰਗਿਆ।

(4) ਚੰਨ ਸਹਾੜਾ ਪ੍ਰਦੇਸੀਆ ਦੀ ਕੇ ਵੋ ਨਿਸ਼ਾਨੀ
ਮੈਲੇ ਮੈਲੇ ਕਪੜੇ ਤੇ ਟੋਰ ਨਿਮਾਣੀ,
ਹਾਏ ਪ੍ਰਦੇਸੀਆ ਚੰਨਾਂ ਰੱਬ ਮੇਲੇ।

ਚੰਨ, ਇਕ ਵਿਛੋੜੇ-ਮਾਰੇ ਦਿਲ ਦੀ ਕਲੂਕ ਹੈ। ਇਹਦਾ ਇਕ ਇਕ ਬੋਲ ਨਿਰੇ ਰਤ ਦੇ ਅਥਰੂ ਹਨ। ਇਸ ਗੀਤ ਵਿਚ ਰੱਤ ਦੇ ਅੱਥਰੂ ਤੇ ਕਹਿਰਾਂ ਦਾ ਦਰਦ ਹੈ। ਘਣਿਆਂ ਵਣਾਂ

ਵਿਚ ਜਾਂ ਉਚੀਆਂ ਢਕੀਆਂ ਤੇ 'ਚੰਨ' ਦੀ ਲੰਮੀ ਹੂਕ, ਸੁਣਨ ਵਾਲਿਆਂ ਨੂੰ ਰੁਆ ਦੇਂਦੀ ਹੈ। ਜੱਦ ਤਕ ਵੀ ਸੰਸਾਰ ਵਿਚ ਪਿਆਰ ਦੀ ਗਲ ਤੁਰਦੀ ਰਵੇਗੀ ਤਦੋਂ ਤਕ ਇਹ ਬੋਲ ਗਾਏ ਜਾਉਣਗੇ :—

ਚੰਨਾ ਮਹਾੜਿਆ ਬਣਾਂ ਵਿਚ ਬੋਲਦੀ ਆ ਕਾਗਣੀ,
ਸੁਖਾਂ ਵਾਲੀ ਸੁਤੀ ਏ ਤੇ ਦੁਖਾਂ ਵਾਲੀ ਜਾਗਣੀ,
ਹਾਏ ਪ੍ਰਦੇਸੀਆ ਚੰਨਾਂ ਰੱਬ ਮੇਲੇ।

(ਸ਼ੀਰਾਸਾ—ਅੰਕ)

ਕਥਾ ਸਾਹਿਤ

ਦਿਲਜੀਤ ਸਿੰਘ

ਦਿਹਾੜ ਦਾ ਅੰਤ

ਠੰਡੀ-ਠਾਰ ਸ਼ਾਮ ਦੇ ਘੁਸਮੁਸੇ 'ਚ ਘਰ ਪਰਤ ਰਿਹਾ ਅਮਰੂ ਮਨ ਹੀ ਮਨ ਵਿਚ ਲਗਾਤਾਰ ਸਰਦਾਰਨੀ ਨੂੰ ਗਾਹਲਾਂ ਕੱਢੀ ਜਾ ਰਿਹਾ ਸੀ। ਸਰਦਾਰਨੀ ਦੇ ਬੋਲ ਅਜੇ ਵੀ ਉਹਦੇ ਕੰਨਾਂ ਦੇ ਪਰਦਿਆਂ ਨੂੰ ਪਾੜ ਰਹੇ ਸਨ। ਉਸ ਕਿੰਨੀ ਚੀਕਵੀਂ ਆਵਾਜ਼ 'ਚ ਸਰਦਾਰ ਹੋਰਾਂ ਨੂੰ ਘਰ ਆਂਦਿਆਂ ਹੀ ਸਖਾਣਾ ਸ਼ੁਰੂ ਕਰ ਦਿਤਾ ਸੀ, "ਇਹ ਰਾਜ ਤੇ ਮਜ਼ਦੂਰ ਜਿੰਨ ਹੁੰਦੇ ਹਨ ਜਿੰਨ, ਜਿਸ ਘਰ ਵੜ ਆਣ ਨਿਕਲਣ ਦਾ ਨਾਂ ਹੀ ਨਹੀਂ ਲੈਂਦੇ। ਇਹਨਾਂ ਨੂੰ ਆਪ ਧੱਕੇ ਦੇ ਕੇ ਕੱਢਣਾ ਪੈਂਦਾ ਏ! ਦੇਖੋ ਖਾਂ, ਇਹ ਤਿੰਨ ਕਮਰੇ ਕਾਹਦੇ ਪੁਆਣ ਲਗੇ ਹਾਂ ਮੁਸੀਬਤ ਹੀ ਸਹੇੜ ਲਈ ਏ। ਹਰ ਵੇਲੇ ਇਨ੍ਹਾਂ ਦੇ ਸਿਰ 'ਤੇ ਖੜਾ ਹੋਣਾ ਪੈਂਦੇ...ਨਹੀਂ ਤੇ ਕੰਮ ਹੀ ਨਾ ਕਰਨ। ਦੂਜਾ ਮਹੀਨਾ ਮੁਕਣ 'ਤੇ ਆ ਗਿਐ ਅਜੇ ਵੀ ਕਿੰਨੀਆਂ ਦਿਹਾੜੀਆਂ ਦਾ ਕੰਮ ਬਾਕੀ ਰਖੀ ਜਾਂਦੇ ਨੇ।...ਦੇਖ ਲੋ ਰਾਜ ਆਇਆ ਜੇ ਘਰੋਂ ਰੋਟੀ ਖਾ ਕੇ! ਬਾਹਰ ਅਮਰੂ ਤੇ ਚੂਨੀ ਵੀ ਪਰੇ ਧੁੱਪ ਸੇਕਦੇ ਨੇ। ਸਿਧਾ ਬਹਾਨਾ ਏ ਪਈ ਮਿਸਤਰੀ ਆਏ ਤਾਂ ਕੰਮ ਕਰੀਏ। ਇਹ ਅਮਰੂ ਤਾਂ ਜ਼ਰਾ ਅੱਖ ਪਰੇ ਕਰੋ, ਕਹੀ ਰਖ ਕੇ ਖਲੋ ਰਹਿੰਦੇ...।"

"ਕਿਉਂ ਅਮਰੂ ਕੱਖ ਨਹੀਂ ਕਰਦਾ?" ਸਰਦਾਰ ਹੋਰਾਂ ਵਹੁਟੀ ਨੂੰ ਰੁਕਾਇਆ।

"ਤੇ ਹੋਰ—ਭਲਾ ਮਜ਼ੂਰ ਕੀ ਆਖ ਤੇ ਨਖਰਾ ਕੀ ਆਖ। ਨਾਲੇ ਹੁਣ ਕੰਮ ਵੀ ਕਿਹੜਾ ਰਹਿ ਗਿਆ ਏ। ਉਦਾਂ ਤਾਂ ਭਾਵੇਂ ਹੋਰ ਲੈ ਆਓ ਕੰਮ ਕੱਢ ਲੈਣਗੇ।"

"ਚੰਗਾ ਭਈ ਚੰਗਾ—ਅਮਰੂ ਨੂੰ ਕਹਿ ਦੇ ਕਲ ਉਹ ਨਾ ਆਏ। ਹੋਰ ਦਸ?" ਸਰਦਾਰ ਹੋਰਾਂ ਗੱਲ ਮੁਕਾਈ।

ਤੇ ਅਮਰੂ ਸ਼ਾਮ ਨੂੰ ਦਿਹਾੜ ਦੀ ਮਜ਼ਦੂਰੀ ਲੈ ਕੇ ਕਲ ਨਾ ਆਣ ਲਈ ਪਰਤ ਪਿਆ।

ਸਾਰੇ ਰਾਹ ਅਮਰੂ ਨੂੰ ਸਰਦਾਰਨੀ ਦੀਆਂ ਵਧੀਕੀਆਂ ਦਾ ਖ਼ਿਆਲ ਆਂਦਾ ਰਿਹਾ ਤੇ ਫੇਰ ਜਿਵੇਂ ਇਕ ਪਛਤਾਵਾ ਜਿਹਾ ਉਹਦੀ ਨਾੜ ਨਾੜ ਫਰਕਾ ਗਿਆ ਹੋਵੇ। ਸਰਦਾਰਨੀ ਉਹਨੂੰ ਰੋਜ਼ ਹੀ ਕੁਝ ਨਾ ਕੁਝ ਕਹਿੰਦੀ, ਪਰ ਅਮਰੂ ਕੋਲੋਂ ਉਸਨੂੰ ਕੁਝ ਵੀ ਨਾ ਕਹਿ ਹੋਇਆ। ਅਜ ਆਂਦੇ ਵੀ ਉਹ ਚੁੱਪ-ਚਪੀਤਾ ਕੋਠੀਉਂ ਬਾਹਰ ਨਿਕਲ ਆਇਆ ਸੀ। ਅਜਿਹੀਆਂ ਸ਼ਾਮਾਂ, ਰਾਤਾਂ, ਸਵੇਰਾਂ ਅਤੇ ਦਿਨਾਂ ਨਾਲ ਤਾਂ ਉਦਾ ਸਾਰਾ ਭੂਤ ਭਵਿਆ ਪਿਆ ਸੀ। ਭੁਖਾਂ, ਨੰਗਾਂ ਨਾਲ ਤਾਂ ਉਸ ਦਾ ਨਿਤ ਦਾ ਵਾਹ ਸੀ, ਰ ਅਜ ਜਿੰਨਾਂ ਉਹ ਕਦੀ ਵੀ ਬੇ-ਚੈਨ ਨਹੀਂ ਸੀ ਹੋਇਆ। ਅਜਿਹੀ ਘੁਟਨ ਉਹਦੀ ਜ਼ਿੰਦਗੀ ਨੇ ਕਦੀ ਵੀ ਮਹਿਸੂਸ ਨਹੀਂ ਸੀ ਕੀਤੀ। ਉਹ ਸਭ ਕੁਝ ਸ਼ਾਇਦ ਏਸ ਲਈ ਸਹਿੰਦਾ ਰਿਹਾ ਸੀ ਕਿ ਉਹਦੀਆਂ ਦਿਹਾੜੀਆਂ ਵੱਧੀ ਜਾਣਗੀਆਂ...ਉਹ ਸੋਚਦਾ ਸੀ ਸਰਦਾਰਨੀ ਦੀਆਂ ਝਿੜਕਾਂ ਉਹਦਾ ਕੁਝ ਵੀ ਨਹੀਂ ਵਿਗਾੜ ਰਹੀਆਂ। ਉਹ ਇਕ ਕੰਨੋਂ ਸੁਣਦਾ ਦੂਏ 'ਚੋਂ ਕੱਢ ਛਡਦਾ ਸੀ। ਸਗੋਂ ਝੜਕਾਂ ਮਾਰ ਕੇ ਬੁੜ-ਬੁੜ ਕਰਦੀ ਸਰਦਾਰਨੀ ਜਦੋਂ ਅੰਦਰ ਜਾਂਦੀ ਤਾਂ ਹ ਚੂਨੀ ਤੇ ਮਿਸਤਰੀ ਵਲ ਦੇਖ ਕੇ ਹੱਸ ਛਡਦਾ। ਸਗੋਂ ਕਿਸੇ ਵੇਲੇ ਤੇ ਉਹ ਖਾਸ ਸਰਦਾਰਨੀ ਨੂੰ ਦੇਖ ਕੇ ਕਹੀ ਹੱਥੋਂ ਛਡ ਦੇਂਦਾ। ਰਾਤ ਰਤਨੇ ਦੇ ਖੋਖੇ 'ਚ ਰੂੜੀ ਦੀ ਬੋਤਲ ਪੀ ਕੇ ਸਰਦਾਰਨੀ ਬਾਰੇ ਗੱਲਾਂ ਕਰੀ ਜਾਂਦਾ... ਉਹਦਾ ਮੁਟਾ, ਟੁਰਨ ਦਾ ਢੰਗ, ਕ੍ਰੋਧ 'ਚ ਭਰੀਆਂ ਅੱਖਾਂ ਤੇ ਖਾ ਜਾਣ ਵਾਲੀ ਆਵਾਜ਼! ਉਹ ਗੱਲਾਂ ਰਦਾ ਕਰਦਾ ਇੰਜ ਹਸਦਾ ਜਿਵੇਂ ਸਰਦਾਰਨੀ ਦਾ ਸਾਰਾ ਆਕਾਰ-ਪਰਕਾਰ ਹੀ ਹਾਸੋ ਹੀਣਾ ਹੋਏ। ਗੁਰਦਾਸੇ ਤੇ ਪੂਰਨੇ ਨੂੰ ਉਹ ਬੜੇ ਮਸਾਲੇ ਲਾ ਲਾ ਕੇ ਸੁਣਾਂਦਾ ਕਿ ਕਿੰਜ ਅਸੀਂ ਕਿਸੇ ਚੀਜ਼ ਦੇ ਮੁਕ ਜਾਣ ਜਾਂ ਬੁੜ ਜਾਣ ਦੀ ਗੱਲ ਕਰ ਕੇ ਸਰਦਾਰਨੀ ਨੂੰ ਹੱਥਾਂ-ਪੈਰਾਂ ਦੀ ਪਾ ਦੇਂਦੇ ਹਾਂ। ਸਰਦਾਰ ਉਹਦਾ ਦਫ਼ਤਰ ਗਿਆ ਹੁੰਦੇ...ਤੇ ਉਹ ਦੋਏ ਹੱਥ ਚੁਕ ਚੁੱਕ ਕੇ ਚੀਖਣ ਲਗ ਪੈਂਦੀ ਏ, "ਸੀਮੰਟ!...ਹੁਣ ਏਸੇ ਵੇਲੇ, ਮੈਂ ਕਿਥੋਂ ਲਿਆਵਾਂ।" ਤੇ ਮਿਸਤਰੀ ਮੀਸਣਿਆਂ ਵਾਂਗ ਕਹਿੰਦੇ, "ਬੀਬੀ ਜੀ ਬਾਜ਼ਾਰ ਬੜਾ ਸੀਮੰਟ ਏ। ਅਮਰੂ ਨੂੰ ਪੈਸੇ ਦਿਓ। ਹੁਣ ਲੈ ਆਂਦੈ।" ਤੇ ਉਹ ਦੁਹੱਥੜ ਮਾਰ ਕੇ ਕਹਿੰਦੀ ਹੈ। "ਰੁੜ ਜਾਣਿਓ ਪੈਸੇ ਸੀਮੰਟ ਜੋਗੇ ਦੇ ਦਿਆਂ ਤਾਂ ਸ਼ਾਮ ਨੂੰ ਦਿਹਾੜੀ ਮੰਗਣੋਂ ਤੁਸਾਂ ਝਕਣਾ ਨਹੀਂ...।" ਅਮਰੂ ਦਾ ਜੀ ਕਰਦਾ ਕਹੇ, "ਜੇ ਪੈਸੇ ਨਹੀਂ ਸਨ ਤਾਂ ਇਹ ਕੋਠੀ ਪਾਣ ਦੀ ਕੀ ਮੁਸੀਬਤ ਪੈ ਗਈ ਸੀ।"...ਪਰ ਇਹ ਤਾਂ ਸਗੋਂ ਸਰਦਾਰਨੀ ਨੂੰ ਅਜਿਹੀ ਕੜਿਕੀ 'ਚ ਫਸਾ ਕੇ ਮਜ਼ਾ ਲੈਂਦੇ। ਉਹਨਾਂ ਨੂੰ ਪਤਾ ਸੀ ਕਲ-ਭਲਕੇ ਉਹ ਕਿਧਰੋਂ ਨਾ ਕਿਧਰੋਂ ਰੁਪਏ ਦਾ ਪ੍ਰਬੰਧ ਕਰੀ ਹੀ ਜਾ ਰਹੇ ਹਨ...।

ਤੇ ਅਜ ਸ਼ਾਮ ਅਮਰੂ ਨੂੰ ਲਗਾ ਜਿਵੇਂ ਸਰਦਾਰਨੀ ਨੇ ਇਕੋ ਝਟਕੇ ਨਾਲ ਬਦਲਾ ਲੈ ਲਿਆ ਹੈ। ਉਹ ਕਦੀ ਸੜਕ ਉਪਰ ਤੇ ਕਦੀ ਸੜਕੋਂ ਹੇਠਾਂ ਸਿਲ੍ਹੀ ਮਿੱਟੀ ਉਪਰ ਟੁਰਦਾ ਸੋਚੀ ਜਾ ਰਿਹਾ ਸੀ...ਜਿਵੇਂ ਸਰਦਾਰਨੀ ਦੀਆਂ ਵਧੀਕੀਆਂ ਦਾ ਉਹਨੂੰ ਹੁਣ ਪਤਾ ਲਗਾ ਹੋਏ। ਹਾਂ ਹੁਣ ...ਬੜੀ ਦੇਰ ਨਾਲ, ਜਦੋਂ ਉਹ ਕੁਝ ਕਰ ਹੀ ਨਹੀਂ ਸਕਦਾ।

"ਆ ਗਿਐਂ ਅਮਰੂਆ?" ਅਮਰੂ ਨੂੰ ਇਕ ਜਾਣੀ-ਪਛਾਣੀ ਆਵਾਜ਼ ਨੇ ਚੌਂਕਾ ਦਿਤਾ। ਉਹ ਬਸਤੀ 'ਚ ਅਪੜ ਗਿਆ ਸੀ। ਇਕ ਕਾਲੇ-ਸ਼ਾਹ, ਡਿੰਗੇ ਜਿਹੇ ਲਕੜੀ ਦੇ ਸਤ ਕੁ ਫੁਟ ਉੱਚੇ ਖੰਬੇ 'ਤੇ ਲਗੇ ਮਿੱਟੀ ਦੇ ਤੇਲ ਦੇ ਲੈਂਪ ਨੂੰ ਬਾਲ ਕੇ ਪੌੜੀ ਤੋਂ ਉਤਰਦਿਆਂ ਇਕ ਅਧਖੜ ਮਨੁੱਖ ਨੇ ਅਮਰੂ ਨੂੰ ਪਛਾਣਦਿਆਂ ਬੁਲਾਇਆ ਸੀ।

"ਸੁਣਾ ਦੀਨਿਆਂ...ਦੇਰ ਕਰ ਦਿੱਤੀ ਆ ਲੰਪ ਜਗਾਣ 'ਚ। ਖੰਘ ਦਾ ਕੀ ਹਾਲ ਈ' ? ਠੰਡ ਵਧ ਗਈ ਸੀ। ਅਮਰੂ ਨੇ ਹੱਥਾਂ ਨੂੰ ਕੱਛਾਂ ਹੇਠ ਦਬਾਂਦਿਆਂ ਪੁਛਿਆ।

"ਖੰਘ ਤਾਂ ਠੀਕ ਆ, ਪਰ ਇਹ ਠੰਡ ਹਰਾਮ ਦੀ ਕੁਸ਼ ਕਰਨ ਈ ਨਹੀਂ ਦੇਂਦੀ। ਮੇਰੀ ਤਾਂ ਵੱਖੀ ਟੁਟ ਟੁਟ ਪੈਂਦੀ ਹੈ। ਤਰਕਾਲਾਂ ਵੇਲੇ ਗੁਰਦਾਸ ਨੂੰ ਕਿਹਾ ਸੀ ਲੰਮ ਜ਼ਗਾ ਆਈਂ, ਪਰ ਸਾਲਾ ਰਤਨੇ ਦੇ ਖੋਖੇ 'ਚ ਦਾਰੂ ਪੀ ਕੇ ਮੂੰਹਦਾ ਪਿਆ ਹੋਇਐ। ਕੁੱਤੇ ਦਾ ਪੁਤ ਕਦੀ ਆਖੇ ਵੀ ਲਗੇ?" ਆਪਣੇ ਹੱਥਾਂ ਨੂੰ ਲੀਰਾਂ-ਲੱਥੇ ਗਰਮ ਕੋਟ ਦੀਆਂ ਲੰਮੀਆਂ ਬਾਹਵਾਂ 'ਚ ਲੁਕਾਂਦਿਆਂ ਤੇ ਪੌੜੀ ਨੂੰ ਬਾਂਹ 'ਚ ਪਾ ਕੇ ਮੋਢੇ 'ਤੇ ਚੁਕਦਿਆਂ ਦੀਨਾ ਗੁਸੇ 'ਚ ਉਬਲਦਾ ਅਗਲੇ ਥੰਮੇ ਵਲ ਟੁਰ ਪਿਆ। ਅਮਰੂ ਨੇ ਪਲ ਕੁ ਲਈ ਜਗਦੀ ਲੈਂਪ ਵਲ ਦੇਖਿਆ—ਸੰਘਣੀ ਖ਼ਾਕੀ ਧੁੰਦ ਸਾਰੀ ਰੋਸ਼ਨੀ ਨੂੰ ਨਿਗਲ ਰਹੀ ਸੀ। ਅਮਰੂ ਆਪਣੀ ਕੋਠੜੀ ਵਲ ਟੁਰ ਪਿਆ।

ਰਤਨੇ ਦੇ ਖੋਖੇ ਅਗੇ ਪੁੱਜ ਕੇ ਉਹਦੇ ਪੈਰ ਰੁਕ ਗਏ...ਹਾਲਾਂਕਿ ਉਹਦਾ ਜੀਅ ਸਿੱਧਾ ਘਰ ਜਾਣ ਨੂੰ ਕਰ ਰਿਹਾ ਸੀ। "ਲੰਘ ਆ,...ਲੰਘ ਆ, ਅਮਰੂਆ ਲੰਘ ਆ।" ਬਿਸ਼ਨੇ ਦੀ ਆਵਾਜ਼ ਨੂੰ ਪਛਾਣਦਿਆਂ ਅਮਰੂ ਭਾਰੇ ਜਹੇ ਮਨ ਨਾਲ ਅੰਦਰ ਜਾ ਵੜਿਆ। ਏਸੇ ਵੇਲੇ ਉਹ ਜਿਵੇਂ ਕੁਝ ਵੀ ਨਾ ਸੋਚਣਾ ਚਾਹੁੰਦਾ ਹੋਏ। ਦੀਵੇ ਦੀ ਫੱੜ-ਫੱੜ ਕਰਦੀ ਲੋਅ 'ਚ ਉਹਨੇ ਗੁਰਦਾਸੇ ਨੂੰ ਨਸੇ ਵਿਚ ਗੁਟ ਪਿਆ ਤਕਿਆ। ਕੋਈ ਹੋਰ ਵੇਲਾ ਹੁੰਦਾ ਤਾਂ ਉਹਨੇ ਇਕੋ ਧੜੇ ਨਾਲ ਉਹਨੂੰ ਹੋਸ਼ 'ਚ ਲੈ ਆਂਦਾ ਸੀ। ਬਿਸ਼ਨਾ, ਪੂਰਨਾ ਤੇ ਗੁਰਦਾਸਾ ਕੀ ਤੇ ਚੁੱਪ ਕੀ...? ਅਮਰੂ ਨੂੰ ਇਹ ਚੁੱਪ ਓਪਰੀ ਨਾ ਲਗੀ। ਉਹ ਵੀ ਚੁਪ ਕਰ ਕੇ ਬੈਠ ਗਿਆ। ਗੰਡਿਆਂ, ਪਕੌੜਿਆਂ ਤੇ ਸੜੀ ਹੋਈ ਇਮਲੀ ਦੀ ਬੋ ਵਿਚ ਦਾਰੂ ਦੀ ਬੋ ਰਲੀ ਹੋਈ ਸੀ...ਤੇ ਏਸ ਬੋ ਨੂੰ ਹੋਰ ਭਾਰਾ ਕਰ ਰਹੀ ਸੀ ਖੋਖੇ ਦੀ ਠੰਡੀ ਸਿਲ੍ਹ!

"ਵੇਲੇ ਸਿਰ ਆਇਐਂ ਅਮਰੂ...ਦੇਖ ਆਪਣੇ ਗਲਾਸ ਵੀ ਖ਼ਾਲੀ ਤੇ ਜੇਬਾ ਵੀ ਖਾਲੀ।" ਪੂਰਨ ਚੰਦ ਨੇ ਅਮਰੂ ਨੂੰ ਬਹਿੰਦਿਆਂ ਹੀ ਕਹਿ ਦਿਤਾ ਸੀ। ਇਹ ਸੁਣਦਿਆਂ ਈ ਜਿਵੇਂ ਅਮਰੂ ਹੋਸ਼ ਵਿਚ ਆ ਗਿਆ ਹੋਏ ਕਿ ਉਹ ਤਾਂ ਰਤਨੇ ਦੇ ਖੋਖੇ 'ਚ ਬੈਠਾ ਹੈ ਜਿਥੇ ਸਾਰੀ ਰਾਤ ਬਸਤੀ ਦੀ ਕੱਢੀ ਹੋਈ ਸ਼ਰਾਬ ਪੀਤੀ ਜਾਂਦੀ ਹੈ...।

ਉਸ ਪੂਰਨੇ, ਬਿਸ਼ਨੇ ਤੇ ਗੁਰਦਾਸੇ ਵਲ ਤਕਿਆ—ਉਹਨਾਂ ਦੇ ਗਲਾਸ ਖਾਲੀ ਸਨ, ਬੋਤਲ ਖਾਲੀ ਸੀ ਤੇ ਟੁਟੀ ਹੋਈ ਮੇਜ਼ ਦੀਆਂ ਦਰਾੜਾਂ 'ਚੋਂ ਅਜੇ ਵੀ ਪਾਣੀ ਦੇ ਕਤਰੇ ਸਿੰਮ ਸਿੰਮ ਕੇ ਹੇਠਾਂ ਮਿੱਟੀ ਦੇ ਫਰਸ਼ 'ਤੇ ਪੈ ਰਹੇ ਸਨ। ਬਾਹਰ ਭੱਠੀ ਦੇ ਸਾਹਮਣੇ ਬੈਠਾ ਰਤਨਾ ਕਿਸੇ ਵਹਿਣ 'ਚ ਪਿਆ ਹੋਇਆ ਸੀ। ਕਿੰਨੀ ਦੇਰ ਤੋਂ ਚਾਹ ਤਕ ਪੀਣ ਵਾਲਾ ਗਾਹਕ ਵੀ ਉਹਦੇ ਖੋਖੇ 'ਚ ਪੈਰ ਨਹੀਂ ਸੀ ਧਰ ਰਿਹਾ। ਸਾਰੀ ਰਾਤ ਰਕਸ਼ਾ ਚਲਾਣ ਵਾਲਿਆਂ ਦਾ ਇਕ ਟੋਲਾ ਕਿੰਨੀ ਦੇਰ ਹੋਈ ਚਾਹ ਪੀ ਕੇ ਸਟੇਸ਼ਨ ਵਲ ਜਾ ਚੁੱਕਾ ਸੀ।

ਅਮਰੂ ਦੇ ਕੰਨਾਂ ਵਿਚ ਇਕ ਮੋਟੀ ਸਾਰੀ ਗਾਹਲ ਪਈ। ਬਿਸ਼ਨਾ, ਗੁਰਦਾਸਾ ਤੇ ਪੂਰਨਾ ਵੀ ਰੌਲੇ ਨਾਲ ਜ਼ਰਾ ਤ੍ਰਬਕ ਉਠੇ। ਪਰਲੀਆਂ ਕੋਠੀਆਂ ਦੇ ਤਿੰਨ ਚਾਰ ਮੁੰਡੇ ਕੰਧ ਨਾਲ ਲਗੇ

ਖਾਲੀ ਬੈਂਚ ਉਪਰ ਬੈਠਦਿਆਂ ਹੀ ਪੀਣ 'ਚ ਰੁਝ ਗਏ ਸਨ। ਉਹਨਾਂ ਦਾ ਰੌਲਾ ਅਮਰੂ ਨੂੰ ਚੰਗਾ ਲਗਾ। ਹਸਦੀਆਂ ਅੱਖਾਂ ਨਾਲ ਉਹਨੇ ਸਾਰਿਆਂ ਮੁੰਡਿਆਂ ਨੂੰ ਤਕਿਆ।

"ਹਾਂ ਅਮਰੂ, ਕਵ੍ਹਾਂ ਰਤਨੇ ਨੂੰ ਦਏ ਸਾਨੂੰ ਵੀ..." ਪੂਰਨ ਚੰਦ ਨੇ ਦੁਹਾਂ ਸਾਥੀਆਂ ਦੀ ਪ੍ਰਤੀਨਿਧਤਾ ਕਰਦਿਆਂ ਅਮਰੂ ਅਗੇ ਤਰਲਾ ਲਿਆ।

"ਨਹੀਂ ਨਹੀਂ—ਪੁਰਨ ਨਹੀਂ।" ਇਹ ਕਹਿੰਦਿਆਂ ਅਮਰੂ ਬਿਨਾ ਜੁਆਬ ਉਡੀਕੇ ਖੋਖੇ 'ਚੋਂ ਨਿਕਲ ਆਇਆ।

"ਦਿਹ-ਆਂ ?" ਅੱਖਾਂ ਬੰਦ ਕਰ ਕੇ ਪਏ ਗੁਰਦਾਸੇ ਨੂੰ ਜਿਵੇਂ ਹੋਰ ਮਿਲਣ ਦੀ ਆਸ ਟੁਟ ਗਈ ਹੋਵੇ।

ਅਮਰੂ ਥੋੜੀ ਹੀ ਅਗੇ ਜਾ ਕੇ ਫੇਰ ਖਲੋ ਗਿਆ। ਉਹਦਾ ਜੀਅ ਕੀਤਾ ਰਤਾ ਏਥੇ ਹੀ ਉਡੀਕ ਲਵੇ...ਨੰਗ ਹੋਏ ਤਿੰਨੇ ਜਣੇ ਨਿਕਲ ਜਾਣ ਤੇ ਉਹ ਮੁੜਦੀ ਪੈਰੀਂ ਜਾ ਕੇ ਛੇਤੀ ਛੇਤੀ ਪੂਰੀ ਬੋਤਲ ਅੰਦਰ ਸੁਟ ਲਏ। ਉਹ ਸੋਚਣ ਲਗਾ ਮੇਰੇ ਭਾਗਾਂ 'ਚ ਸ਼ਾਇਦ ਇਵੇਂ ਸਹੁਰਿਆਂ ਦੇ ਪਲਿਓਂ ਪੀਣੀ ਲਿਖੀ ਹੀ ਨਹੀਂ! ਮਨ ਵਿਚ ਹੀ ਉਹਨੇ ਤਿੰਨਾਂ ਨੂੰ ਰੱਜ ਕੇ ਗਾਹਲਾਂ ਕੱਢੀਆਂ ਤੇ ਭਾਰੇ ਜਿਹੇ ਮਨ ਨਾਲ ਥੁੱਕਾਂ ਸੁਟਦਾ ਉਹ ਆਪਣੀ ਕੋਠੜੀ ਵਲ ਟੁਰ ਪਿਆ...ਇਹ ਸੋਚ ਕੇ, ਕਿ ਜਾਂਦਿਆਂ ਹੀ ਲਾਜੋ ਨੂੰ ਕਹੇਗਾ, "ਲੈ ਅਜ ਮੈਂ ਪੀ ਕੇ ਨਹੀਂ ਆਇਆ!"...ਜਿਵੇਂ ਇਹ ਵੀ ਕਿਸੇ ਤੇ ਅਹਿਸਾਨ ਕਰਨਾ ਹੋਏ।

ਕੋਠੜੀ ਦੇ ਬੂਹੇ ਨੂੰ ਉਸ ਹੌਲੀ ਜਿਹੀ ਅੰਦਰ ਵਾਰ ਧੱਕਿਆ। ਲਾਜੋ ਅਤੇ ਦੋਵੇਂ ਮੁੰਡੇ ਸੁਲਘ ਰਹੇ ਗੋਹੇ ਤੇ ਸਿਕੜਿਆਂ ਨਾਲ ਭਰੀ ਚੁਲ ਦੁਆਲੇ ਬੈਠੇ ਆਪਣੇ ਸਰੀਰ ਦੀ ਚੰਮੜੀ ਨੂੰ ਤਪਾਂਦੇ ਉਂਘਣ ਲਗ ਪਏ ਸਨ। ਬੂਹੇ ਦੀ ਮਾੜੀ ਜਿਹੀ ਕਿਰੱੜ ਦੀ ਆਵਾਜ਼ ਨੇ ਉਹਨਾਂ ਨੂੰ ਸੁਚੇਤ ਕਰ ਦਿਤਾ।

ਅਮਰੂ ਨੂੰ ਦੇਖਦਿਆਂ ਹੀ ਲਾਜੋ ਨੇ ਮੁੰਡਿਆਂ ਨੂੰ ਚੁਲ੍ਹੇ ਅਗੋਂ ਹਟਾਂਦਿਆਂ ਕਿਹਾ, "ਜਾਓ ਸਵੋਂ ਹੁਣ...।"

"ਬਹਿ ਜਾ—" ਬੋਰੀ ਦੇ ਟੁਕੜੇ ਨੂੰ ਸਿੱਧਾ ਕਰਦਿਆਂ ਲਾਜੋ ਨੇ ਅਮਰੂ ਨੂੰ ਕਿਹਾ। ਤੇ ਫੂਕਾਂ ਮਾਰ ਕੇ ਅੱਗ ਨੂੰ ਤੇਜ਼ ਕਰਨ ਲਗ ਪਈ। ਥੋੜ੍ਹੀ ਕੁ ਦੇਰ ਮਗਰੋਂ ਚੁਲ੍ਹੇ ਉਤੋਂ ਡਿੰਗਾ ਜਿਹਾ ਜਿਸਤੀ ਪਤੀਲਾ ਲਾਹਿਆ ਤੇ ਇਕ ਮੈਲੀ ਜਿਹੀ ਟੋਕਰੀ 'ਚੋਂ ਮੋਟੀਆਂ ਮੋਟੀਆਂ ਕਣਕ ਦੀਆਂ ਰੋਟੀਆਂ ਕੱਢ ਕੇ ਗਰਮ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਮਰੂ ਚੁਪ ਕਰ ਕੇ ਚੁਲ੍ਹੇ ਅਗੇ ਬੈਠਾ ਰਿਹਾ। ਦੋਏ ਮੁੰਡੇ ਭੁੰਜੇ ਹੀ ਇਕ ਵਡੇ ਸਾਰੇ ਮੋਟੇ ਟਾਟ ਵਰਗੇ ਕੰਬਲ ਉਤੇ ਇਕ ਲੋਫ, ਜਿਹੜਾ ਕਿੰਨੀਆਂ ਥਾਵਾਂ ਤੋਂ ਪਾਟਾ ਹੋਇਆ ਸੀ ਤੇ ਮੈਲਾ-ਖਲਟ ਰੂੰ ਕਿੰਨੀਆਂ ਥਾਵਾਂ ਤੋਂ ਬਾਹਰ ਝਾਕ ਰਿਹਾ ਸੀ, ਲੈ ਕੇ ਲੇਟ ਗਏ। ਏਸੇ ਤਰ੍ਹਾਂ ਦਾ ਇਕ ਹੋਰ ਗੁਛਾ-ਮੁਛਾ ਹੋਇਆ ਨਾਲ ਹੀ ਪਿਆ

ਸੀ। ਅਮਰੂ ਨੂੰ ਗਰਮ ਗਰਮ ਰੋਟੀਆਂ ਫੜਾ ਕੇ ਮਿੱਟੀ ਦੀ ਇਕ ਵਡੀ ਸਾਰੀ ਪਲੇਟ 'ਚ ਗਾਜਰਾ ਦਾ ਸ਼ਰਬਲ ਸ਼ਰਬਲ ਕਰਦਾ ਤਰੀ ਵਾਲਾ ਸਲੂਣਾ ਪਾ ਕੇ ਅਗੇ ਕਰਦਿਆਂ ਲਾਜੋ ਦੀਵੇ ਦੀ ਮਰ ਰਹੀ ਨੀਲੀ ਜਿਹੀ ਲਾਟ ਨੂੰ ਉੱਚਾ ਕਰਨ 'ਚ ਰੁਝ ਗਈ।

ਅਮਰੂ ਨੇ ਗਰਾਹੀ ਮੂੰਹ 'ਚ ਪਾਂਦਿਆਂ ਲਾਜੋ ਵਲ ਤਕਿਆ, ਉਹਦਾ ਪੀਲਾ-ਪੀਲਾ ਮੂੰਹ ਲਾਟ ਦੇ ਉਕਾ ਨੇੜੇ ਹੋਣ ਕਾਰਨ ਲਾਲ-ਸੂਹਾ ਲਗਿਆ। ਅਮਰੂ ਦੇ ਮਨ 'ਚ ਲਾਜੋ ਲਈ ਅਥਾਹ ਹਮਦਰਦੀ ਉਮੱਡ ਆਈ। ਉਹਦਾ ਜੀ ਕੀਤਾ ਛੇਤੀ ਛੇਤੀ ਰੋਟੀ ਖਾਣ ਮਗਰੋਂ ਲਾਜੋ ਦਾ ਮੂੰਹ ਹੱਥਾਂ ਵਿਚ ਲਏ···ਤੇ ਫੇਰ ਬੇ-ਤਹਾਸ਼ਾ ਪਿਆਰ ਕਰਨ ਲਗ ਪਏ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਕੁਆਰੇ ਹੁੰਦਿਆਂ ਉਹ ਕਰਿਆ ਕਰਦੇ ਸਨ। ਇਕ ਦੂਜੇ ਨੂੰ ਉਹ ਕਿੰਨਾ ਘੁਟਿਆ ਕਰਦੇ ਸਨ ਉਦੋਂ ਲਾਜੋ ਕਿੰਨੀ ਸੁਹਣੀ ਹੁੰਦੀ ਸੀ। ਸਰੀਰ ਕਿੰਨਾ ਪੀਡਾ ਹੁੰਦਾ ਸੀ। ਅਮਰੂ ਰੋਟੀ ਖਾਂਦਾ ਸੋਚੀ ਜਾ ਰਿਹਾ ਸੀ...ਕਿ ਇਹਨਾਂ ਦਿਨਾਂ ਦੀ ਤੇ ਯਾਦ ਵੀ ਹੁਣ ਕਿੰਨੀ ਓਪਰੀ ਲਗਦੀ ਏ।

ਏਸ ਤਰ੍ਹਾਂ ਰੋਟੀ ਖਾਂਦਿਆਂ ਲਾਜੋ ਲਗਾਤਾਰ ਉਹਨੂੰ ਦੇਖੀ ਜਾ ਰਹੀ ਸੀ...ਤੇ ਸੋਚ ਰਹੀ ਸੀ ਅਮਰੂ ਕਿੰਜ ਅਡੋਲ ਬੈਠਾ ਹੈ! ਕਿੰਨਾ ਸ਼ਾਂਤ! ਕਿੰਨਾ ਚੁੱਪ!! ਕੋਈ ਹੰਗਾਮਾ ਨਹੀਂ! ਕੋਈ ਝਗੜਾ ਨਹੀਂ! ਬੱਚਿਆਂ ਨੂੰ ਵੀ ਕਿੰਜ ਨੀਂਦਰ ਆ ਗਈ ਹੈ। ਉਹਦਾ ਜੀਅ ਕੀਤਾ ਉਹਨਾਂ ਨੂੰ ਜਗਾਏ ਅਤੇ ਕਹੇ, "ਦੇਖੋ...ਤੁਹਾਡਾ ਪਿਓ ਮਾੜਾ ਨਹੀਂ! ਐਵੇਂ ਨਸ਼ੇ ਵਿਚ ਕਦੀ ਕਦੀ ਉਹਦਾ ਰੂਪ ਵਿਕਰਾਲ ਹੋ ਜਾਂਦੈ...।"

"ਕੀ ਗੱਲ ਏ...ਚੁਪ ਚੁਪ ਏਂ" ਲਾਜੋ ਲਈ ਇਹ ਚੁਪ ਜਿਵੇਂ ਅਸਹਿ ਹੁੰਦੀ ਜਾ ਰਹੀ ਸੀ।"

"ਲਾਜੋ...ਲਾਜੋ ਸਰਦਾਰਨੀ ਤਾਂ ਚੁੜੇਲ ਏ"--ਅਮਰੂ ਦੇ ਮੂੰਹੋਂ ਇਹ ਗੱਲ ਆਪ-ਮੁਹਾਰੀ ਨਿਕਲ ਗਈ। ਆਪ ਹੈਰਾਨ ਹੋਇਆ ਕਿ ਉਹ ਸੋਚ ਕੀ ਰਿਹਾ ਹੈ ਤੇ ਕਹਿ ਕੀ ਰਿਹਾ ਹੈ, ਪਰ ਉਹ ਕਹੀ ਗਿਆ, "ਲਾਜੋ...ਸਰਦਾਰਨੀ ਮੈਨੂੰ ਕਹਿੰਦੀ ਏ, ਵੇ ਅਮਰਿਆ-ਸਰਮੜਿਆ...ਵੇ ਅੱਨ੍ਹਾਂ ਏਂ ਸੀਮਿੰਟ ਜ਼ਰਾ ਤਕ ਕੇ ਚੁਕ, ਭੁੰਜੇ ਸੁਟੀ ਜਾਣੈ। ਵੇਖੀਂ ਵੇ ਮਸਾਲਾ ਮਿਸਤਰੀ ਕੋਲੋਂ ਪੁਛ ਕੇ ਬਣਾਈਂ, ਅਗੇ ਹੀ ਕਲ ਕਿੰਨਾ ਜ਼ਾਇਆ ਕਰ ਗਿਆ ਸੈਂ। ਵੇ ਅਮਰੂ ਤੂੰ ਸੁਣਦਾ ਕਿਉਂ ਨਹੀਂ ...ਤੂੰ ਇੰਜ ਕਰ ਜਿੰਨੀ ਦੇਰ ਮਿਸਤਰੀ ਓਦਰ ਕੰਮ ਕਰਦੈ ਤੂੰ ਇਹ ਖ਼ਾਲੀ ਬੋਰੀਆਂ ਛੰਡ-ਛੰਡ ਕੇ ਅੰਦਰ ਰਖ। ਇਟਾਂ ਕੱਠੀਆਂ ਕਰ ਛਡ...ਵੇ...ਵੇ ਅਮਰੂ ਮਿਸਤਰੀ ਦੇ ਸਿਰ ਤੇ ਨਾ ਖਲ੍ਹੋ ਰਹੋ!'

"ਚਲ ਦਫ਼ਾ ਕਰ ਸੂ ਪਰੇ। ਸਾਨੂੰ ਆਪਣੇ ਕੰਮ ਨਾਲ ਗਰਜ਼ ਏ।" ਲਾਜੋ ਨੇ ਅਮਰੂ ਨੂੰ ਵਿਚੋਂ ਹੀ ਟੋਕ ਦਿੱਤਾ ਤੇ ਝੱਟ ਹੀ ਫੇਰ ਘਬਰਾ ਕੇ ਬੋਲੀ, "ਕਿਤੇ ਲੜਾਈ ਤਾਂ ਨਹੀਂ ਕਰ ਆਇਆ। ਤੇਰਾ ਪਤਾ ਵੀ ਨਹੀਂ ਬਾਬਾ।"

"ਉਹ ਨਹੀਂ" ਅਮਰੂ ਖਿੱਝ ਕੇ ਬੋਲਿਆ ਤੇ ਕਮੀਜ਼ ਨਾਲ ਹੱਥ ਪੂੰਝਦਿਆਂ ਵਿਛਾਈ ਵਲ ਵਧਿਆ। ਕੰਧ ਨਾਲ ਲਗੀ ਉਹਦੀ ਢਿਲੀ ਜਿਹੀ ਮੰਜੀ ਉਤੇ ਦੋ ਪਾਟੀਆਂ ਹੋਈਆਂ ਬਿੰਦੀਆਂ ਜਿਹੀਆਂ ਦਰੀਆਂ ਇਸ ਤਰ੍ਹਾਂ ਵਿਛੀਆਂ ਹੋਈਆਂ ਸਨ ਜਿਸ ਨਾਲ ਪਾਟੇ ਹੋਏ ਵਡੇ ਵਡੇ ਇਕ ਦੋ

ਮਘੌਰਚੇ ਢੱਕੇ ਤੇ ਉਪਰ ਲੈਣ ਲਈ ਦੋ ਚਿੱਟੀਆਂ ਚਾਦਰਾਂ ਵਿਚ ਜਿਹੜੀਆਂ ਆਪਣਾ ਰੰਗ ਵਟਾ ਕੇ ਤਕਰੀਬਨ ਕਾਲੀਆਂ ਹੀ ਹੋ ਗਈਆਂ ਸਨ, ਟਾਟ ਦਾ ਇਕ ਟੁਕੜਾ ਜੁੜਿਆ ਹੋਇਆ ਸੀ। ਅਮਰੂ ਬਿਨਾਂ ਲਾਜੋ ਵਲ ਦੇਖੇ ਚੁਪ ਕਰ ਕੇ ਬਿਸਤਰੇ 'ਚ ਲੇਟ ਗਿਆ। ਉਹਦਾ ਮਨ ਬੜਾ ਛਿੱਥਾ ਪੈ ਗਿਆ ਸੀ।

ਲਾਜੋ ਨੇ ਪਹਿਲਾਂ ਅੱਗ ਨੂੰ ਚੰਗੀ ਤਰ੍ਹਾਂ ਬੁਝਾਇਆ ਤੇ ਫੇਰ ਦੀਵੇ ਨੂੰ ਫੂਕ ਮਾਰ ਕੇ ਬੁਝਾਇਆ। ਲਾਜੋ ਬੁੜ-ਬੁੜਾਈ, "ਇਹਦਾ ਮੂੰਹ ਤਾਂ ਹਰ ਵੇਲੇ ਸੁਜਿਆ ਹੀ ਰਹਿੰਦੈ।"

(ਸ਼ੀਰਾਜ਼ਾ ਅੰਕ 1)

ਖ਼ਜ਼ਾਨ ਸਿੰਘ 'ਸਾਬਰ'

ਜੀਊਣ ਦਾ ਮੁਲ

ਮੈਂ ਕਈ ਵੇਰਾਂ ਉਸ ਨੂੰ ਕਲਕੱਤੇ ਵਿਚ ਵੇਖਿਆ ਸੀ, ਤਸਵੀਰਾਂ ਬਣਾਂਦਿਆਂ—ਕਾਗਜ਼ ਜਾਂ ਕਨਵੈਸ 'ਤੇ ਨਹੀਂ, ਬਜ਼ਾਰ ਦ ਫੁਟ ਪਾਥਾਂ 'ਤੇ । ਉਸ ਦੀ ਖਬੀ ਕੱਛ ਹੇਠਾਂ ਨਿੱਕਾ ਜਿਹਾ ਡੱਬਾ ਹੁੰਦਾ—ਹਰੇ, ਪੀਲੇ, ਲਾਲ, ਸਫੈਦ ਚਾਕਾਂ ਦੇ ਟੁਕੜਿਆਂ ਦਾ ਭਰਿਆਂ ਹੋਇਆ ਡੱਬਾ । ਉਸ ਦੀ ਸਜੀ ਬਾਂਹ ਹੈ ਹੀ ਨਹੀਂ ਸੀ । ਸੁੱਕੇ, ਸੜੇ, ਮਰੀਅਲ ਜਿਹੇ ਸਰੀਰ ਵਾਲਾ ਇਹ ਮੁੰਡਾ ਫੁੱਟੀਆਂ ਹੋਈਆਂ ਖੁਰੀਆਂ, ਜਿਸ ਦੀ ਖੱਬੀ ਬਾਂਹ ਨਾਲ ਇੱਕ ਪਿੱਤਲ ਵਿਚ ਮੜਿਆ ਤਵੀਤ ਹਮੇਸ਼ਾਂ ਬੰਨ੍ਹਿਆ ਹੁੰਦਾ, ਬੜਾ ਅਜੀਬ ਜਿਹਾ ਲਗਦਾ ।

ਤੇ ਮੇਰੀ ਹੈਰਤ ਹੋਰ ਵੱਧ ਜਾਂਦੀ ਜੱਦ ਮੈਂ ਉਸ ਨੂੰ ਫੁਟਪਾਥ ਦੀ ਥੋੜੀ ਜਿਹੀ ਥਾਂ ਸਾਫ ਕਰਦਿਆਂ ਵੇਖਦਾ । ਉਹ ਚਾਕਾਂ ਦਾ ਡੱਬਾ ਥੱਲੇ ਰੱਖ ਦੇਂਦਾ, ਤੇ ਸਾਫ਼ ਕੀਤੀ ਹੋਈ ਥਾਂ ਨੂੰ ਟੇੜੀਆਂ ਮੇੜੀਆਂ ਲੀਕਾਂ ਨਾਲ ਚਿਤਰਨਾ ਸ਼ੁਰੂ ਕਰ ਦੇਂਦਾ—ਬੜੀ ਗੰਭੀਰਤਾ ਨਾਲ, ਬੜੇ ਠਰੰਮੇ ਨਾਲ । ਕਦੇ ਕਦੇ ਉਹ ਚਾਕ ਦੇ ਟੁਕੜੇ ਨੂੰ ਆਪਣੇ ਹੋਠਾਂ ਨਾਲ ਲਾ ਤੇ ਅੱਖਾਂ ਮੀਟ ਲੈਂਦਾ, ਸ਼ਾਇਦ ਮਨ ਦੀ ਇਕਾਗਰਤਾ ਰਾਹੀਂ ਉਸ ਚਿਤਰ ਨੂੰ ਉਘਾੜਨਾ ਚਾਹੁੰਦਾ ਹੋਵੇ । ਕੁਝ ਖਿਨਾਂ ਮਗਰੋਂ ਇਕ ਸੁਹਣਾ, ਦਿਲ ਖਿਚਵਾਂ ਚਿਤਰ ਫੁੱਟ ਪਾਥ 'ਤੇ ਉਘੜ ਆਉਂਦਾ ।

ਕਿਤਨੀ ਸਫਾਈ ਸੀ ਉਸ ਦੇ ਹੱਥਾਂ ਵਿੱਚ । ਉਸ ਦਾ ਕਾਲਾ ਕਾਲਾ ਹਥ ਜਦ ਤਸਵੀਰ ਬਣਾਨ ਵਿਚ ਰੁਝਿਆ ਹੁੰਦਾ ਤਾਂ ਕਿਤਨਾ ਪਿਆਰਾ ਲਗਦਾ । ਫੇਰ ਜਦ ਉਹ ਚਾਕ ਨੂੰ ਹੋਠਾਂ ਨਾਲ ਲਾ ਕੇ ਕੁੱਝ ਸੋਚਦਾ ਤਾਂ ਕਿਤਨੇ ਸੁਹਣੇ ਲਗਦੇ ਉਸ ਦੇ ਰੁੱਖੇ ਰੁੱਖੇ ਹੋਂਠ । ਮੈਂ ਕਈ ਵਾਰ ਸੋਚਦਾ "ਉਹ ਕਿਹੜੀ ਸ਼ੈ ਹੈ ਜੋ ਇਕ ਕਰੂਪੀ ਬੰਦੇ ਨੂੰ ਭੀ ਰੂਪ ਦਾ ਮਜੱਸਮਾ ਬਣਾ ਦੇਂਦੀ ਹੈ । ਬਾਹਿਰਲ ਰੂਪ ਤਾਂ ਬਸ ਵਕਤੀ ਹੈ । ਮਨੁੱਖ ਦਾ ਅੰਦਰਲਾ ਸੁਹੱਪਣ ਜੇ ਉਸ ਦੀ ਕਿਸੇ ਕਲਾ ਰਾਹੀਂ ਉਘੜ ਆਏ ਤਾਂ ਬਾਹਿਰਲੇ ਰੂਪ ਦੀ ਕੋਈ ਕੀਮਤ ਨਹੀਂ ਰਹਿੰਦੀ ।"

ਉਹ ਇਸੇ ਤਰ੍ਹਾਂ ਤਸਵੀਰਾਂ ਚਿਤਰਦਾ, ਕਦੇ ਇਕ ਥਾਂ 'ਤੇ ਕਦੇ ਦੂਜੀ ਥਾਂ 'ਤੇ। ਦਰਸ਼ਕ ਨੂੰ ਕਈ ਵੇਰ ਅਸਲੀਅਤ ਦਾ ਧੋਖਾ ਹੋ ਜਾਂਦਾ। ਉਹ ਆਪਣੇ ਬਣਾਏ ਹੋਏ ਚਿਤਰ ਤੋਂ ਥੋੜਾ ਦੂਰ ਖੜਾ ਹੋ ਜਾਂਦਾ, ਇਕ ਟੋਟਾ ਸਿਗਰਟ ਦਾ ਜੇਬ ਵਿਚੋਂ ਕੱਢ ਕੇ ਸੁਲਗਾ ਲੈਂਦਾ। ਉਸ ਦੇ ਪੂਰੇ ਜਲ ਜਾਣ ਤੱਕ ਉਹ ਕਸ਼ ਲੈਂਦਾ ਰਹਿੰਦਾ। ਲੰਘਦੇ ਜਾਂਦੇ ਲੋਕੀਂ ਚਿੱਤਰ ਨੂੰ ਵੇਖ ਕੇ ਠਹਿਰ ਜਾਂਦੇ, ਇਕ ਮਜਮਾ ਜਿਹਾ ਲੱਗ ਜਾਂਦਾ। ਹਰ ਕੋਈ ਚਿੱਤਰ ਦੀ ਪ੍ਰਸੰਸਾ ਕਰਦਾ। ਕਈ ਬਾਰ ਦਰਸ਼ਕ ਚਿਤਰਕਾਰ ਨੂੰ ਵੇਖਣ ਦੇ ਉਤਸਕ ਹੁੰਦੇ, ਪਰ ਉਹ ਦੂਰ ਖੜਾ ਸਿਗਰੇਟ ਦੇ ਕਸ਼ ਲਾ ਰਿਹਾ ਹੁੰਦਾ। ਚਿਤਰ ਕੋਲ ਪੈਸਿਆਂ ਦਾ ਢੇਰ ਲਗ ਜਾਂਦਾ।

ਇਕ ਦਿਨ ਚੌਰੰਗੀ ਵਿਚ ਉਸ ਨੇ ਇਕ ਚਿਤਰ ਬਣਾਇਆ। ਕਿਤਨਾ ਸੁਹਣਾ ਚਿਤਰ ਸੀ, ਇਕ ਅੰਨੀ ਬੁਢੀ, ਹੱਥਾਂ ਵਿਚ ਕਾਸਾ, ਨਾਲ ਸੁਹਣਾ ਜਿਹਾ ਬੱਚਾ, ਦਿਲ ਧ੍ਰੂ ਕੇ ਕੱਢ ਲੈ ਜਾਣ ਵਾਲਾ ਚਿਤਰ ਵੇਖ ਕੇ ਕਈਆਂ ਦੇ ਅਥਰੂ ਨਿਕਲ ਆਏ। ਬਹੁਤ ਸਾਰੇ ਲੋਕੀ, ਕੱਠੇ ਹੋ ਗਏ ਸਨ। ਕੋਈ ਕਹਿ ਰਿਹਾ ਸੀ "ਕਿਤਨਾ ਜਾਦੂ ਹੈ ਉਸ ਦੇ ਹੱਥਾਂ ਵਿਚ। ਉਹ ਕਿਥੇ ਹੈ? ਮੈਂ ਉਸ ਦੇ ਹੱਥਾਂ ਨੂੰ ਚੁੰਮ ਲੈਣਾ ਚਾਹੁੰਦਾ ਹਾਂ।"—ਤੇ ਚਿਤਰਕਾਰ ਦੂਰ ਖੜਾ ਸਿਗਰੇਟ ਦੇ ਕਸ਼ ਲਾ ਰਿਹਾ ਸੀ। ਫਿਰ ਹੋਲੀ ਹੋਲੀ ਲੋਕੀ ਬਿਖਰ ਗਏ। ਸ਼ਾਮ ਦਾ ਘੁਸ-ਮੁਸਾ ਜਿਹਾ ਪੈ ਰਿਹਾ ਸੀ। ਢੇਰ ਸਾਰੇ ਪੈਸੇ ਚਿਤਰ ਦੇ ਕੋਲ ਪਏ ਹੋਏ ਸਨ। ਪਰ ਮੈਂ ਵੇਖਿਆ ਇਕ ਚੋੜਾ, ਮਜ਼ਬੂਤ ਤੇ ਡਰਾਉਣੀ ਜਿਹੀ ਸ਼ਕਲ ਵਾਲਾ ਗਭਰੂ ਉਹ ਪੈਸੇ ਸਮੇਟ ਰਿਹਾ ਸੀ—ਬੜੇ ਠਰੰਮੇ ਨਾਲ, ਜਿਵੇਂ ਉਹ ਹੀ ਚਿਤਰਕਾਰ ਹੋਵੇ ਅਤੇ ਇਹ ਪੈਸੇ ਲੈ ਲੈਣਾ ਉਸ ਦਾ ਹੱਕ। ਚਿਤਰਕਾਰ ਇਹ ਵੇਖਦਾ ਹੋਇਆ ਭੀ ਦੂਰ ਖੜਾ ਉਸੇ ਤਰ੍ਹਾਂ ਸਿਗਰੇਟ ਦੇ ਕਸ਼ ਲਾਈ ਜਾ ਰਿਹਾ ਸੀ।

ਸਭ ਪੈਸੇ ਸਮੇਟ ਲੈਣ ਮਗਰੋਂ, ਉਹ ਗਭਰੂ ਚਿਤਰਕਾਰ ਮੁੰਡੇ ਕੋਲ ਗਿਆ। ਇਕ ਰੁਪਏ ਦਾ ਨੋਟ ਉਸ ਦੀ ਮੈਲੀ ਜਿਹੀ ਅੱਧੀਆਂ ਬਾਹਾਂ ਵਾਲੀ ਕਮੀਜ਼ ਦੀ ਜੇਬ ਵਿਚ ਪਾਂਦਿਆਂ ਹੋਇਆਂ ਬੜੇ ਰੋਹਬ ਨਾਲ ਉਸ ਨੂੰ ਸੰਬੋਧਨ ਕਰਦਿਆਂ ਕਿਹਾ, "ਕੱਲ ਸਵੇਰੇ ਪੂਰੇ ਦੱਸ ਵੱਜੇ ਬਾਲੀ ਗੰਜ ਪੁਜ ਜਾਈਂ। ਤੇ ਹਾਂ, ਜੇ ਚਾਕਾਂ ਦਾ ਡੱਬਾ ਖ਼ਤਮ ਹੋ ਗਿਆ ਏ ਤਾਂ ਕੱਲ ਉਥੋਂ ਹੀ ਲੈ ਦਿਆਂ ਗਾ, ਸਮਝੇ?"

"ਪਰ ਅਜ ਇਤਨੇ ਨਾਲ ਮੇਰਾ ਕੀ ਬਣੇਗਾ, ਦਾਦਾ?" ਚਿਤਰਕਾਰ ਨੇ ਬੜੀ ਨਿਮ੍ਰਤਾਈ ਨਾਲ ਪੁਛਿਆ।

"ਉਹ ਕੱਲ ਵੇਖਿਆ ਜਾਏਗਾ।" ਇਹ ਕਹਿ ਕੇ ਗਭਰੂ ਚਲਿਆ ਗਿਆ।

ਚਿਤਰਕਾਰ ਆਪਣੇ ਬਣਾਏ ਹੋਏ ਚਿਤਰ ਦੇ ਕੋਲ ਆਇਆ। ਚਾਕਾਂ ਦੇ ਟੋਟਿਆਂ ਨੂੰ ਇੱਕਠੇ ਕਰਕੇ ਡੱਬੇ ਵਿਚ ਪਾਇਆ। ਫੇਰ ਇਕ ਨਜ਼ਰ ਭਰ ਉਸ ਨੇ ਚਿਤਰ ਵਲ ਵੇਖਿਆ। ਅਥਰੂ ਉਸ ਦੀਆਂ ਅੱਖਾਂ ਵਿਚ ਜਿਵੇਂ ਡਲਕ ਰਹੇ ਸਨ। ਚਾਕਾਂ ਵਾਲਾ ਡੱਬਾ ਕੱਛ ਹੇਠਾਂ ਦਬਾ ਕੇ, ਉਹ ਜਾ ਰਿਹਾ ਸੀ।

ਮੈਂ ਫੁੱਟ ਪਾਥ' ਤੇ ਬਣੇ ਚਿੱਤਰ ਵਲ ਵੇਖੀ ਜਾ ਰਿਹਾ ਸਾਂ—ਬੇ-ਬਸੀ ਤੇ ਮਜਬੂਰੀ ਦੀ ਤਸਵੀਰ—ਇਕ ਕਲਪਨਾ ਤੋਂ ਜਨਮੀ-ਤੇ ਕਲਪਨਾ ਦਾ ਜਨਮ ਦਾਤਾ ਆਪ ਵੀ ਬੇ-ਬਸੀ ਤੇ ਲਾਚਾਰੀ ਦਾ ਪ੍ਰਤੱਖ ਰੂਪ।

(ਸ਼ੀਰਾਜ਼ਾ-ਅੰਕ 2)

ਦੀਦਾਰ ਸਿੰਘ

ਰਿਹਾਈ

ਜੇਲ੍ਹ ਤੋਂ ਨਿਕਲ ਕੇ ਅਰਜਨ ਬੱਸ-ਸਟਾਪ ਤੇ ਆ ਬੈਠਾ। ਉਹ ਬਾਰ-ਬਾਰ ਆਪਣੇ ਕਪੜਿਆਂ ਵੱਲ ਤੱਕ ਰਿਹਾ ਸੀ ਕਿ ਅੱਜ ਉਹ ਆਪਣੇ ਅਸਲੀ ਕਪੜਿਆਂ ਵਿਚ ਕਿਹੋ ਜਿਹਾ ਲੱਗ ਰਿਹਾ ਏ। ਉਹ ਕਿਸੇ ਵਡੇ ਸ਼ੀਸ਼ੇ ਅੱਗੇ ਖਲੋਕੇ ਆਪਣਾ ਪੂਰਾ ਅਕਸ ਵੇਖਣਾ ਚਾਹੁੰਦਾ ਸੀ। ਇਹ ਉਹਦੇ ਆਪਣੇ ਅਸਲੀ ਕਪੜੇ ਸਨ। ਪਰ ਕੀ ਉਹ ਉਹਦੇ ਅਸਲੀ ਕਪੜੇ ਨਹੀਂ ਸਨ ਜਿਹੜੇ ਉਹ ਪਿਛਲੇ ਨੌ ਵਰ੍ਹਿਆਂ ਤੋਂ ਜੇਲ੍ਹ ਵਿਚ ਪਾਉਂਦਾ ਆਇਆ ਸੀ ? ਚਿੱਟੇ ਮੋਟੇ ਖੱਦਰ ਦਾ ਕੁਰਤਾ ਤੇ ਪਜਾਮਾਂ, ਤੇ ਖੱਦਰ ਦੀ ਪੱਗ ਵਿਚ ਨੀਲੇ ਧਾਗੇ ਦੀਆਂ ਲਾਈਨਾਂ ਪਿਛਲੇ ਨੌ ਵਰ੍ਹਿਆਂ ਤੋਂ ਉਹਦਾ ਇਹੋ ਪਹਿਰਾਵਾ ਰਿਹਾ ਹੈ। ਅੱਜ ਉਹਨੂੰ ਨਵੇਂ ਕਪੜੇ ਓਪਰੇ ਲੱਗ ਰਹੇ ਸਨ—ਜਿਵੇਂ ਕੋਈ ਗਲਤੀ ਨਾਲ ਕਿਸੇ ਹੋਰ ਦੇ ਕਪੜੇ ਪਾ ਲਏ।

ਇਹ ਬੱਸ ਸਟਾਪ ਵੀ ਅਜ ਉਹਨੇ ਪਹਿਲੀ ਵਾਰ ਤਕਿਆ ਸੀ। ਨੌ ਸਾਲ ਪਹਿਲਾਂ ਸ਼ਹਿਰ ਵਿਚ ਕਈ ਟੁਟੇ-ਭੱਜੇ ਜਿਹੇ ਅੱਡੇ ਸਨ। ਪਰ ਪਿਛਲੇ ਦੋ ਵਰ੍ਹਿਆਂ ਤੋਂ ਰੋਡਵੇਜ਼ ਵਲੋਂ ਇਹ ਨਵਾਂ ਸਟਾਪ ਬਣਾਇਆ ਗਿਆ ਸੀ। ਨੌ ਵਰ੍ਹਿਆਂ ਵਿਚ ਕਿੰਨਾ ਕੁਝ ਬਦਲ ਗਿਆ ਸੀ ਇਹ ਅਰਜਨ ਨੇ ਪਹਿਲੀ ਵਾਰ ਮਹਿਸੂਸ ਕੀਤਾ—ਜਦ ਉਹਨੇ ਨੌ ਵਰ੍ਹਿਆਂ ਤੋਂ ਬਾਦ ਅੱਜ ਪਹਿਲੀ ਵਾਰ, ਜੇਲ੍ਹ ਤੋਂ ਬਾਹਰ ਕਦਮ ਰਖਿਆ। ਉਹ ਹਰ ਜੀ ਨੂੰ ਬੜੀ ਗਹੁ ਨਾਲ ਤਕਦਾ ਜਾ ਰਿਹਾ ਸੀ ਜਿਵੇਂ ਕੋਈ ਅਜਨਬੀ ਕਿਸੇ ਨਵੇਂ ਸ਼ਹਿਰ ਵਿਚ ਆ ਗਿਆ ਹੋਵੇ। ਉਹ ਇਸੇ ਸ਼ਹਿਰ ਵਿਚ ਰਹਿੰਦਾ ਹੋਇਆ ਵੀ ਇਸ ਤੋਂ ਅਜਨਬੀ ਹੀ ਰਿਹਾ ਸੀ।

ਉਹਨੇ ਇਕ ਵਾਰ ਫੇਰ ਪਿੱਛੇ ਜੇਲ੍ਹ ਵਲ ਝਾਤੀ ਮਾਰੀ, ਜਿੱਥੇ ਕੁਲ ਉਹਦਾ ਸਭ ਕੁਛ ਸੀ ਪਰ ਅੱਜ ਉਹਦਾ ਕੁਝ ਵੀ ਨਹੀਂ ਸੀ ? ਨਹੀਂ ! ਇਹ ਗਲ ਉਹਦੀ ਆਤਮਾ ਨਹੀਂ ਸੀ ਮੰਨ ਰਹੀ। ਜ਼ਿੰਦਗੀ ਦਾ ਏਨਾਂ ਅਰਸਾ ਜਿਸ ਥਾਂ ਗੁਜ਼ਾਰਿਆ ਹੋਵੇ ਉਥੇ ਕੁਝ ਵੀ ਨਹੀਂ ਕਿਵੇਂ ਹੋ ਸਕਦਾ ਏ। ਆਦਮੀ ਇਕ ਸਾਲ ਯਾ ਕੁਝ ਮਹੀਨੇ ਜਿਸ ਥਾਂ ਤੇ ਰਵ੍ਹੇ ਉਹਦੇ ਨਾਲ ਵੀ ਸੰਬੰਧ

ਜੁੜ ਜਾਂਦੇ ਨੈ ਤੈ ਉਥੋਂ ਜਾਣ ਲਗਿਆ ਆਂਢੀ-ਗਵਾਂਢੀ ਕਹਿੰਦੇ ਨੇ, "ਮੁੜਕੇ ਜ਼ਰੂਰ ਫੇਰਾ ਪਾਓਣਾ, ਜਦੋਂ ਵੀ ਆਓ ਮਿਲਕੇ ਜਾਣਾ।" ਪਰ ਜੇਲ੍ਹ ਤੋਂ ਤੁਰਨ ਲੱਗਿਆਂ ਅਰਜਨ ਨੂੰ ਕਿਸੇ ਨਹੀਂ ਕਿਹਾ ਕਿ ਮੁੜਕੇ ਜ਼ਰੂਰ ਆਉਣਾ। ਉਹਦੇ ਜੇਲ੍ਹ ਵਿਚ ਬਣੇ ਜਿਗਰੀ ਦੋਸਤ ਜ਼ੈਲੇ ਨੇ ਵੀ ਉਹਨੂੰ ਮੁੜਕੇ ਆਉਣ ਵਾਸਤੇ ਨਹੀਂ ਸੀ ਕਿਹਾ। ਡਿਪਟੀ ਸੁਪਰਿਟੈਨਡੈਂਟ ਨੇ ਵੀ ਇਹੋ ਕਿਹਾ ਸੀ, "ਵੇਖ ਅਰਜਨਾਂ, ਹੁਣ ਚੰਗਾ ਸ਼ਹਿਰੀ ਬਣਕੇ ਵਿਖਾਈਂ ਤੇ ਭੁਲਕੇ ਕੋਈ ਐਸੀ ਹਰਕਤ ਨਾ ਕਰੀਂ ਜਿਹਦੇ ਨਾਲ ਤੇਰੇ ਕਦਮ ਫੇਰ ਇਸ ਜੇਲ੍ਹ ਵਿਚ ਪੈਣ।"

ਅਰਜਨ ਨੇ ਅਗੋਂ ਉਤਰ ਕੋਈ ਨਹੀਂ ਦਿਤਾ—ਪਰ ਉਹਦੇ ਮਨ ਵਿਚ ਇਕ ਦਮ ਕਈ ਸਵਾਲ ਉਠ ਖੜੇ ਹੋਏ ਸਨ। "ਚੰਗਾ ਸ਼ਹਿਰੀ! ਕਿਹਨੂੰ ਕਹਿੰਦੇ ਨੇ ਚੰਗਾ ਸ਼ਹਿਰੀ? ਉਹਨੂੰ ਇਸ ਲਫ਼ਜ਼ ਦੇ ਅਰਥ ਵਿਚ ਸ਼ੱਕ ਹੋਣ ਲੱਗਾ ਸੀ। ਉਹ ਨਜ਼ਰਾਂ ਚੁਰਾ ਕੇ ਡਿਪਟੀ ਵਲ ਤਕਦਾ ਰਿਹਾ ਤੇ ਉਹਦਾ ਮਨ 'ਚੰਗੇ ਸ਼ਹਿਰੀ' ਦਾ ਅਰਥ ਢੂੰਡਦਾ ਰਿਹਾ। ਉਹ ਪੁਛਣਾ ਚਾਹੁੰਦਾ ਸੀ, "ਮੈਂ ਚੰਗਾ ਸ਼ਹਿਰੀ ਹੁਣ ਕਿਥੋਂ ਰਿਹਾ ਹਾਂ? ਹੁਣ ਤੇ ਮੈਂ ਸਜ਼ਾਯਾਫ਼ਤਾ ਹਾਂ—ਖ਼ੂਨ ਦੇ ਜੁਰਮ ਵਿਚ ਨੌ ਸਾਲ ਦੀ ਕੈਦ ਭੁਗਤ ਚੁਕਾ ਹਾਂ ਮੇਰੀ ਜਿੰਦਗੀ ਤਬਾਹ ਹੋ ਚੁਕੀ ਏ—ਮੇਰਾ ਘਰ ਲੁੱਟ ਚੁਕਿਆ ਏ—ਹੁਣ ਮੇਰਾ ਜੁਰਮ ਅਤੇ ਮੇਰੀ ਸਜ਼ਾ ਹੀ ਮੇਰੀ ਪਛਾਣ ਬਣਕੇ ਰਹਿ ਗਈ ਏ। ਜਦੋਂ ਮੈਂ ਚੰਗਾ ਸ਼ਹਿਰੀ ਸਾਂ ਤਾਂ ਮੈਨੂੰ ਕਾਨੂੰਨ ਦੀਆਂ ਨਜ਼ਰਾਂ ਵਿਚ ਚੰਗੇ ਸ਼ਹਿਰੀਆਂ ਨੇ ਚੰਗੇ ਸ਼ਹਿਰੀਆਂ ਵਾਂਗੂੰ ਜੀਣ ਨਹੀਂ ਸੀ ਦਿੱਤਾ। ਮੇਰੀ ਮਜਬੂਰੀਆਂ ਦਾ ਨਾਜਾਇਜ਼ ਫ਼ਾਇਦਾ ਉਠਾਇਆ, ਮੇਰੀ ਅਣਖ ਨੂੰ ਲਲਕਾਰਿਆ ਤੇ ਮੇਰੀ ਪਿਆਰੀ ਭੈਣ ਨੂੰ ਹਮੇਸ਼ਾਂ ਵਾਸਤੇ ਮੈਥੋਂ ਖੋਹ ਲਿਆ। ਮੈਂ ਚੰਗੇ ਸ਼ਹਿਰੀਆਂ ਦੇ ਏਨੇ ਵਾਰ ਝੱਲੇ ਪਰ ਮੇਰਾ ਇਕ ਵਾਰ ਉਹਨਾਂ ਤੋਂ ਨਾ ਝੱਲਿਆ ਗਿਆ ਤੇ ਮੈਨੂੰ ਫ਼ਾਂਸੀ ਤੇ ਲਟਕਾਂਦੇ ਲਟਕਾਂਦੇ ਨੌ ਸਾਲ ਵਾਸਤੇ ਜੇਲ੍ਹ ਵਿਚ ਬੰਦ ਕਰਾ ਦਿਤਾ ਕਿਉਂਕਿ ਮੈਂ ਇਕ 'ਚੰਗੇ ਸ਼ਹਿਰੀ' ਦਾ ਖ਼ੂਨ ਕੀਤਾ ਸੀ।"

ਪਰ ਅਰਜਨ ਨੇ ਕੁਝ ਵੀ ਨਹੀਂ ਪੁਛਿਆ। ਅੱਜ ਉਹ ਰਿਹਾਈ ਨਹੀਂ ਸੀ ਚਾਹੁੰਦਾ-ਉਹ ਕੈਦ ਚਾਹੁੰਦਾ ਸੀ ਜਦੋਂ ਤਕ ਉਹਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਮਰ ਨਹੀਂ ਸੀ ਜਾਂਦਾ ਤੇ ਹਰ ਜ਼ਯਾਦਤੀ ਨੂੰ ਸਹਿਣਾ ਉਹਦੀ ਆਦਤ ਨਹੀਂ ਸੀ ਬਣ ਜਾਂਦੀ। ਆਪਣੀਆਂ ਇਨ੍ਹਾਂ ਕਮੀਆਂ ਕਾਰਣ ਹੀ ਉਹਨੂੰ ਨੌ ਸਾਲ ਦੀ ਕੈਦ ਕੱਟਣੀ ਪਈ ਤੇ ਕਈ ਵਾਰ ਬਾਕੀ ਕੈਦੀਆਂ ਦੀਆਂ ਨਜ਼ਰਾਂ ਵਿਚ ਵੀ ਗੱਦਾਰ ਬਣਿਆ ਜਦੋਂ ਉਹਨੇ ਕੈਦੀਆਂ ਦੀ ਹੜਤਾਲ ਵਿਚ ਸਾਥ ਨਹੀਂ ਸੀ ਦਿੱਤਾ।

ਉਹਨੂੰ ਜੇਲ੍ਹ ਦੇ ਮਾਹੌਲ ਨਾਲ ਇਕ ਖ਼ਾਸ ਕਿਸਮ ਦਾ ਲਗਾਵ ਹੋ ਗਿਆ ਸੀ। ਉਹ ਜੇਲ੍ਹ ਦੀ ਇੱਟ-ਇੱਟ ਤੋਂ ਵਾਕਿਫ ਸੀ, ਸਾਰੇ ਕੈਦੀਆਂ ਤੋਂ ਵਾਕਿਫ਼ ਸੀ ਤੇ ਸਿਪਾਹੀਆਂ ਤੋਂ ਵਾਕਫ਼ ਸੀ। ਉਹਦੇ ਹੁੰਦਿਆਂ ਏਥੇ ਕਈ ਸਿਪਾਹੀ ਬਦਲੇ ਤੇ ਕਈ ਡਿਪਟੀ ਬਦਲੇ। ਉਹਨੂੰ ਪਤਾ ਸੀ ਕਿਹੜੇ ਸਿਪਾਹੀ ਦੇ ਘਰ ਕਿੰਨੇ ਬੱਚੇ ਨੇ ਤੇ ਕਿਹੜੇ ਦਾ ਵਿਆਹ ਨਹੀਂ ਹੋਇਆ, ਕਿਹੜੇ ਦੀ ਆਪਣੀ ਵਹੁਟੀ ਨਾਲ ਨਹੀਂ ਬਣਦੀ ਤੇ ਕਿਹੜੇ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਏ। ਉਹਨੂੰ ਇਹ ਵੀ ਪਤਾ ਸੀ ਕਿ ਡਿਪਟੀ ਸਾਹਿਬ ਦੇ ਕਵਾਟਰ ਵਿਚ ਕਿੰਨੇ ਕਮਰੇ ਨੇ ਤੇ ਕਵਾਟਰ ਦੇ ਆਲੇ-ਦੁਆਲੇ ਕਾਹਦੇ ਬੂਟੇ ਲੱਗੇ ਨੇ। ਉਨ੍ਹਾਂ ਵਿਚੋਂ ਕਈ ਬੂਟੇ ਉਹਦੇ ਹੀ ਹੱਥਾਂ ਦੇ ਲੱਗੇ ਹੋਏ ਸਨ। ਉਹਦੇ ਹੱਥਾਂ ਦੇ ਲੱਗੇ ਗੁਲਾਬ ਤੇ ਮੋਤੀਆ ਕਦੋਂ ਦੇ ਫੁਲ ਦੇਣੇ ਸ਼ੁਰੂ ਹੋ ਗਏ ਸਨ। ਲਕਾਠ ਤੇ ਅਮਰੂਦ ਦੇ

ਬੂਟੇ ਵੀ ਕਈ ਫਲ ਦੇ ਚੁਕੇ ਸਨ। ਅੰਗੂਰਾਂ ਦੀ ਬੇਲ ਨੇ ਕਾਫ਼ੀ ਥਾਂ ਘੇਰ ਲਈ ਸੀ। ਹੋਰ ਤੇ ਹੋਰ ਡਿਪਟੀ ਸਾਹਿਬ ਦੀ ਮੱਝ ਵੀ ਅਰਜਨ ਨੂੰ ਵੇਖਕੇ ਸਿਰ ਹਿਲਾਉਣ ਲਗ ਪੈਂਦੀ ਸੀ। ਡਿਪਟੀ ਸਾਹਿਬ ਨੂੰ ਉਹ ਭਾਵੇਂ ਪਿਛਲੇ ਢਾਈ ਸਾਲ ਤੋਂ ਹੀ ਜਾਣਦਾ ਸੀ ਪਰ ਡਿਪਟੀ ਸਾਹਿਬ ਦੇ ਕਵਾਟਰ ਵਿਚ ਉਹਨੇ ਹੋਰ ਵੀ ਤਿੰਨ ਡਿਪਟੀਆਂ ਦੀ ਸੇਵਾ ਕੀਤੀ ਸੀ।

ਉਹਨੇ ਵਾਰੀ-ਵਾਰੀ ਸਾਰੇ ਸਿਪਾਹੀਆਂ ਦੀ ਵਗਾਰ ਕੀਤੀ ਸੀ। ਕਿਸੇ ਨਾਲ ਬਗੀਚੇ ਵਿਚ ਲਗਿਆ, ਕਿਸੇ ਸਿਪਾਹੀ ਦੇ ਘਰ ਰੋਜ਼ ਸਬਜ਼ੀ ਪੁਚਾਈ ਸੀ। ਕਿਸੇ ਦੀ ਬਕਰੀ ਵਾਸਤੇ ਪੱਤੇ ਤੇ ਕਿਸੇ ਦੀ ਗਾਂ ਵਾਸਤੇ ਪੱਠੇ ਲਿਆਂਦੇ ਸਨ। ਉਹਨੂੰ ਇਹ ਸਭ ਕੁਝ ਕਰਕੇ ਬਹੁਤ ਖੁਸ਼ੀ ਹਾਸਲ ਹੁੰਦੀ ਸੀ। ਉਹਨੂੰ ਸਿਪਾਹੀਆਂ ਦੇ ਬੱਚੇ "ਚਾਚਾ", ਸਾਰੇ ਸਿਪਾਹੀ ਤੇ ਡਿਪਟੀ ਸਾਹਿਬ 'ਅਰਜਨ', ਅਤੇ ਕੈਦੀ 'ਲੰਬੜ' ਕਹਿ ਕੇ ਬੁਲਾਉਂਦੇ ਸਨ। ਬਗੀਚੇ ਵਿਚ ਉਹ ਕਦੀ ਬਚਿਆਂ ਨੂੰ ਸ਼ਤੂਤ ਲਾਹ ਕੇ ਦੇਂਦਾ ਕਦੀ ਜਾਮਨੂੰ ਤੋੜ ਕੇ ਦੇਂਦਾ।

ਭਾਵੇਂ ਉਹਦਾ ਕਦੀ ਕੋਈ ਮੁਲਾਕਾਤੀ ਨਹੀਂ ਸੀ ਆਇਆ ਤੇ ਨਾ ਹੀ ਕਿਸੇ ਨੇ ਉਹਨੂੰ ਕੋਈ ਸੌਗਾਤ ਘੱਲੀ ਸੀ, ਪਰ ਉਹਦੇ ਜਾਣੂਆਂ—ਪਛਾਣੂਆਂ ਦੇ ਮੁਲਾਕਾਤੀ ਆਉਣ ਤੇ ਉਹਨੂੰ ਖੁਸ਼ੀ ਹੁੰਦੀ। ਇਕ ਵਾਰਾਂ ਜਦੋਂ ਜ਼ੈਲੇ ਵਾਸਤੇ ਘਰੋਂ ਕੇਲੇ ਤੇ ਸੰਤਰੇ ਆਏ ਤੇ ਉਨ੍ਹਾਂ ਵਿਚੋਂ ਕੁਝ ਦਰਬਾਣ ਨੇ ਰੱਖ ਲਏ ਤਾਂ ਅਰਜਨ ਨੂੰ ਦਰਬਾਣ ਤੇ ਬਹੁਤ ਗੁੱਸਾ ਆਇਆ। ਉਹ ਕੈਦੀਆਂ ਵਾਸਤੇ ਆਈ ਸੌਗਾਤ ਵਿਚੋਂ ਦਰਬਾਨ ਦੀ ਪੱਤੀ ਦੇ ਬਹੁਤ ਬਹੁਤ ਖਿਲਾਫ਼ ਸੀ।

ਅਰਜਨ ਅਰਥ-ਭਰੀਆਂ ਨਜ਼ਰਾਂ ਨਾਲ ਡਿਪਟੀ ਵਲ ਤਕਦਾ ਰਿਹਾ। ਅਜ ਡਿਪਟੀ ਦੀ ਆਵਾਜ਼ ਵਿਚ ਰੁਅਬ ਨਹੀਂ ਸੀ ਸਗੋਂ ਹਲੀਮੀ ਅਤੇ ਕੁਝ ਗੰਭੀਰਤਾ ਸੀ। ਕੁਝ ਇਨਸਾਨੀ ਰਿਸ਼ਤੇ ਐਸੇ ਵੀ ਹੁੰਦੇ ਨੇ ਜੋ ਮੁਜਰਿਮ ਅਤੇ ਮੁਹੱਰਮ ਦਾ ਫਰਕ ਨਹੀਂ ਵੇਖਦੇ-ਜਾਤ ਦਾ ਭੇਦ ਨਹੀਂ ਮੰਨਦੇ ਤੇ ਅਫ਼ਸਰ ਮਾਤਹਿਤ ਦੀ ਤਮੀਜ਼ ਨਹੀਂ ਕਰਦੇ, ਇਨ੍ਹਾਂ ਰਿਸ਼ਤਿਆਂ ਦਾ ਸਿੱਧਾ ਸਬੰਧ ਸਿਰਫ ਦਿਲਾਂ ਨਾਲ ਤੇ ਦਿਲਾਂ ਰਾਹੀਂ ਹੁੰਦਾ ਹੈ। ਕੁਝ ਐਸਾ ਹੀ ਰਿਸ਼ਤਾ ਡਿਪਟੀ ਅਤੇ ਅਰਜਨ ਵਿਚਕਾਰ ਵੀ ਸੀ। ਡਿਪਟੀ ਅਰਜਨ ਨੂੰ ਰਿਹਾ ਕਰਕੇ ਰਾਜ਼ੀ ਨਹੀਂ ਸੀ-ਤੇ ਅਰਜਨ ਰਿਹਾ ਹੋ ਕੇ ਰਾਜ਼ੀ ਨਹੀਂ ਸੀ। ਦੋ ਮਨੁਖਾਂ ਦੇ ਇਸ ਦਿਲੀ ਰਿਸ਼ਤੇ ਵਿਚਕਾਰ ਕਾਨੂੰਨ ਖੜਾ ਸੀ ਜਿਹੜਾ ਅਰਜਨ ਦੀ ਰਿਹਾਈ ਮੰਗ ਰਿਹਾ ਸੀ। ਕਾਨੂੰਨ ਜੇ ਉਸ ਵੇਲੇ ਇਕ ਇਨਸਾਨ ਦੇ ਰੂਪ ਵਿਚ ਹਾਜ਼ਰ ਹੁੰਦਾ ਤਾਂ ਜ਼ਰੂਰ ਦੋਹਾਂ ਦੀ ਅਪੀਲ ਸੁਣ ਲੈਂਦਾ।

ਡਿਪਟੀ ਵਾਸਤੇ ਹੋਰ ਵੀ ਕੈਦੀ ਸਨ ਪਰ ਅਰਜਨ ਵਾਸਤੇ ਜੇਲ੍ਹ ਤੋਂ ਬਾਹਰ ਕੁਝ ਵੀ ਨਹੀਂ ਸੀ। ਪਿਛਲੇ ਨੌ ਵਰ੍ਹਿਆਂ ਤੋਂ ਉਹਨੇ ਜੇਲ੍ਹ ਨੂੰ ਹੀ ਆਪਣੀ ਦੁਨੀਆਂ ਸਮਝਿਆ ਸੀ। ਅਜ ਉਹਨੂੰ ਉਸਦੀ ਦੁਨੀਆਂ ਵਿਚੋਂ ਕਾਨੂੰਨ ਦੀ ਲਾਠੀ ਨਾਲ ਧੱਕਾ ਦਿਤਾ ਜਾ ਰਿਹਾ ਸੀ।

ਉਹਨੇ ਪਹਿਲਾਂ ਸੋਚਿਆ ਹੀ ਨਹੀਂ ਸੀ ਕਿ ਉਹਨੂੰ ਕੈਦੀਆਂ ਅਤੇ ਕਰਮਚਾਰੀਆਂ ਦਾ ਨਿਘਾ ਪਿਆਰਾ ਅਤੇ ਸਤਿਕਾਰ ਛੱਡ ਕੇ ਜਾਣਾ ਪਵੇਗਾ। ਮਨੁਖ ਕਿਤੇ ਜਾਕੇ ਪਹਿਲਾਂ ਵੱਧ ਤੋਂ ਵੱਧ ਹਾਸਲ ਕਰਨ ਵਾਸਤੇ ਹੱਥ-ਪੱਲਾ ਮਾਰਦਾ ਹੈ-ਇਧਰ-ਉਧਰ ਪਿਆਰ ਤੇ ਦੋਸਤੀ ਦੀਆਂ ਤਾਣੀਆਂ ਤਣਦਾ ਏ-ਫੇਰ ਇਸ ਤਾਣੀ ਵਿਚ ਆਪ ਫੱਸ ਜਾਂਦਾ ਏ ਤੇ ਉਹਦੇ ਵਾਸਤੇ ਮੋਹ-ਜਾਲ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਏ। ਜਿਸ ਜਾਲ ਨੂੰ ਅਰਜਨ ਨੌ ਵਰ੍ਹੇ ਬੁਣਦਾ ਰਿਹਾ-ਅਜ

ਉਹਨੂੰ ਇਕ-ਦਮ ਕਿਵੇਂ ਛੱਡ ਦੇਵੇ। ਅਜ ਉਹਨੂੰ ਆਪਣੀ ਭਲਾਮਾਣਸੀ ਤੇ ਨੇਕੀ ਤੈ ਗੁੱਸਾਂ ਆਇਆ। ਕੈਲਾ ਆਪਣੀ ਮੂਲ ਮਜ਼ਾ ਤੋਂ ਕਿਤੇ ਵੱਧ ਕੈਦ ਕਟ ਚੁਕਿਆ ਸੀ ਤੇ ਹਾਲਾਂ ਰਿਹਾ ਨਹੀਂ ਸੀ ਹੋਇਆ। ਕਿਉਂਕਿ ਉਹਨੇ ਕਈ ਵਾਰਾਂ ਜੇਲ੍ਹ ਵਿਚੋਂ ਨੱਸਣ ਦੀ ਕੋਸ਼ਿਸ਼ ਕੀਤੀ ਸੀ। ਰੁਲਦੂ ਜੇਲ੍ਹ ਵਿਚ ਫਸਾਦ ਕਰਨ ਦੇ ਜੁਰਮ ਦੀ ਕੈਦ ਕਟ ਰਿਹਾ ਸੀ ਤੇ ਨਸੀਰਾ ਚਾਰ ਵਾਰਾਂ ਰਿਹਾ ਹੋ ਕੇ ਵੀ ਫੇਰ ਆ ਗਿਆ ਸੀ। ਅਜ ਅਰਜਨ ਨੂੰ ਖ਼ਿਆਲ ਆਇਆ ਕਿ ਮੈਂ ਕਿਉਂ ਨਾ ਇਹੋ ਜਿਹਾ ਕੋਈ ਕੰਮ ਕੀਤਾ। "ਜੇ ਮੈਂ ਵੀ ਨੱਠਣ ਦੀ ਕੋਸ਼ਿਸ਼ ਕਰਦਾ ਤਾਂ ਮੇਰੀ ਵੀ ਸਜ਼ਾ ਵੱਧ ਜਾਂਦੀ" ਉਹਨੂੰ ਖ਼ਿਆਲ ਆਇਆ। "ਮੇਰੀ ਤਾਂ ਇਕ ਸਾਲ ਦੀ ਸਜ਼ਾ ਘਟ ਗਈ। ਡਿਪਟੀ ਸਾਹਿਬ ਨੇ ਮੇਰੇ ਤੇ ਮਿਹਰਬਾਨੀ ਕਰਕੇ ਮੈਨੂੰ ਘਾਟੇ ਵਿਚ ਰਖਿਆ!

ਡਿਪਟੀ ਸਾਹਿਬ ਦੀਆਂ ਨਜ਼ਰਾਂ ਕਹਿ ਰਹੀਆਂ ਸਨ, "ਯਾਰ ਤੂੰ ਆਦਮੀ ਤਾਂ ਚੰਗਾ ਏਂ ਪਤਾ ਨਹੀਂ ਬਦਕਿਸਮਤੀ ਨਾਲ ਮੁਜਰਿਮ ਕਿਵੇਂ ਬਣ ਗਿਆ ਏਂ"।

ਅਰਜਨ ਦੀਆਂ ਅਖਾਂ ਨੇ ਉਤਰ ਦਿਤਾ, "ਡਿਪਟੀ ਸਾਹਿਬ ਤੁਹਾਡੇ ਨਾਲ ਮੁਲਾਕਤ ਵੀ ਹੋਈ ਤੇ ਇੱਥੇ-ਜਿੱਥੇ ਮੁੜਕੇ ਆਉਣਾ ਸਰਾਪ ਸਮਝ੍ਹਿਆ ਜਾਂਦਾ ਏ। ਕਾਸ਼ ਕਿ ਅਸੀਂ ਹੋਰ ਕਿਤੇ, ਤੇ ਹੋਰ ਹੈਸੀਯਤ ਵਿਚ ਮਿਲੇ ਹੁੰਦੇ-ਮੈਂ ਮੁਜਰਿਮ ਤੇ ਕੈਦੀ ਨਾਂ ਹੁੰਦਾ, ਤੁਸੀਂ ਡਿਪਟੀ ਨਾ ਹੁੰਦੇ।"

ਕੋਈ ਕੈਦ ਹੋ ਕੇ ਸਜ਼ਾ ਭੁਗਤਦੇ ਨੇ-ਕੋਈ ਕੈਦ ਤੋਂ ਰਿਹਾ ਹੋਕੇ। ਅਰਜਨ ਨੂੰ ਇਵੇਂ ਲਗਾ ਕਿ ਉਹਦੀ ਸਜ਼ਾ ਅਜ ਤੋਂ ਸ਼ੁਰੂ ਹੋਈ ਏ। ਡਿਪਟੀ ਸਾਹਿਬ ਤੋਂ ਰੁਖ਼ਸਤ ਹੋਣ ਲਗਿਆਂ ਉਹ ਮੁੜ-ਮੁੜਕੇ ਡਿਪਟੀ ਵਲ ਤਕਦਾ ਰਿਹਾ, ਤੇ ਡਿਪਟੀ ਦੀਆਂ ਨਜ਼ਰਾਂ ਉਹਦਾ ਗੇਟ ਤਕ ਪਿੱਛਾ ਕਰਦੀਆਂ ਰਹੀਆਂ। ਦੋਹਾਂ ਦੀਆਂ ਅੱਖਾਂ ਖੁਸ਼ਕ ਸਨ ਪਰ ਦੋਹਾਂ ਦੀਆਂ ਅੱਖਾਂ ਵਿਚ ਕਈ ਹੰਝੂਆਂ ਦੀ ਪੁਕਾਰ ਸੀ।

ਉਸ ਤੋਂ ਪਹਿਲੇ ਦਿਨ ਉਹ ਸਿਪਾਹੀਆਂ ਦੇ ਘਰਾਂ ਵਿਚ ਸਾਰਿਆਂ ਨੂੰ ਮਿਲਕੇ ਆਇਆ ਸੀ ਤੇ ਸਾਰਿਆਂ ਦੀਆਂ ਅਸੀਸਾਂ ਦੀ ਪੰਡ ਉਹਨੇ ਬੰਨ੍ਹ ਲਈ ਸੀ। ਉਹਦੀ ਰਿਹਾਈ ਤੇ ਸਾਰੇ ਕੈਦੀਆਂ ਉਸਨੂੰ ਵਧਾਈ ਦਿਤੀ-ਪਰ ਉਸ ਵਧਾਈ ਪਿਛੇ ਖੁਸ਼ੀ ਦੀ ਥਾਂ ਵਿਛੋੜੇ ਦੀ ਕਸਕ ਦਾ ਮੁਲੱਮਾਂ ਚੜ੍ਹਿਆ ਸੀ। ਇਹ ਮੁਲੱਮਾ ਕੈਦੀਆਂ ਤੋਂ ਇਲਾਵਾ ਡਿਪਟੀ ਤੋਂ ਲੈਕੇ ਸਿਪਾਹੀਆਂ ਦੇ ਬੱਚਿਆਂ ਵਿਚ ਵੀ ਸੀ।

ਉਹਨੂੰ ਕੈਲੇ ਨੇ ਕਿਹਾ ਸੀ, "ਯਾਰ ਅਸੀਂ ਤਾਂ ਨਮਾਸ਼ ਬਖਸ਼ਾਣ ਜਾਨੈ ਆਂ ਤੇ ਰੋਜ਼ੇ ਗਲ ਪੈ ਜਾਂਦੇ ਨੇ ਤੇ ਤੂੰ ਉਮਰ ਕੈਦ ਵੀ ਕੱਟ ਲਈ।"

ਕਿੰਨਿਆਂ ਨੇ ਰਿਹਾ ਹੋਣ ਤੇ ਮਿਲਣ ਨੂੰ ਕਿਹਾ ਸੀ-ਕਈਆਂ ਨੇ ਉਹਨੂੰ ਆਪਣੇ ਪਤੇ ਠਿਕਾਣੇ ਦਸੇ ਸਨ ਤੇ ਕੁਝਨਾਂ ਨੇ ਆਪਣੇ ਘਰ ਵਾਸਤੇ ਸੁਖ-ਸੁਨੇਹੇ ਵੀ ਘੱਲੇ। ਜਦੋਂ ਉਹ ਫਾਂਸੀ ਵਾਲੀ ਕੋਠੜੀ ਕੋਲੋਂ ਲੰਘਿਆ ਸੀ ਤਾਂ ਅੰਦਰੋਂ ਮਾਧੋ ਨੇ ਕਿਹਾ ਸੀ," "ਅਲਵਿਦਾ ਲੰਬੜਾ! ਹੁਣ ਅਸੀਂ ਕਦੀ ਵੀ ਨਹੀਂ ਮਿਲ ਸਕਾਂਗੇ। ਅਜ ਸਾਡੀ ਆਖਰੀ ਮੁਲਾਕਾਤ ਏ। ਬਸ ਫੰਦਾ ਤਿਆਰ ਸਾਨੂੰ ਉਡੀਕਦਾ ਏ" ਤੇ ਉਹਦੀਆਂ ਅੱਖੀਆਂ 'ਚ ਹੰਝੂ ਉਤਰ ਆਏ, ਗਲਾ ਭਰ ਗਿਆ ਤੇ ਅੱਗੋਂ ਉਸ ਤੋਂ ਬੋਲਿਆ ਨਾ ਗਿਆ।

"ਰੱਬ ਤੇ ਭਰੋਸਾ ਰੱਖ ਮਾਧੋ, ਜ਼ਿੰਦਗੀ ਤੇ ਮੌਤ ਉਸੇ ਦੇ ਹੱਥ ਏ" ਅਗੋਂ ਅਰਜਨ ਨੇ ਕਿਹਾ ਸੀ। ਉਹਨੂੰ ਪਤਾ ਸੀ ਕਿ ਉਹ ਭਾਵੇਂ ਜੇਲ੍ਹ ਦੀ ਹਰ ਚੀਜ਼ ਭੁੱਲ ਜਾਏ ਪਰ ਮਾਧੋ ਦੀਆਂ ਜ਼ਿੰਦਗੀ ਵਾਸਤੇ ਤਰਸਦੀਆਂ ਅਖੀਆਂ ਨੂੰ ਨਹੀਂ ਭੁੱਲ ਸਕੇਗਾ।

ਜਦੋਂ ਉਹ ਜੇਲ੍ਹ ਤੋਂ ਤੁਰਿਆ ਸੀ ਤਾਂ ਜੇਲ੍ਹ ਦੇ ਬੱਚੇ ਉਹਨੂੰ ਬਾਹਰਲੇ ਗੇਟ ਤਕ ਛਡਣ ਆਏ ਸਨ। "ਚਾਚਾ ਅਰਜਨ ਚਲਿਆ, ਚਾਚਾ ਅਰਜਨ ਚਲਿਆ" ਕਹਿਕੇ ਸਾਰੇ ਬੱਚੇ ਕੱਠੇ ਹੋ ਗਏ ਸਨ। ਡਿਪਟੀ ਸਾਹਿਬ ਦੀ ਛੋਟੀ ਬੱਚੀ ਨੇ ਪੁਛਿਆ ਸੀ, "ਚਾਚਾ ਫੇਰ ਕਦੋਂ ਆਏਂਗਾ ? ਚਾਚਾ ਮੈਂ ਕ੍ਰਿਦੇ ਨਾਲ ਖੇਡਾਂਗੀ ?

ਅਰਜਨ ਨੇ ਬੱਚੀ ਨੂੰ ਹਿਕ ਨਾਲ ਘੁਟਕੇ ਕਿਹਾ ਸੀ, "ਬੇਬੀ ਮੈਂ ਛੇਤੀ ਹੀ ਆਜਾਗਾਂ।"

ਜਿਸ ਥਾਂ ਨਾਲ ਉਹਦੇ ਏਨੇ ਗੂਹੜੇ ਸਬੰਧ ਪਏ ਸਨ, ਉਹ ਥਾਂ ਅਜ ਉਸ ਤੋਂ ਬੇਗਾਨਾ ਹੋ ਗਈ ਸੀ। ਜ਼ਿੰਦਗੀ ਦਾ ਇਕ ਵੱਡਾ ਅਧਿਆਇ ਸਮਾਪਤ ਹੋ ਗਿਆ ਸੀ। ਉਹਨੇ ਇਕ ਵਾਰ ਹਸਰਤ ਭਰੀ ਨਿਗਾਹ ਨਾਲ ਜੇਲ੍ਹ ਵਲ ਤਕਿਆ, ਕਵਾਟਰਾਂ ਵਲ ਤਕਿਆ-ਆਪਣੇ ਹੱਥੀਂ ਲਾਏ ਬੂਟਿਆਂ ਵਲ ਤਕਿਆ, ਜਿਹੜੇ ਉਹਨੇ ਰੀਝਾਂ ਨਾਲ ਪਾਲੇ ਸਨ-ਤੇ ਫੇਰ ਸਾਰਿਆਂ ਬੱਚਿਆਂ ਵੱਲ ਤਕਿਆ ਅਤੇ ਅੱਡੇ ਤੇ ਆ ਗਿਆ।

ਉਹ ਕਿੰਨੀ ਦੇਰ ਬੱਸ-ਸਟਾਪ ਤੇ ਬੈਠਾ ਵੇਖਦਾ ਰਿਹਾ ਕਿ ਕੋਈ ਉਹਦਾ ਵਾਕਫ ਮਿਲ ਜਾਏ-ਪਰ ਉਹਨੂੰ ਕੋਈ ਨਹੀਂ ਸੀ ਜਾਣਦਾ। ਯਾ ਉਹ ਕਿਸੇ ਨੂੰ ਨਹੀਂ ਸੀ ਜਾਣਦਾ। ਹਾਲਾਂ ਇਹ ਵੀ ਸ਼ੁਕਰ ਕਿ ਲੋਕਾਂ ਨੂੰ ਪਤਾ ਨਹੀਂ ਸੀ ਕਿ ਉਹ ਸਜ਼ਾ ਯਾਫ਼ਤਾ ਰੇ ਖ਼ੂਨੀ ਹੈ, ਨਹੀਂ ਤਾਂ ਲੋਕ ਸ਼ਾਇਦ ਉਹਦੇ ਕੋਲੋਂ ਖੋਫ਼ ਖਾਕੇ ਉਹਦੇ ਨੇੜੇ ਹੀ ਨਾ ਢੁਕਦੇ ! ਇਸ ਵੇਲੇ ਉਹ ਏਡੀ ਭੀੜ ਵਿਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਿਹਾ ਸੀ। ਤੱਦੇ ਹੀ ਬਾਰ-ਬਾਰ ਉਹਦਾ ਧਿਆਨ ਜੇਲ੍ਹ ਵਲ ਜਾ ਰਿਹਾ ਸੀ। ਜੇ ਉਥੇ ਉਹ ਇਸ ਤਰ੍ਹਾਂ ਬੈਠਾ ਹੁੰਦਾ ਤਾ ਹੁਣ ਨੂੰ ਕਈਆਂ ਨੇ ਆ ਘੇਰਿਆ ਹੋਣਾ ਸੀ। ਹੁਣ ਨੂੰ ਕਈਆਂ ਨੇ ਹਾਲ ਪੁੱਛ ਜਾਣਾ ਸੀ ਯਾ ਕੋਈ ਮਸ਼ਕਰੀ ਕਰ ਜਾਣੀ ਸੀ ਪਰ ਇਥੇ ਤਾਂ ਕੋਈ ਬਲਾਉਂਦਾ (ਨ) ਹੀਂ ਸੀ। ਜੇਲ੍ਹ ਵੱਲ ਪਰਤ ਕੇ ਜਾਣ ਦੀ ਤੜਪ ਹੋਰ ਵੱਧ ਗਈ-ਪਿਛਲੀਆਂ ਯਾਦਾਂ ਵਾਜਾਂ ਮਾਰਨ ਲਗ ਪਈਆਂ-ਅੱਖਾਂ ਬੰਦ ਕਰਨ ਤੇ ਵੀ ਜੇਲ੍ਹ ਦਾ ਮਾਹੌਲ ਸਾਹਮਣੇ ਆ ਰਿਹਾ ਸੀ।

ਉਹ ਉਠਿਆ, ਇਕ ਹੌਕਾ ਭਰਿਆਂ ਤੇ ਇਕ ਬੱਸ ਤੇ ਚੜ੍ਹ ਗਿਆ-ਲੇਕਿਨ ਉਹਨੂੰ ਕੋਈ ਖਿਆਲ ਨਹੀਂ ਸੀ ਕਿ ਉਹ ਕਿਧਰ ਜਾ ਰਿਹਾ ਏ ?

(ਸ਼ੀਰਜ਼ਾ-ਅੰਕ-3)

ਖਾਲਿਦ ਹੁਸੈਨ

ਦਿਲ ਦੀਆਂ ਗਲੀਆਂ

ਹੁਸੈਨੀ ਵਾਲਾ ਕਸਟਮ ਚੌਕੀ ਤੇ ਜ਼ਰੂਰੀ ਕਾਗਜ਼ਾਂ ਅਤੇ ਸਮਾਨ ਦੀ ਜਾਂਚ ਪੜਤਾਲ ਕਰਨ ਮਗਰੋਂ ਬਾਬੇ ਨੂੰ ਪਾਰ ਜਾਣ ਦੀ ਇਜਾਜ਼ਤ ਮਿਲ ਗਈ। ਕਸਟਮ ਦੇ ਗੇਟ ਲੰਘਣ ਮਗਰੋਂ ਉਹਨੂੰ ਮੈਂ ਬਸ ਵਿਚ ਬੈਠੇ ਪਾਕਿਸਤਾਨ ਦੀ ਧਰਤੀ ਵਲ ਵਧਦਿਆਂ ਵੇਖ ਰਿਹਾ ਸਾ। ਪੰਜਾਬ ਰੋਡਵੇਜ਼ ਦੀ ਇਹ ਬਸ ਉਹਨੂੰ ਗੰਡਾ ਸਿੰਘ ਵਾਲਾ ਦੀ ਕਸਟਮ ਚੌਕੀ ਵਲ ਲੈ ਜ ਰਹੀ ਸੀ। ਪਚਾਸੀਆਂ ਵਰ੍ਹਿਆਂ ਦੇ ਬੁਢੇ ਦੇ ਮੂੰਹ ਦੀਆਂ ਝੁਰੜੀਆਂ ਖਿੜੀਆਂ ਹੋਈਆਂ ਸਨ। ਮੁਰਦਾ ਅੱਖਾਂ ਵਿੱਚ ਤੂਰ ਬੱਲ ਰਿਹਾ ਸੀ। ਬੁਢੇ ਦਿਲ ਵਿਚ ਈਦ ਦੀ ਰੌਣਕ ਸੀ। ਉਹ ਬੜਾ ਖ਼ੁਸ਼ ਸੀ। ਕਿਉਂ ਨਾ ਹੋਵੇ। ਅੱਜ ਪੰਝੀਆਂ ਵਰ੍ਹਿਆਂ ਬਾਦ ਉਸਦੀਆਂ ਮੁਰਾਦਾਂ ਪੂਰੀਆਂ ਹੋਈਆਂ ਸਨ। ਅੱਜ ਯਕੂਬ ਨੂੰ ਉਸਦੇ ਯੁਸਫ਼ ਮਿਲਣ ਵਾਲੇ ਸਨ। ਅੱਜ ਬਾਬਾ ਆਪਣੇ ਪੁਤਰਾਂ ਧੀਆਂ, ਪੋਤਰਿਆਂ-ਪੋਤਰਾਂਆਂ ਦੋਤਰਿਆਂ ਦੋਤਰੀਆਂ ਨੂੰ ਸਿਲਣ ਜਾ ਰਿਹਾ ਸੀ।

ਸੰਨ ਸੰਤਾਲੀ ਦੇ ਰੌਲੇ ਵਿਚ ਬਾਬੇ ਦਾ ਸਾਰਾ ਇਆਲ ਪਾਰ ਟੱਪ ਗਿਆ ਸੀ। ਉਨ੍ਹਾਂ ਬਾਬੇ ਨੂੰ ਵੀ ਪਾਕਿਸਤਾਨ ਚੱਲਣ ਲਈ ਬਥੇਰਾ ਜ਼ੋਰ ਪਾਇਆ। ਪਰ ਬਾਬਾ ਨਹੀਂ ਮੰਨਿਆ। ਉਹ ਆਪਣਾ ਘਰ ਬੂਹਾ ਛੱਡਣ ਲਈ ਤਿਆਰ ਨਹੀਂ ਸੀ—ਉਹ ਆਪਣੇ ਘਰ ਵਿਚ ਇਕੱਲਾ ਰਹਿ ਗਿਆ। ਉਸ ਘ ਰ ਵਿਚ ਜਿਥੇ ਸਭ ਤੋਂ ਪਹਿਲਾਂ ਮੌਲਵੀ ਨੇ ਉਸਦੇ ਕੰਨ ਵਿਚ ਬਾਂਗ ਕਹੀ ਸੀ। ਜਿਸਦੇ ਵਿਹੜੇ ਅਤੇ ਨਾਲ ਮਿਲਦੀ ਗਲੀਆਂ ਵਿਚ ਖੇਡਦਿਆਂ ਉਹ ਜਵਾਨ ਹੋਇਆ। ਅਤੇ ਘੋੜੀ ਚੜ੍ਹ ਕੇ ਗਿਆਤੇ ਡੋਲੀ ਲੈ ਕੇ ਆਇਆ। ਉਹਨੇ ਇਸੇ ਵਿਹੜੇ ਵਿਚ ਬੱਚਿਆਂ ਦਾ ਰੌਣਕ ਮੇਲਾ ਤਕਿਆ। ਉਹ ਕਿੰਝ ਛੱਡਕੇ ਜਾਂਦਾ। ਉਸ ਘਰ ਨੂੰ ਜਿਥੇ ਉਸਦੇਬਚਪਨ ਜਵਾਨੀ ਅਤੇ ਬੁਢਾਪੈ ਦਾ ਖਜ਼ਾਨਾ ਬਿਖਰਿਆ ਪਿਆ ਹੋਇਆ ਸੀ।

ਟੱਬਰ ਦੇ ਤੁਰ ਜਾ ਕਾਰਨ ਉਹ ਸ਼ੁਰੂ ਸ਼ੁਰੂ ਵਿਚ ਤਾਂ ਬੜਾ ਉਦਾਸ ਰਿਹਾ। ਪਰ ਫੇਰ ਉਸਦਾ ਦਿਲ ਲਗ ਗਿਆ.....ਪੁਰਾਣੀਆਂ ਯਾਦਾ ਨਾਲ .....ਘਰ ਦੀਆਂ ਦੀਵਾਰਾ ਨਾਲ ਅਤੇ.....ਉਨ੍ਹਾਂ ਦੀਵਾਰਾਂ ਵਿਚ ਰ ਹੰਦੇ ਨਵੇਂ ਲੋਕਾਂ ਨਾਲ.....ਜਿਹੜੇ ਬਾਬੇ ਤੇ

ਕਰ ਏਦਾਰ ਸਨ.....।

ਬਾਬਾ ਮੈਨੂੰ ਬੜਾ ਪਿਆਰ ਕਰਦੇ। ਬਾਲ-ਬੱਚੇ ਜਾਣ ਮਗਰੋਂ ਉਹਨੂੰ ਪਹਿਲੀ ਖੁਸ਼ੀ ਮੈਥੋਂ ਹੀ ਮਿਲੀ। ਬਾਬੇ ਨੇ ਆਪ ਆਪਣੇ ਹੱਥੀਂ ਮੇਰੀ ਝੰਡ ਕਰਾਈ। ਮੇਰੀਆਂ ਸੁੰਨਤਾ ਕਰਾਈਆਂ। ਉਹ ਸਾਰਾ ਸਾਰਾ ਦਿਨ ਮੈਨੂੰ ਚੁਕੀ ਫਿਰਦਾ। ਨਮਾਜ਼ ਪੜ੍ਹਦਿਆਂ ਜਾਂ ਤਲਾਵਤ ਕਰਦਿਆਂ ਮੈਂ ਬਾਬੇ ਦੀ ਕੁਛੜ ਜਾ ਬਹਿੰਦਾ। ਉਹਦੀ ਨਮਾਜ ਤੋੜ ਛੱਡਦਾ। ਉਸਦੇ ਕਪੜੇ ਨਾਪਾਕ ਕਰ ਦੇਂਦਾ—ਪਰ ਬਾਬੇ ਦੇ ਮੱਥੇ ਤੇ ਤੀਊੜੀ ਨਹੀਂ ਸੀ ਚੜ੍ਹਦੀ। ਉਸਦਾ ਮੂੰਹ ਖਿੜਿਆ ਹੀ ਰਹਿੰਦਾ। ਬਾਬੇ ਦੀ ਕੁੱਛੜ ਵਿਚ ਖੇਡਦਿਆਂ ਹੀ ਮੇਰੇ ਦੁੱਧ ਦੇ ਦੰਦ ਡਿੱਗੇ। ਮੈਂ ਦੁਨਿਆਦਾਰੀ ਵਿਚ ਪੈਰ ਪਾਇਆ। ਅਤੇ ਅੱਜ ਬਾਬੇ ਨੂੰ ਛੱਡਣ ਬਾਰਡਰ ਤੀਕ ਆਇਆ ਹਾਂ। ਚਿੱਠੀ ਪਤਰੋਂ ਪਤਾ ਚਲਦਾ ਹੈ ਕਿ ਬਾਬੇ ਦਾ ਇਆਲ ਚੰਗਾ ਵਸਦਾ ਰਸਦ ਹੈ। ਇਕ ਪੁੱਤਰ 'ਪਿੰਡੀ' ਵਿਚ ਠੇਕੇਦਾਰੀ ਕਰਦਾ ਹੈ। ਕੁਝ ਦਿਨ ਪਹਿਲਾਂ ਉਸਦੀ ਚਿੱਠੀ ਆਈ ਸੀ। ਜਿਸ ਵਿਚ ਲਿਖਿਆ ਹੋਇਆ ਸੀ ਕਿ ਉਸਨੇ ਆਪਣੀ ਤ੍ਰੋਠੀ ਆਰੀਯਾ ਮਹੱਲੇ ਵਿਚ ਬਣਾਈ ਹੈ। ਬਾਬੇ ਦਾ ਦੂਜਾ ਪੁੱਤਰ ਉਥੇ ਮਿਲਟਰੀ ਵਿਚ ਕਰਨਲ ਹੈ। ਉਹ ਸਿਆਲਕੋਟ ਵਿਚ ਪੂਰਨ ਨਗਰ ਮਹੱਲੇ ਵਿਚ ਰਹਿੰਦਾ ਹੈ। ਬਾਬੇ ਦੀ ਇਕ ਧੀ ਆਪਣੇ ਘਰ ਵਾਲੇ ਨਾਲ ਵਲਾਇਤ ਰਹਿੰਦੀ ਹੈ। ਕਦੀਂ ਕਦੀਂ ਬਾਬਾ ਬੜੇ ਸ਼ੌਕ ਨਾਲ ਮੈਨੂੰ ਉਹਨਾਂ ਸਾਰਿਆ ਦੀਆਂ ਗੱਲਾਂ ਸੁਣਾਂਦਾ—ਪਰ ਪਿਛਲੇ ਦੋ ਚਾਰ ਵਰ੍ਹਿਆਂ ਤੋਂ ਬਾਬਾ ਕੁਝ ਚੁੱਪ ਚੁੱਪ ਹੀ ਰਹਿਣ ਲਗਾ ਸੀ। ਉਹ ਠੰਡੀਆਂ ਸੂੰਕਾਂ ਭਰਦਾ ਰਹਿੰਦਾ। ਇਕ ਦਿਨ ਉਹ ਮੈਨੂੰ ਕਹਿਣ ਲਗਾ—'ਪੁੱਤਰ! ਪਤਾ ਨਹੀਂ ਕਿਹੜੀ ਘੜੀ ਦਾ ਮਹਿਮਾਨ ਹਾਂ। ਮੌਤ ਤੇ ਬਰ-ਹੱਕ ਹੈ। ਪਰ ਮਰਨ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ ਮਿਲਣ ਦੀ ਹਸਰਤ ਹੀ ਰਹਿ ਜਾਣੀ ਹੈ। ਇਨ੍ਹਾਂ ਭੈੜਿਆਂ ਸਿਆਸਤਦਾਨਾਂ ਮੁਲਕ ਦਾ ਬੇੜਾ ਹੀ ਗਰਕ ਕਰ ਦਿਤਾ ਹੈ। ਇਕ ਜ਼ਮਾਨਾ ਸੀ, ਜਿਥੇ ਦਿਲ ਕਰਦਾ, ਜਾਂਦੇ ਹੁੰਦੇ ਸਾਂ। ਨਾ ਕੋਈ ਦੇਸ਼-ਵਿਰੋਧੀ ਸੀ ਅਤੇ ਨਾਂਹ ਹੀ ਕੋਈ ਕੌਮ-ਪ੍ਰਸਤ। ਸਾਰੇ ਹਿੰਦੋਸਤਾਨੀ ਸਨ। ਪਰ ਆਜ਼ਾਦੀ ਕੀ ਮਿਲੀ? ਹਰ ਪਾਸੇ ਤਬਾਹੀ ਮੱਚੀ। ਦੇਸ਼ ਦੀ ਵੰਡ ਤਾਂ ਹੋ ਗਈ, ਪਰ ਦਿਲਾਂ ਦੀ ਵੰਡ ਨਾਂਹ ਹੋ ਸਕੀ। ਇਕ ਧਰਤੀ ਦੇ ਨਾਂ.....ਆਖਰ ਕਿਉਂ.....? ਯਾ ਰੱਬ ਸੱਚੇ। ਅੱਜ ਫੇਰ ਕੋਈ ਵੱਲੀ ਅਵਤਾਰ ਭੇਜ, ਜਿਹੜਾ ਸਾਨੂੰ ਇਕ ਕਰ ਦੇਹ। ਕਾਸ਼। ਪੁੱਤਰ ਇਕ ਵਾਰੀ ਆਪਣੇ ਬਾਲ-ਬੱਚਿਆਂ ਨੂੰ ਮਿਲ ਲੈਂਦਾ। ਪਰ ਸ਼ਾਇਦ ਮੇਰੀ ਕਿਸਮਤ ਵਿਚ ਨਹੀਂ ਲਿਖਿਆ .....!'

ਤੇ ਫੇਰ ਮੈਂ ਬਾਬੇ ਦੀ ਹਸਰਤ ਪੂਰੀ ਕਰਨ ਲਈ ਯਤਨ ਕਰਨ ਲੱਗਾ। ਇਕ ਸਾਲ ਦੀ ਕੋਸ਼ਿਸ਼ ਨਾਲ ਬਾਬੇ ਦਾ ਪਾਸਪੋਰਟ ਬਣ ਗਿਆ ਅਤੇ ਉਹਨੂੰ ਪਾਕਿਸਤਾਨ ਜਾਣ ਲਈ ਤਿੰਨ ਮਹੀਨੇ ਦਾ ਵੀਜ਼ਾ ਮਿਲ ਗਿਆ।

ਬਾਬੇ ਨੂੰ ਛੱਡਣ ਮਗਰੋਂ ਦੂਜੇ ਦਿਨ ਮੈਂ ਘਰ ਵਾਪਸ ਪੁਜ ਗਿਆ। ਅਤੇ ਦੁਨਿਆਂ ਦਾਰੀ ਦੇ ਕੰਮਾਂ ਵਿਚ ਜੁਟ ਗਿਆ! ਵਿਸਾਖੀ ਆਈ, ਦੀਵਾਲੀ ਆਈ, ਈਦ ਆਈ, ਪਰ ਬਾਬਾ ਨਹੀਂ ਆਇਆ। ਅਤੇ ਨਾ ਹੀ ਉਸਦੀ ਕੋਈ ਚਿੱਠੀ।

ਅਸੀਂ ਸਮਝੇ ਜਾਂ ਤਾਂ ਬਾਬਾ ਅੱਲਾ ਨੂੰ ਪਿਆਰਾ ਹੋ ਗਿਐ ਜਾਂ ਫੇਰ ਉਸਦੇ ਪੁੱਤਰਾਂ ਉਹਨੂੰ

ਆਉਣ ਨਹੀਂ ਦਿਤਾ । ਤੇ ਬਾਬੇ ਨੇ ਵੀ ਇਹ ਸੋਚਿਆ ਹੋਵੇਗਾ ਕਿ ਜਿੰਦਗੀ ਦੇ ਬਾਕੀ ਦਿਨ ਸੁੱਖ ਨਾਲ ਆਪਣੇ ਟੱਬਰ ਟੋਰ ਵਿਚ ਹੀ ਕਿਉਂ ਨਾ ਗੁਜਾਰੇ । ਮਰਨ ਵੇਲੇ ਪਾਣੀ ਦਾ ਘੁਟ ਹੀ ਪਿਲਾ-ਉਣਗੇ । ਦਿਨ ਗੁਜ਼ਰਦੇ ਰਹੇ । ਸਾਰੇ ਕਿਰਾਏਦਾਰ ਬੜੇ ਖੁਸ਼ ਸਨ ਕਿ ਚਲੋ ਬੁਢਾ ਤੋ ਗਿਆ...ਹੁਣ ਮਕਾਨ ਦੇ ਉਹ ਆਪ ਮਾਲਕ ਹਨ । ਹੁਣ ਨਾ ਕੋਈ ਕਰਾਇਆ ਨਾ ਪੁੱਛ ਪਰਤੀਤ । ਬਾਬੇ ਦੀ ਜਾਇ-ਦਾਦ ਹਾਸਲ ਕਰਨ ਲਈ ਉਹ ਸਾਰੇ ਬਾਬੇ ਦੇ ਰਿਸ਼ਤੇਦਾਰ ਬਣ ਗਏ ਸਨ । ਹੁਣ ਬਾਬਾ ਕਿਸੇ ਦਾ ਚਾਚਾ ਸੀ ਤੇ ਕਿਸੇ ਦਾ ਤਾਇਆ ।

ਪਰ ਅਜ...ਬਾਬੇ ਦਾ ਇਕ ਹੋਰ ਰਿਸ਼ਤੇਦਾਰ ਜਾਗ ਉਠਿਆ ਹੈ । ਇਕ ਤੀਵੀਂ ਵਿਹੜੇ ਵਿਚ ਸਵੇਰ ਦਾ ਰੇੜਕਾ ਲਾਈ ਬੈਠੀ ਹੈ । ਕਹਿੰਦੀ ਹੈ—'ਮੈਂ ਬਾਬੇ ਦੀ ਸੱਕੀ ਭੈਣ ਦੀ ਧੀ ਹਾਂ । ਇਥੇ ਉਸਦੀ ਅਸਲੀ ਵਾਰਸ ਸਿਰਫ਼ ਮੈਂ ਹੀ ਹਾਂ । ਮੇਰਾ ਮਕਾਨ ਖਾਲੀ ਕਰੋ । ਮੈਂ ਮਕਾਨ ਦੀ ਮੁਰੰਮਤ ਕਰਵਾਣੀ ਹੈ ।''

'ਪਰ ਬੀਬੀ ! ਤੇਰੇ ਕੋਲ ਕੀ ਸਬੂਤ ਹੈ ਕਿ ਤੂੰ ਉਸਦੀ ਭਾਂਣਜੀ ਹੈਂ ? ਬਾਬਾ ਸਾਡਾ ਵੀ ਤੇ ਚਾਚਾ ਲਗਦੈ । ਭਰਾ ਦੇ ਬੱਚਿਆਂ ਦਾ ਜਿਆਦਾ ਹੁੱਕ ਹੁੰਦੈ...।'

'ਮੇਰੇ ਸਾਮਾ ਜੀ ਦਾ ਕੋਈ ਭਰਾ ਨਹੀਂ ਸੀ । ਤੁਸੀਂ ਝੂਠ ਬੋਲਦੇ ਹੋ । ਹੁਣ ਮਾਮੇ ਹੋਰਾਂ ਨਹੀਂ ਆਉਣਾ । ਉਨ੍ਹਾਂ ਮੈਨੂੰ ਚਿਠੀ ਵਿਚ ਲਿਖਿਐ ਕਿ ਉਹਨਾਂ ਨੂੰ ਪਾਕਿਸਤਾਨ ਵਿਚ ਰਹਿਣ ਦੀ ਇਜਾਜ਼ਤ ਮਿਲ ਗਈ ਹੈ । ਤੁਸੀਂ ਆਪਣਾ ਬੋਰੀਆ ਬਿਸਤਰਾ ਸੰਭਾਲੋ । ਦੋ ਦਿਨਾਂ ਤੋੜੀ ਮੇਰਾ ਮਕਾਨ ਖਾਲੀ ਕਰ ਦਿਓ ।'

ਦੋਹਾਂ ਪਾਸਿਆਂ ਗਰਮਾ ਗਰਮੀ ਹੁੰਦੀ ਰਹੀ । ਆਪਣੇ ਆਪਣੇ ਹੱਕ ਲਈ ਦੋਵੇਂ ਧੜੇ ਬਹਿਸ ਦੀ ਗਰਦ 'ਤੇ ਗੁਬਾਰ 'ਚ ਡੁਬੇ ਹੋਏ ਸਨ...। ਫੇਰ ਇਕ ਪਰਛਾਵਾਂ ਮੈਨੂੰ ਆਪਣੇ ਘਰ ਵੱਲ ਆਂਦਾ ਦਿਸਿਆ । ਕਿਸੇ ਭੂਤ ਦਾ...ਨਹੀਂ ਨਹੀਂ...ਇਕ ਇਨਸਾਨ ਦਾ—। ਚਿੱਟੀ ਸਫ਼ੈਦ ਦਾੜ੍ਹੀ । ਸਿਰ ਤੇ ਚਿੱਟਾ ਸਾਫਾ । ਕੱਛ ਹੇਠ ਇਕ ਗੰਢ ਫੜੀ ਦੀ । ਹੱਥ ਵਿਚ ਸੋਟਾ ਅਤੇ ਪਿਛੇ ਇਕ ਮਜ਼ਦੂਰ.....। ਗਰਦੋ ਗੁਬਾਰ ਦੇ ਬੱਦਲ ਫਟ ਗਏ ।

'ਅਸਲਾਮਾਂ ਅਲੇਕਮ...।'

'ਉਹ ਬਾਬਾ ਆਇਆ...ਬਾਬਾ ਆਇਆ...।' ਬਚਿਆਂ ਵਿਹੜਾ ਸਿਰ ਤੇ ਚੁਕ ਲਿਆ । ਸਾਰੇ ਬਾਬੇ ਦੀ ਖੈਰ ਖੈਰੀਅਤ ਪੁਛਣ ਲਗੇ—

'ਬਾਬਾ ਜੀ ਤੁਸਾਂ ਇੰਨੀ ਦੇਰ ਕਿਉਂ ਲਾਈ...?'

'ਪੁਤਰ ! ਉਹ ਮੈਨੂੰ ਆਉਣ ਨਹੀਂ ਸਨ ਦੇਂਦੇ । ਮੈਂ ਸਾਰਿਆਂ ਨੂੰ ਨਰਾਜ਼ ਕਰਕੇ ਆਇਆਂ । ਤੁਸੀਂ ਸਾਰੇ ਠੀਕ ਹੀ ਹੋ ਨਾ । ਮਹੱਲੇ ਗਲੀ ਵਾਲੇ ਤਾਂ ਸਾਰੇ ਰਾਜ਼ੀ ਬਾਜ਼ੀ ਹਨ ਨਾਹ...?'

'ਆਹੋ ਬਾਬਾ ਜੀ.....ਸਾਰੇ ਠੀਕ-ਠਾਕ ਹਾਂ । ਤੁਸੀਂ ਉਥੇ ਠੀਕ ਚੰਗੀ ਤਰ੍ਹਾਂ ਰਹੇ ਹੋ ਨਾਂਹ.....?'

"ਹਾਂ ਪੁਤਰ ! ਉਹ ਸਾਰੇ ਮੇਰੀ ਬੜੀ ਖਿਦਮਤ ਕਰਦੇ ਸਨ । ਸਾਰਾ ਦਿਨ ਮੈਨੂੰ ਮੋਟਰ ਵਿਚ ਸੈਰ ਕਰਾਂਦੇ ਰਹਿੰਦੇ ਸਨ । ਤੁਸੀਂ ਸੁਣ ਓ ! ਮਿਸਤਰੀ ਕਰਮਦੀਨ ਦਾ ਕੀ ਹਾਲ ਹੈ ? ਮਾਸਟਰ ਰਾਮ ਲਾਲ ਦੀ ਧੀ ਦਾ ਵਿਆਹ ਹੋ ਗਿਆ ਸੀ ? ਸ਼ਰਮਾ ਜੀ ਮੇਰੇ ਯਾਰ ਵੀ ਆਂਦੇ ਹੁੰਦੇ ਸਨ ।'

"ਕਦਾਂ ਕਦੀਂ ਤੁਹਾਡਾ ਪਤਾ ਪੁਛਣ ਆਂਦੇ ਸਨ । ਪਰ ਬ ਬਾ ਜੀ ਜਦ ਉਹ ਤੁਹਾਡੀ ਇੰਨੀ ਸੇਵਾ ਕਰਦੇ ਸਨ, ਫੇਰ ਤੁਸੀਂ ਉੱਥੇ ਹੀ ਕਿਉਂ ਨਹੀਂ ਰਹੇ ? ਇਥੇ ਕੀ ਲੈਣ ਆਏ.....?'

'ਇਹ ਠੀਕ ਹੈ ਪੁੱਤਰ । ਉਥੇ ਸਾਰੇ ਮੇਰੇ ਆਪਣੇ ਸਨ । ਉਹ ਮੇਰੀ ਬਹੁਤ ਖਿਦਮਤ ਕਰਦੇ ਸਨ । ਮੈਨੂੰ ਬਹੁਤ ਚਾਹੁੰਦੇ ਸਨ । ਪਰ ਤੁਸੀਂ ਨਹੀਂ ਜਾਣਦੇ ਪੁੱਤਰ.....!! ਉਥੇ ਮੈਨੂੰ ਆਪਣਾ ਮਾਹੌਲ ਨਹੀਂ ਮਿਲਿਆ । ਉਸ ਮਿੱਟੀ ਵਿਚੋਂ ਮੈਨੂੰ ਆਪਣੇ ਮਾਪਿਆਂ ਦੀ ਰੂਹ ਨਹੀਂ ਲੱਭੀ। ਮੈਨੂੰ ਆਪਣੀ ਮਾਂ ਦੀਆਂ ਸੂਲਾਂ ਸੁਣਾਈ ਨਹੀਂ ਦਿਤੀਆਂ । ਨਾ ਯਾਰ ਬੇਲੀਆਂ ਦੇ ਹਾਸੇ-ਗੜਾਕੇ । ਨਾ ਖੁੰਦਕ ਨ ਝਗੜੇ—ਮੇਰਾਂ ਦਿਲ ਨਹੀਂ ਲਗਿਆ ਉਥੇ । ਮੈਨੂੰ ਆਪਣੇ ਘਰ ਦੀ ਯਾਦ ਸਤਾਨ ਲਗੀ । ਮੈਂ ਬੇਚੈਨ ਹੋ ਗਿਆ । ਅਤੇ ਉਥੋਂ ਚਲਾ ਆਇਆ । ਉਸ ਮਿੱਟੀ ਵਲ.....ਉਹਨਾਂ ਮਹੱਲੇ ਗਲੀਆਂ ਵਲ—ਜਿਹੜੇ ਮੇਰੇ ਆਪਣੇ ਹਨ.....ਤੇ ਬਾਬੇ ਦੀਆਂ ਅੱਖਾਂ 'ਚੋਂ ਭਾਵਨਾਂ ਵਿਚ ਡੁੱਬੇ ਦੋ ਅੱਥਰੂ ਡੁਲ੍ਹ ਪਏ ।

(ਅਮਰ ਕਹਾਣੀਆਂ ਜੂਨ 1972)

ਕੰਵਲ ਕਸ਼ਮੀਰੀ

ਵਿੱਥ

"ਤੁਸੀਂ ਨਿਤ ਪੈਂਡੇ ਤੁਰਦੇ ਅੱਕ ਜਾਉਗੇ।" ਮੈਂ ਯੂਸਮਰਗ ਦੇ ਰੈਸਟ ਹਾਊਸ ਦੇ ਵਰਾਂਡੇ ਵਿਚ ਬੈਂਤ ਦੀਆਂ ਕੁਰਸੀਆ 'ਤੇ ਬੈਠੇ ਬੈਠੇ, ਲਾਲ ਵਾਲਾਂ ਵਾਲੇ ਫ਼ਨਿਸ਼ ਸ਼ੈਲਾਨੀ ਨੂੰ ਸੰਬੋਧਨ ਕੀਤਾ ਸੀ।

ਉਸ ਸਿਰ ਹਿਲਾ ਕੇ ਵਾਲਾਂ ਵਿਚ ਉਲਝੀਆਂ ਸੂਰਜ ਦੀਆਂ ਕਿਰਨਾਂ ਨੂੰ ਇਕ ਝਟਕੇ ਨਾਲ ਖੇਰੂੰ ਫੇਰੂੰ ਕਰਦਿਆਂ, ਮੇਰੇ ਵਲ ਵੇਖਿਆ ਤੇ ਸਵੈ-ਭਰੋਸੇ ਵਲੀ ਮੁਸਕਰਾਹਟ ਨਾਲ ਉਤਰ ਦਿਤਾ, "ਕਦੀ ਨਹੀਂ, ਚਾਈਂ ਚਾਈਂ ਮੇਰੇ ਤਾਂ ਲੰਮੇ ਲੰਮੇ ਪੈਂਡੇ ਸਮਿਟ ਕੇ ਰਹਿ ਜਾਂਦੇ ਹਨ।" ਫ਼ਨਿਸ਼ ਸ਼ੈਲਾਨੀ ਨੇ ਉਸ ਕੁੜੀ ਵਲ ਇਸ਼ਾਰਾ ਕੀਤਾ ਸੀ, ਜਿਹੜੀ ਇਕ ਬੁੱਢੇ ਦਿਆਰ ਹੇਠਾਂ ਬੈਠੀ ਤਣੇ ਕਨਵਾਸ ਉਪਰ ਤਿੱਖੇ ਤਿੱਖੇ ਬੁਰਸ਼ ਛੋਹਾਂ ਨਾਲ ਡੁਬਦੇ ਸੂਰਜ ਦਾ ਚਿਤਰ ਉਗਾੜ ਰਹੀ ਸੀ। ਉਹ ਮੁਸਕਰਾਂਦਾ ਹੋਇਆ ਪੌੜੀਆਂ ਉਤਰਿਆ ਤੇ ਜਾਂਦਾ ਜਾਂਦਾ ਬੋਲਿਆ, "ਕੁਝ ਸਮਝਿਆ ਏਂ ?" ਫਿਰ ਉਸ ਚਿਤਰਕਾਰ ਮੁਟਿਆਰ ਕੋਲ ਜਾ ਕੇ ਖਲੋ ਗਿਆ। ਤੇ ਮੈਂ ਉਸ ਦੀ ਆਖੀ ਗੱਲ ਤੇ ਸੋਚਦਾ ਰਿਹਾ ਕਿ ਉਤਸ਼ਾਹ ਉਪਜਾਈ ਰੱਖਣ ਲਈ ਕਿਹੜੀ ਸ਼ੈਅ ਦੀ ਲੋੜ ਹੁੰਦੀ ਹੈ। "ਮੈਂ ਕੀ ਸਮਝਿਆ ?"

ਬਸ ਤੁਰਨ ਵਿਚ ਹਾਲੀ ਅਧਾ ਘੰਟਾ ਬਾਕੀ ਸੀ। ਮੈਂ ਅੰਦਰ ਵੜਦਿਆਂ ਹੀ ਸੀਟ 'ਤੇ ਬੈਠੇ ਜਾਣੇ ਪਛਾਣੇ ਬੰਦੇ ਨੂੰ ਪੁਛਿਆ, "ਇਹ ਸੀਟ ਲਗੀ ਹੈ ?" ਉਸ ਧੋਣ ਚੁਕ ਕੇ ਮੇਰੇ ਵਲ ਵੇਖਿਆ ਤੇ ਸ਼ਾਇਦ ਨਿਤ ਦੇ ਜਾਣੇ ਪਛਾਣੇ ਚਿਹਰੇ ਹੋਣ ਕਾਰਨ ਉਸ ਦਾ ਲਿਹਾਜ਼ ਕਰਦਿਆਂ ਬੋਲਿਆ, "ਨਹੀਂ" ਤੇ ਮੈਂ ਉਸ ਨਾਲ ਹੀ ਉਥੇ ਬਹਿ ਜਾਂਦਾ ਹਾਂ।

".....ਮੇਰੇ ਪੈਂਡੇ ਸਮਿਟ ਕੇ ਰਹਿ ਜਾਂਦੇ ਹਨ।" ਉਸ ਫਨਿਸ਼ ਸੈਲਾਨੀ ਦੀ ਆਖੀ ਗੱਲ ਜਦ ਮੈਨੂੰ ਯਾਦ ਆਈ ਤਾਂ ਮੈਂ, ਪਿਛਾਂ ਮੁੜ ਕੇ ਭਰ ਗਈ ਬਸ ਵਲ ਤਕਿਆ। ਸਵਾਰੀਆਂ ਬਸ ਦੇ ਤੁਰਨ ਲਈ ਕਾਹਲੀਆਂ ਪਈਆਂ ਹੋਈਆਂ ਸਨ।

'ਖਾਕ ਸਮਿਟ ਕੇ ਰਹਿ ਜਾਂਦੇ ਹਨ, ਇਹ ਪੈਂਡੇ' ਪਤਾ ਨਹੀਂ ਮੇਰੇ ਅੰਦਰੋਂ ਕਿਹੜੀ ਆਵਾਜ਼ ਸਿਰ ਚੜ੍ਹ ਕੇ ਬੋਲਦੀ ਹੈ, 'ਗਲਤ, ਫਜ਼ੂਲ ਸਿਹੀ ਗਲ। ਇਹ ਨਿਤ ਦਾ ਪੰਜੀ ਦੂਨੇ ਪੰਜਾਹ ਮੀਲ ਦਾ ਬਸ ਸਫਰ ਇਤਨਾ ਥੱਕਾ ਦੇਣ ਵਾਲਾ ਹੁੰਦਾ ਹੈ ਕਿ ਸ਼ਾਮੀਂ ਘਰ ਪੁਜਦਿਆਂ ਇੰਝ ਲਗਦਾ ਹੈ ਜਿਵੇਂ ਮੈਂ ਕਈ ਮੰਜ਼ਲਾਂ ਮਾਰ ਕੇ ਆਇਆ ਹੋਵਾਂ—ਪਰ ਇਹ ਥਕਾਉਟ ਕਿਉਂ ? ਕਦੀ ਕਦੀ ਸੋਚਦਾ ਹਾਂ ਸ਼ਾਇਦ ਦਫ਼ਤਰ ਵਿਖੇ ਬਹੁਤਾ ਦਫ਼ਤਰੀ ਕੰਮ ਰਹਿੰਦਾ ਹੈ ਤੇ ਮਾਨਸਕ ਥਕਾਉਟ ਸਰੀਰਕ ਥਕਾਉਟ ਨਾਲੋਂ ਵੀ ਬਹੁਤੀ ਹੁੰਦੀ ਹੈ। ਤੇ ਇਹ ਜਾਣਦਿਆਂ ਹੋਇਆਂ ਵੀ ਮੈਂ ਦਫਤਰ ਕੰਮ ਕਰਨ ਲਗਿਆਂ ਸੋਚਦਾ ਹਾਂ ਕਿ ਕਿਤਨਾ ਕੁ ਥੱਕ ਗਿਆ ਹਾਂ—ਪਰ ਸੱਚੀ ਮੁਚੀ ਉਕਣ ਮੈਂ ਥਕਿਆ ਨਹੀਂ ਹੁੰਦਾ। ਬਸ ਚੜਨ ਲਗਿਆਂ ਅਨੁਭਵ ਹੁੰਦਾ ਹੈ—ਨਵੀਂ ਗੱਲ ਕੁਝ ਵੀ ਨਹੀਂ। ਬਸ ਵਿਚ ਬੈਠੇ ਮੁਸਾਫ਼ਰ ਜਾਣੇ ਪਛਾਣੇ, ਤੇ ਉਹਨਾਂ ਦੀਆਂ ਸੀਟਾਂ ਜਾਣੀਆਂ ਪਛਾਣੀਆਂ। ਡਰਾਈਵਰ ਪਿਛੇ ਉਹ ਤਿੰਨੋ ਮੁਟਿਆਰਾਂ, ਫਰੰਟ ਸੀਟ 'ਤੇ ਤਸੀਲਦਾਰ ਜਾਂ ਕਦੀ ਕਦੀ ਡਾਕਟਰ ਬੈਠਾ ਹੁੰਦਾ ਹੈ ਤੇ ਪਿਛੇ ਇਹ ਕਲਰਕ ਤੇ ਅਧਿਆਪਕ ਸਦਾ ਝੱਖ ਝੱਖ ਲਾਈ ਰਖਦੇ ਹਨ, ਤੇ ਸਾਰਾ ਵਾਤਾਵਰਨ ਨਿਰਾ ਥਕਾ ਦੇਣ ਵਾਲਾ ਹੀ ਤਾਂ ਹੈ।

ਬਸ ਤੋਂ ਬਾਹਿਰ ਉਹ ਹੀ ਅੱਡਾ, ਅੱਡੇ ਦੀ ਧੂੜ, ਡਰਾਇਵਰਾਂ ਕਲੀਨਰਾਂ ਦੀਆਂ ਟੋਲੀਆਂ ਤੇ ਧੜਕ ਮੁੜਕ-ਹੱਥ-ਪਲਾਸੀ-ਉੱਚੀ ਉੱਚੀ ਬੋਲਣਾ ਤੇ ਫਿਰ ਤੁਰਦੀ ਬਸ ਦੇ ਦੋਵੇਂ ਪਾਸੇ ਉਹੋ ਹੀ ਸਫੈਦਿਆਂ ਦੀਆਂ ਕਤਾਰਾਂ, ਹੋਤਰਾਂ ਦੇ ਬੰਨ੍ਹੇ ਤੇ ਪਾਣੀ ਦੇ ਛਪੜ-ਨਵੀਂ ਗੱਲ ਕੀ ਹੈ—ਕੁਝ ਵੀ ਨਹੀਂ ਬਸ ਇਸ ਕਾਰਨ ਇਹ ਥਕ ਉਟ ਥਕਾਉਟ ਰਹਿੰਦੀ ਹੈ ਤੇ ਇਸੇ ਕਾਰਨ ਇਹ ਸਾਰਾ ਸਫਰ ਬਹੁਤ ਲੰਮਾ ਦਿਸਦਾ ਰਹਿੰਦਾ ਹੈ—ਬਸ ਚੜ੍ਹਨ ਲਗਿਆਂ ਜੀਅ ਕਾਹਲਾ ਪੈਣ ਲਗਦਾ ਹੈ।

ਦੂਰ ਖਲੋਤੇ ਪਹਾੜਾਂ ਤੋਂ ਲੈ ਕੇ ਮੇਰੇ ਨਾਲ ਬੈਠੇ ਮੁਸਾਫਰ ਤਕ ਕੀ ਨਵਾਂ ਹੈ ? ਕੁਝ ਵੀ ਨਹੀਂ। ਹਾਂ ਕਦੀ ਇਹਨਾਂ ਮੁਟਿਆਰਾਂ ਦੇ ਚਿਹਰਿਆਂ ਤੋਂ ਕੁਝ ਨਵੇਂ ਨਵੇਂ ਦੀ ਝਲਕ ਪੈਂਦੀ ਦਿਸਦੀ ਹੈ ਬਾਕੀ ਸਭ ਕੁਝ ਉਹ ਹੀ ਪਿਟਿਆ ਪਟਾਇਆ ਖੋਸੜਾ ਪੁਰਾਣਾ।

ਮੇਰੇ ਹੱਥ ਵਿਚ ਥਮਿਆ ਪਿਤਲ ਦਾ ਟਿਫਨ ਕੈਰੀਅਰ, ਪੀਲਾ ਤੇ ਅਤਿ ਮੈਲਾ ਲਗਦਾ ਹੈ ਤੇ ਕਈਆਂ ਦੇ ਹੱਥਾਂ ਵਿਚ ਭਾਵੇਂ ਸਟੀਲ ਦੇ ਡਬੇ ਹਨ ਪਰ ਉਹ ਵੀ ਟੀਨ ਤੋਂ ਵਧ ਕੁਝ ਨਹੀਂ ਜਾਪਦੇ—ਪਤਾ ਨਹੀਂ ਇਹ ਡੱਬੇ ਇਤਨੇ ਮਹਿੰਗੇ ਖਰੀਦਣ ਦੀ ਕੀ ਲੋੜ ਹੁੰਦੀ ਹੈ।

ਪਰ ਅੱਜ ਫਰੰਟ ਸੀਟ 'ਤੇ ਕੌਣ ਬੈਠੀ ਹੈ—ਬਸ 'ਤੇ ਚੜਦਿਆਂ ਹੀ ਮੇਰੀ ਨਜ਼ਰ ਉਸ ਉਤੇ ਪੈਂਦੀ ਹੈ ਤੇ ਮੈਂ ਸਜੇ ਖੱਬੇ ਵੇਖੇ ਬਿਨਾਂ ਉਸ ਪਿਛੇ ਖਾਲੀ ਸੀਟ 'ਤੇ ਬਹਿ ਗਿਆ ਸਾਂ। ਹਾਸੇ ਨਾਲ ਬਸ ਗੂੰਜ ਉਠਦੀ ਹੈ।

ਤੇ ਮੁਟਿਆਰ ਨੇ ਆਪਣੇ ਹੱਥ ਦੀਆਂ ਉਂਗਲਾਂ ਨਾਲ ਸਿਰ ਓਪਰੋਂ ਸਰਕ ਗਏ ਜਾਰਜਟ ਦੇ ਚਿਟੇ ਦੁਪੱਟੇ ਨੂੰ ਛੋਹਿਆ ਹੈ ਤੇ ਮੁੜ ਆਪਣੇ ਪੱਫ ਉਪਰ ਧਰਿਆ ਹੈ। ਉਸ ਪਹਿਲਾਂ ਆਪਣੇ ਕਲਿਪਾਂ ਨੂੰ, ਆਪਣੇ ਪੱਫ ਨੂੰ ਛੋਹ ਕੇ ਪੋਲੇ ਪੋਲੇ ਹੱਥਾਂ ਨਾਲ ਵੇਖਿਆ ਸੀ।

ਤੇ ਮੈਂ ਉਸ ਦੀਆਂ ਉਂਗਲਾਂ ਉਸ ਦੇ ਹੱਥ ਦੀ ਨਜ਼ਾਕਤ ਤੇ ਨਾਜ਼ਕਤਾ ਨੂੰ ਬੜੀ ਗੌਹ

ਨਾਲ ਵੇਖਦਾ ਹਾਂ ਤੇ ਫਿਰ ਨਜ਼ਰਾਂ ਚਿੱਟੀ ਗੋਰੀ ਧੌਣ ਤੋਂ ਸਰਕ ਕੁਝ ਲੋੜਨ ਲਗਦੀਆਂ ਹਨ।

ਡਰਾਇਵਰ ਦੀਆਂ ਨਜ਼ਰਾਂ ਮੇਰੀਆਂ ਨਜ਼ਰਾਂ ਨਾਲ ਭਿੜਦੀਆਂ ਹਨ—ਉਹ ਆਪਣੇ ਸਾਹਮਣੇ ਲਗੇ ਚੱਪਾ ਕੁ ਚੌੜੇ ਸ਼ੀਸ਼ੇ 'ਚੋਂ ਮੇਰੇ ਵਲ ਵੇਖਦਾ ਹੈ—ਨਹੀਂ ਐਸਾ ਨਹੀਂ ਉਸ ਆਪਣਾ ਚਿਹਰਾ ਵੇਖਿਆ ਸੀ ਤੇ ਸਾਡੀਆਂ ਨਜ਼ਰਾਂ ਇਕ ਕੌਣ ਤੇ.....। ਉਹ ਫਿਰ ਮੁਟਿਆਰ ਵਲ ਚਿਟਦਰੀ ਨਜ਼ਰਾਂ ਨਾਲ ਵੇਖਦਾ ਵੇਖਦਾ ਮੁਸਕਰਾਣ ਲਗਦਾ ਹੈ।

ਮੁਟਿਆਰ ਆਪਣੀਆਂ ਸਡੌਲ ਬੀਣੀਆ ਤੇ ਭਰੀਆਂ ਭਰੀਆਂ ਉਂਗਲਾਂ ਵਾਲਾ ਹੱਥ ਸਹਿਜੇ ਸਹਿਜੇ ਸਿਰ ਉਪਰੋਂ ਸਰਕਾਂਦਿਆਂ, ਸੰਘਣੇ ਵਾਲਾਂ ਦੇ ਪੱਫ ਉਪਰ ਖਿਲ੍ਹਾਰ ਦਿਤਾ। ਵਾਲਾਂ ਦਾ ਕੁਪਾ, ਝਰਨੇ ਹੇਠਾਂ ਇਕੱਤਰ ਹੋਈ ਪੋਲੀ ਪੋਲੀ ਝੱਗ ਦੇ ਠੁਪੇ ਵਾਂਗ ਲਗ ਰਿਹਾ ਸੀ।

"ਇਹ ਮੁਟਿਆਰ ਕੌਣ ਹੈ?" ਮੈਂ ਸੋਚਦਾ ਹਾਂ ਤੇ ਮੇਰੇ ਅੰਦਰੋਂ ਤਨਾਓ ਘਟਦਾ ਅਨੁਭਵ ਹੁੰਦਾ ਹੈ—ਜਿਵੇਂ ਮੈਂ ਸਹਿਜੇ ਸਹਿਜੇ ਕੁਸ਼ਨ ਦੀ ਸੀਟ ਵਿਚ ਡੂੰਘਾ ਲਥਦਾ ਜਾ ਰਿਹਾ ਹੋਵਾਂ।

ਸੂਰਜ ਦੀਆਂ ਕਿਰਨਾਂ ਖਬੇ ਪਾਸਿਉਂ ਆਉਣ ਲਗਦੀਆਂ ਹਨ ਤੇ ਜਿਉਂ ਹੀ ਬਸ ਨੇ ਮੋੜ ਕਟਿਆ ਇਹ ਸਿੱਧੀਆਂ ਪੈਣ ਲਗੀਆਂ ਹਨ ਤੇ ਮੁਟਿਆਰ ਦੇ ਵਾਲਾਂ ਵਿਚ ਲਗੇ ਸਟੀਲ ਦੇ ਕਲਿਪ ਅਤੇ ਗੁੱਟ ਬੱਧੀ ਘੜੀ ਲਿਸ਼ਕਣ ਲਗ ਪੈਂਦੀ ਹੈ।

ਮੈਂ ਕਿਤਨੇ ਚਿਰ ਤੋਂ ਮੁਟਿਆਰ ਨੂੰ ਵੇਖ ਰਿਹਾ ਹਾਂ ਤੇ ਫਿਰ ਮੈਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਤੇ ਮੈਨੂੰ ਜਾਪਦਾ ਹੈ ਜਿਵੇਂ ਸਾਰੀਆਂ ਸਵਾਰੀਆਂ ਦੀਆਂ ਨਜ਼ਰਾਂ ਮੇਰੇ 'ਤੇ ਕੇਂਦਰਤ ਹੋਣ। ਮੈਂ ਪਹਿਲਾਂ ਡਰਾਇਵਰ ਪਿਛੇ ਸੀਟ 'ਤੇ ਬੈਠੀਆਂ ਮੁਟਿਆਰਾਂ ਵਲ ਦੇਖਦਾ ਹਾਂ। ਉਹ ਦਬੀਆਂ ਦਬੀਆਂ ਹਸ ਰਹੀਆਂ ਹਨ। ਉਹਨਾਂ ਨੇ ਆਪਣੀ ਹੀ ਦੁਨੀਆਂ ਉਸਾਰ ਲਈ ਸੀ ਤੇ ਉਸੇ ਵਿਚ ਗੁਆਚੀਆਂ ਹੋਈਆਂ ਸਨ—ਨਹੀਂ ਐਸੀ ਗੱਲ ਨਹੀਂ ਸੀ—ਬਾਹਿਰਲੀ ਦੁਨੀਆਂ ਦਾ ਦਬਾਓ ਫਿਰ ਵੀ ਉਹਨਾਂ ਉਪਰ ਪੈ ਰਿਹਾ ਸੀ। ਮੈਨੂੰ ਲਗਦਾ ਹੈ ਜਿਵੇਂ ਸਾਰੇ ਮੇਰੇ ਅੰਦਰ ਝਾਕ ਰਹੇ ਹੋਣ ਤੇ ਆਖ ਰਹੇ ਹੋਣ "ਚੋਰ! ਚੋਰ!!"

ਇਸ ਬਸ ਵਿਚ ਬੈਠਾ ਹਰ ਕੋਈ ਮਰਦ, ਹਰ ਕਿਸੇ ਮੁਟਿਆਰ ਕੁੜੀ ਨੂੰ ਕਿਹੜੀਆਂ ਨਜ਼ਰਾਂ ਨਾਲ ਵੇਖਦਾ ਹੈ—ਸਾਰਿਆਂ ਨੂੰ ਪਤਾ ਹੈ ਤੇ ਹਰ ਕੋਈ ਇਕ ਦੂਜੇ ਦੀਆਂ ਨਜ਼ਰਾਂ ਬਚਾ ਕੇ ਇਹਨਾਂ ਮੁਟਿਆਰਾਂ ਦੇ ਨੇੜੇ ਨੇੜੇ ਹੋਣ ਦਾ ਜਤਨ ਕਰਦਾ ਰਹਿੰਦਾ ਹੈ। ਕੋਈ ਪਹਿਲਾਂ ਆ ਕੇ ਇਸ ਸੀਟ ਦੀ ਰਾਖੀ ਕਰਦਾ ਹੈ। ਕੋਈ ਵਾਪਸੀ ਤੇ ਇਹਨਾਂ ਲਈ ਟਿਕਟ ਲੈ ਆਉਂਦਾ ਹੈ ਤੇ ਕੋਈ ਦੂਰ ਦੂਰ ਤਕ ਇਹਨਾਂ ਨਾਲ ਜਾਂਦਾ ਹੈ ਤੇ ਇਹਨਾਂ ਨੂੰ ਕੰਮ ਕਰਨ ਦੀਆਂ ਥਾਵਾਂ 'ਤੇ ਛੱਡ ਆਉਂਦੇ ਹਨ। ਇਹ ਸਭ ਕੁਝ ਹੁੰਦਾ ਹੈ ਜਿਵੇਂ ਕਿਸੇ ਨੂੰ ਪਤਾ ਨਾ ਹੋਵੇ ਪਰ ਸਾਰਿਆਂ ਨੂੰ ਪਤਾ ਹੁੰਦਾ ਹੈ ਤੇ ਇਸੇ ਲਈ ਸਵੇਰੇ ਸ਼ਾਮੀ ਬਸ ਦੇ ਦੋ ਘੰਟੇ ਇਸੇ ਖੁਸਰ ਫੁਸਰ ਵਿਚ ਲੰਘਦੇ ਹਨ—ਖੁਸਰ ਫੁਸਰ ਅਵਾਜ਼ਾਂ ਦੀ ਤੇ ਝਾਕਮ-ਝਾਕੀ ਨਜ਼ਰਾਂ ਦੀ ਪਤਲੀ ਪਤਲੀ ਪਾਣ ਟਿਚਕਰੀ ਵਾਲੀ ਇਹਨਾਂ ਉਪਰ ਚੜ੍ਹੀ ਹੁੰਦੀ ਹੈ।

ਤੇ ਮੈਂ ਬਾਹਿਰ ਨੂੰ ਵੇਖਦਾ ਹਾਂ, ਨੇੜੇ ਦੇ ਬੂਟੇ ਤਿੱਖੇ ਤਿੱਖੇ ਪਿਛੇ ਵਲ ਭਜਦੇ ਹਨ ਤੇ ਦੂਰ ਦੇ ਸਾਡੇ ਨਾਲ ਨਾਲ ਟੁਰਨ ਦਾ ਭੁਲੇਖਾ ਪਾਂਦੇ ਹਨ ਤੇ ਹੋਰ ਪਰਾਂ ਪਹਾੜ ਆਪਣੀ ਹੀ ਥਾਂ ਖਲੋਤੇ ਇਹਨਾਂ ਨੂੰ ਵੇਖਦੇ ਹਨ—ਐਸਾ ਲਗਦਾ ਹੈ ਜਿਵੇਂ ਘੇਰਨੀ ਮੇਰਨੀ ਕਰਕੇ ਜ਼ਮੀਨ 'ਦੇ ਪਿਆ ਹੋਵਾਂ ਤੇ ਇਹ ਸਭ ਕੁਝ ਮੇਰੇ ਆਲੇ ਦੁਆਲੇ ਘੁੰਮਦਾ ਹੋਵੇ ਤੇ ਘੁੰਮਦਿਆਂ ਘੁਮਦਿਆਂ ਮੇਰੇ ਅੰਦਰੋਂ ਸਭ ਕੁਝ ਖਾਲੀ ਖਾਲੀ ਹੋ ਜਾਂਦਾ ਹੈ—ਇਸ ਗੱਲ ਦਾ ਤੋਖਲਾ ਵਧ ਗਿਆ ਪ੍ਰਤੀਤ ਹੁੰਦਾ ਹੈ। ਤੇ ਫਿਰ ਮੈਂ ਅੱਖਾਂ ਬੰਦ ਕਰਕੇ ਅੰਦਰ ਵਲ ਝਾਕਦਾ ਹਾਂ।

ਪਤਾ ਨਹੀ ਕਿਉਂ ਯਾਦ ਆਉਂਦਾ ਹੈ ਕਿ ਮੈਂ ਸਾਹਮਣੇ ਬੈਠੀ ਮੁਟਿਆਰ ਨੂੰ ਵੇਖਣਾ ਚਾਹਿਆ ਸੀ ਤੇ ਫਿਰ ਮੇਰੇ ਖਿਆਲ ਕਿਉਂ ਖਿੰਡ ਗਏ ਸਨ।

ਮੈਂ ਆਪਣੀਆਂ ਨਜ਼ਰਾਂ ਉਸੇ ਮੁਟਿਆਰ ਦੀ ਪਿਠ 'ਤੇ ਵਾਲਾਂ 'ਤੇ ਕੇਂਦਰਤ ਕਰ ਦੇਂਦਾ ਹਾਂ ਤੇ ਚਾਹੁਣ ਲਗਦਾ ਹਾਂ ਕਿ ਇਹ ਸਜੇ ਖਬੇ ਤੇ ਮੈਂ ਉਸ ਦੇ ਚਿਹਰੇ ਨੂੰ ਵੇਖ ਸਕਾਂ ਉਸ ਦਾ ਪਰੋਫ਼ਾਇਲ ਹੀ ਸਹੀ।

ਪਰੋਫਾਇਲ-ਪਰੋਫਾਇਲ ਤਾਂ ਅਧੂਰਾ ਹੁੰਦਾ ਹੈ ਤੇ ਅਸਲ ਤੋਂ ਚੰਗਾ ਚੰਗਾ ਲਗਦਾ ਹੈ। ਅੱਜ ਤਾਂ ਸਾਰੇ ਲੋਕਾਂ ਦੇ ਦੋ ਪੱਖ ਦਿਸਦੇ ਹਨ ਤੇ ਹੁੰਦੇ ਹਨ ਚਾਹੇ ਉਹ ਵਾਸਤਵ ਵਿਚ ਜੀਵਨ ਹੈ ਜਾਂ ਕਿਸੇ ਦੀ ਤਸਵੀਰ—ਮੈਂ ਅੰਦਰੋਂ ਅੰਦਰ ਮਨ ਦੀ ਦੁਨੀਆਂ 'ਚੋਂ ਨਿਕਲ ਕੇ ਸਧਾਰਨ ਹੁੰਦਾ ਹਾਂ ਤੇ ਫਿਰ ਮੁਟਿਆਰ ਵਲ ਵੇਖਦਾ ਹਾਂ ਤੇ ਮੈਂ ਫਿਰ ਪੋਲੀ ਪੋਲੀ ਹੱਥ ਛੋਹ ਨਾਲ ਉਸ ਦੇ ਵਾਲਾਂ ਨੂੰ ਪਲੋਸਣ ਲਗਦਾ ਹਾਂ। ਤੇ ਇਕ ਚੈਨ ਜਿਹਾ ਆਉਂਦਾ ਹੈ—

ਉਸ ਸਮੇਂ ਇੰਝ ਮਹਿਸੂਸ ਹੁੰਦਾ ਕਿ ਮੈਂ ਕੈਦ ਹੋ ਗਿਆ ਹਾਂ—ਇਹ ਸਾਰੀਆਂ ਸਵਾਰੀਆਂ ਕੈਦ ਹੋ ਗਈਆਂ ਹਨ ਤੇ ਫਿਰ ਇਕ ਵਡੀ ਸਾਰੀ ਕੈਦ ਵਿਚ ਸਾਰੇ ਕੈਦੀ ਬੰਦ ਹਨ—ਬਸ ਦਾ ਢਾਂਚਾ ਅਤੇ ਇਸ ਤੋਂ ਵੀ ਵਡਾ ਇਕ ਹੋਰ ਢਾਂਚਾ ਜਿਸ ਵਿਚ ਸਭ ਕੁਝ ਤਸਵੀਰ ਵਾਂਗ ਮੁੜਿਆ ਹੋਇਆ ਹੈ—ਕਾਉਂਟਰ 'ਤੇ ਖਲੋਤੀ ਮੁਟਿਆਰ ਜਿਹੜੀ ਕਿਤਨੇ ਦੇਰ ਸਾਰੇ ਦੁੱਖਾਂ ਦਰਦਾਂ ਨੂੰ ਆਪਣੇ ਅੰਦਰ ਸਮੋਈ ਫਿਰ ਵੀ ਮੁਸਕਰਾਂਦੀ ਰਹਿੰਦੀ ਹੈ। ਕੋਈ ਮਰੇ ਕੋਈ ਜੀਵੇ, ਨਵੀਂ ਪੁਰਾਣੀ ਤਸਵੀਰ ਬਦਲੀ ਹੋ ਸਕਦੀ ਹੈ—ਪਰ ਇਹ ਚੁਕਾਠ ਉਂਵ ਦਾ ਉਂਵ ਰਹਿੰਦਾ ਹੈ।

ਲੰਮੀ ਸਾਰੀ ਆਹ ਭਰਦਾ ਹਾਂ...ਜੀਅ ਫਟਣ ਫਟਣ ਕਰਦਾ ਹੈ ਦਿਲ ਕਰਦਾ ਹੈ ਇਸ ਬਸ ਦੀ ਛੱਤ ਵਿਚ ਵਡਾ ਸਾਰਾ ਮੋਰਾ ਹੋ ਜਾਵੇ ਤੇ ਫਿਰ ਮੈਂ ਅਸਮਾਣ ਵਲ ਨੂੰ ਉਠ ਜਾਵਾਂ ਤੇ ਦੂਰ ਦੂਰ ਤਕ ਪਸਰੀ ਦੁਨੀਆਂ ਨੂੰ ਵੇਖਾਂ—ਪ੍ਰਾਕ੍ਰਿਤੀ ਨੂੰ ਵੇਖਾਂ ਸਾਰੇ ਜਹਾਨ ਨੂੰ ਵੇਖਾਂ ਇਹਨਾਂ ਵਾਦੀ ਦੇ ਚੋਵਾਂ ਬੰਨੀ ਖਲੋਤੇ ਪਹਾੜਾਂ ਤੋਂ ਪਾਰ ਦੀ ਵੇਖਾਂ—ਨਵੇਂ ਨਵੇਂ ਰਾਹਾਂ 'ਤੇ ਤੁਰਦੇ ਫਨਿਸ਼ ਸੈਲਾਨੀ ਨੂੰ ਜੋ ਪਤਾ ਨਹੀਂ ਕਿਥੇ ਆਪਣਾ ਲੰਗਰ ਲੰਗੋਟਾ ਚੁਕੀ ਤੁਰਦਾ ਹੋਵੇਗਾ—ਤੇ ਉਸ ਲਈ ਕੋਈ ਰੁਕਾਵਟ ਨਹੀਂ ਇਕ ਸੀਮਾ ਟਪ ਦੂਜੀ ਵਿਚ ਦਾਖਲ ਹੋ ਜਾਂਦਾ ਹੈ—ਪਰ ਮੈਂ ਤਾਂ ਕੈਦੀ ਹਾਂ ਮੇਰਿਆਂ ਪੈਰਾਂ ਵਿਚ ਤਾਂ ਬੇੜੀਆਂ ਪਈਆਂ ਹੋਈਆਂ ਹਨ। ਉਫ ! ਕਿਤਨੀਆਂ ਹੀ ਬੇੜੀਆਂ।

ਡਰਾਇਵਰ ਦੀਆਂ ਅੱਖਾਂ ਵਿਚੋਂ ਸ਼ਰਾਰਤ ਟਪਕਦੀ ਹੈ—ਤੇ ਉਹ ਆਪਣੀਆਂ ਦੋਵੇਂ ਬਾਹਵਾਂ ਸਟੇਰਿੰਗ 'ਤੇ ਧਰ ਕੇ, ਝੁਕ ਕੇ ਮੁਟਿਆਰ ਵਲ ਵੇਖਦਾ ਹੈ, ਕੁਝ ਆਖਦਾ ਹੈ.....ਤੇ

ਬਸ ਇਕ ਬੁਢੇ ਬੀਸੇ ਨਾਲ ਟਕਰਾਂਦੀ ਟਕਰਾਦੀ ਮਸਾਂ ਬਚਦੀ ਹੈ ਤੇ ਇਕ ਹੰਗਾਮਾ ਜਿਹਾ ਮਚ ਜਾਂਦਾ ਹੈ।

ਮੁਟਿਆਰ ਮੈਨੂੰ ਕੁਝ ਨਹੀਂ ਆਖਦੀ—ਆਪਣੇ ਆਪ ਨੂੰ ਸੰਵਾਰਦੀ ਹੈ।

ਸਾਹਮਣੇ ਲਗੇ ਚਪਾ ਕੁ ਸ਼ੀਸ਼ੇ ਵਿਚ ਡਰਾਇਵਰ ਆਪਣੀਆਂ ਕਟੀਆਂ ਮੁਛਾਂ ਨੂੰ ਵੇਖਦਾ ਹੈ ਤੇ ਫਿਰ ਵਿੰਡ ਸਰੀਰਨ 'ਚੋਂ ਦੂਰ ਨਜ਼ਰਾਂ ਸੁਟਦਿਆਂ ਵਡੇ ਮੌੜ ਤੋਂ ਉਂਗਲੀਆਂ ਨਾਲ ਸਟੇਰਿੰਗ ਘੁਮਾਉਂਦਾ ਹੈ।

ਬਸ ਰੁਕਦੀ ਹੈ ਤੇ ਧੂੜ ਬਾਰੀਆਂ ਥਾਣੀਂ ਅੰਦਰ ਵਲ ਆਉਂਦੀ ਹੈ ਤੇ ਫਿਰ ਸਾਡੀਆਂ ਨਾਸਾਂ ਥਾਣੀਂ ਸਾਡੇ ਅੰਦਰ ਵੜਨ ਦਾ ਜਤਨ ਕਰਦੀ ਹੈ।

ਬਸ ਅੰਦਰ ਆਏ ਜ਼ਰੇ ਧੁੱਪ ਵਿਚ ਲੁਕਣ-ਮੀਚੀ ਖੇਡਦੇ ਸਾਫ਼ ਨਜ਼ਰੀਂ ਆਉਂਦੇ ਹਨ ਤੇ ਮੁਟਿਆਰ ਦਵਾਲੇ ਘੁੰਮਦੇ ਹਨ। ਮੁਟਿਆਰ ਆਪਣੇ ਸੈਂਟ ਖਿਲਾਰਦੇ ਰੁਮਾਲ ਨਾਲ ਆਪਣੀਆਂ ਨਾਸਾਂ ਨੂੰ ਨੱਪ ਲੈਂਦੀ ਹੈ।

ਮੁਟਿਆਰ ਨੇ ਸੱਜੇ ਭੌਂ ਕੇ ਵੇਖਿਆ—ਕਿਉਂਕਿ ਇਕ ਬੱਚਾ ਸਹਿਜੇ ਸਹਿਜੇ ਫਰੰਟ ਸੀਟ ਲਾਗੇ ਪੁਜ ਗਿਆ ਸੀ ਤੇ ਉਸ ਦਾ ਹੱਥ ਮੁਟਿਆਰ ਦੀ ਅਧ ਨੰਗੀ ਬਾਂਹ ਨਾਲ ਅਵੇਸਲੇ ਹੀ ਛੋਹ ਗਿਆ ਸੀ। ਮੁਟਿਆਰ ਦਾ ਪਰੋਫਾਇਲ ਬਿਲਕੁਲ ਮੇਰੇ ਸਾਹਮਣੇ ਸੀ।

ਹਾਂ, ਮੈਂ ਇਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ—ਅਗਲੇ ਪਿੰਡ ਇਹ ਪੜ੍ਹਾਉਣ ਜਾਂਦੀ ਹੈ—ਨਵੀਂ ਨਵੀਂ ਆਈ ਹੈ ਤੇ ਕਦੀ ਕਦੀ ਆਉਂਦੀ ਜਾਂਦੀ ਹੈ—ਉਥੇ ਹੀ ਰਹਿੰਦੀ ਹੈ—ਅੱਜ ਸੋਮਵਾਰ ਹੈ।

ਬਸ ਰੁਕ ਜਾਂਦੀ ਹੈ ਟ੍ਰੈਫ਼ਿਕ ਆਫੀਸਰ ਸੜਕ ਕੰਢੇ ਖਲੋਤਾ ਹੈ। 'ਮਜਾ ਆ ਗਿਆ...।' ਮੇਰੇ ਨਾਲ ਬੈਠੀ ਸਵਾਰੀ ਪਤਾ ਨਹੀਂ ਭਾਵਕ ਹੋ ਕੇ ਕਿਉਂ ਆਖਦੀ ਹੈ—ਇਹ ਕੋਈ ਨਵੀਂ ਗੱਲ ਤਾਂ ਨਹੀਂ। ਆਦੀ ਹੋ ਗਿਆ ਚਰਸੀ ਕੀ ਆਖ ਸਕਦਾ ਹੈ। ਡਰਾਇਵਰ ਆਪਣੀ ਸੀਟ ਤੋਂ ਉਤਰ ਕੇ ਹੇਠਾਂ ਜਾਂਦਾ ਹੈ। ਮੈਂ ਭੌਂ ਕੇ ਵੇਖਦਾ ਹਾਂ, ਮੇਰੇ ਹਮ ਸੀਟ ਸਾਥੀ ਨਾਲ ਇਕ ਤੀਵੀਂ ਭੁੰਜੇ ਪਈਆਂ ਬੋਰੀਆਂ ਉਤੇ ਹੁੰਦੀ ਹੈ। ਇਕ ਬੱਚਾ ਉਸ ਦੀਆਂ ਦੁਧੀਆਂ ਤੋਂ ਦੁੱਧ ਚੁੰਘਦਾ ਹੈ ਤੇ ਇਕ ਹੋਰ ਮੇਰੇ ਸਾਥੀ ਨਾਲ ਖਲੋਤਾ ਹੈ—ਮੁੜ ਮੁੜ ਕੇ ਉਸ ਦੀ ਧੋਣ ਦਵਾਲੇ ਲਪੇਟੇ ਰੇਸ਼ਮੀ ਸਕਾਰਫ ਨੂੰ ਛੇੜਦੀ ਹੈ। ਡਰਾਇਵਰ ਟੋਪੀ ਸਵਾਂਰਦਾ ਮੁੜ ਆਉਂਦਾ ਹੈ ਤੇ—ਹਸਦਾ ਹੋਇਆ ਬਸ ਸਟਾਰਟ ਕਰਦਾ ਹੈ—ਮੇਰੇ ਹਮ ਸੀਟ ਸਾਥੀ ਦੀਆਂ ਅੱਖਾਂ ਵਿਚ ਜਿਹੜੀ ਚਮਕ ਆਈ ਸੀ ਮੱਠੀ ਪੈ ਜਾਂਦੀ ਹੈ।

...ਤੇ ਮੁਟਿਆਰ ਅਤੇ ਇੰਜਨ ਵਿਚਕਾਰ ਖਲੋਤਾ ਬੱਚਾ ਵਿੰਡ-ਸਕਰੀਨ ਨਾਲ ਲਗੇ ਰਬੜ ਅਤੇ ਪਲਾਸਟਿਕ ਦੇ ਖਡੌਣਿਆਂ ਨੂੰ ਬੜੀ ਰੀਝ ਅਤੇ ਉਤਸਕ ਨਜ਼ਰਾਂ ਨਾਲ ਵੇਖ ਰਿਹਾ ਹੈ। ..ਇਹ ਖਿਡੌਣੇ ਜਿਹੜੇ ਧਾਗਿਆਂ ਨਾਲ ਬਧੇ ਲਟਕ ਰਹੇ ਹਨ—ਤੁਰਦੀ ਬਸ ਵਿਚ ਪੁਠੇ ਨਚਣ ਲਗਦੇ ਹਨ।

ਮੁਟਿਆਰ ਆਪਣਾ ਸਜਾ ਹੱਥ ਆਪਣੇ ਵਾਲਾਂ, ਆਪਣੀ ਗੋਰੀ ਧੌਣ ਅਤੇ ਗੁਲਾਬੀ ਰੰਗ ਦੀ ਕੋਟੀ ਤੋਂ ਫ਼ੇਰਦੀ ਸੀਟ 'ਤੇ ਖੁਨੀ ਟਿਕਾ ਦੇਂਦੀ ਹੈ।

ਬਸ ਫਿਰ ਰੁਕਦੀ ਹੈ ਤੇ ਸਾਰੀਆਂ ਸਵਾਰੀਆਂ ਆਪਣੀਆਂ ਘੜੀਆਂ ਵਲ ਵੇਖਦੀਆਂ ਹਨ। ਦਸ ਵਜਣ ਵਿਚ ਸਿਰਫ਼ ਕੁਝ ਹੀ ਮਿੰਟ ਬਾਕੀ ਹਨ। ਇਕ ਭਿੰਨ ਭਿੰਨ ਜਿਹੀ ਸੁਲਗਣ ਨੂੰ—ਤੇ ਕੁਝ ਸਵਾਰੀਆਂ ਆਪੋ ਆਪਣੇ ਅਫ਼ਸਰਾਂ ਦੀਆਂ ਸਖਤੀਆਂ ਬਾਰੇ ਗੱਲਾਂ ਕਰਨ ਲਗਦੀਆਂ ਹਨ—ਕੁਝ ਅੰਦਰੋਂ ਅੰਦਰੀਂ ਸੋਚਦੀਆਂ ਹਨ।

ਕੰਡਕਟਰ ਖਿੱਝ ਕੇ ਦਰਵਾਜ਼ੇ ਲਾਗੇ ਸੀਟ 'ਤੇ ਬਹਿੰਦਿਆਂ ਹੀ ਘੰਟੀ ਵਜਾਉਂਦਾ ਹੈ, "ਕੋਈ ਭਾਵੇਂ ਮਰ ਵੀ ਜਾਵੇ....." ਉਹ ਬੁੜ ਬੁੜਾਉਂਦਾ ਹੈ ਤੇ ਪੂਰੇ ਜ਼ੋਰ ਨਾਲ ਦਰਵਾਜ਼ਾ ਬੰਦ ਕਰਦਾ ਹੈ। ਬਸ ਅੰਦਰ "ਚੂੰ! ਚੂੰ!! ਝੱਖ! ਝੱਖ!!" ਆਪਣੇ ਆਪ ਮਧਮ ਪੈ ਜਾਂਦੀ ਹੈ ਤੇ ਤੁਰਦੀ ਬਸ ਅੰਦਰ ਦੀ ਮੁੜ ਗੜਾਹਟ ਵਿਚ ਗੁਆਚ ਜਾਂਦੀ ਹੈ।

ਹੋਰ ਕੀ ਹੋ ਸਕਦਾ ਹੈ ਮੇਰੇ ਅੰਦਰੋਂ ਗਾਫ ਦੀ ਪੁਰਾਣੀ ਗੋਲੀ ਵਾਂਗ ਅਣਮੁਕੀਆਂ ਤੰਦਾਂ ਉਦਰੇੜਨ ਲਗਦੀਆਂ ਹਨ। ਤੇ ਫਿਰ ਆਵਾਜ਼ਾਂ ਦੀ ਭਿੰਨ ਭਿੰਨ ਮੇਰੇ ਅੰਦਰ ਇਕ ਢੀਂਗੇ ਉਤੇ ਚੜ੍ਹਣ ਲਗਦੀਆਂ ਹਨ—ਤੇ ਫਿਰਾਂ ਗਿਰਝਾਂ ਹੀ ਗਿਰਝਾਂ ਚੋਵਾਂ ਬੰਨੀ ਉਤਰ ਆਉਂਦੀਆਂ ਹਨ ਤੇ ਮੇਰੇ ਸਰੀਰ ਦੀਆਂ ਬੋਟੀਆਂ ਨੋਚਣ ਲਗਦੀਆਂ ਹਨ।

ਤੇ ਫ਼ਿਰ ਮੈਂ ਮਰਾੜ ਬਾਰੇ ਸੋਚਦਿਆਂ ਹੀ ਚੇਤਨ ਹੋ ਕੇ ਆਸੇ ਪਾਸੇ ਵੇਖਦਾ ਹਾਂ—ਗਿਰਝਾਂ ਅਤੇ ਮਰਾੜ ਦਾ ਬੜਾ ਡੂੰਘਾ ਸਬੰਧ ਹੁੰਦਾ ਹੈ। ਸਾਹਮਣੇ ਬੈਠੀ ਮੁਟਿਆਰ ਮੈਨੂੰ ਚੰਗੀ ਚੰਗੀ ਲਗਦੀ ਹੈ ਤੇ ਉਸ ਸਮੇਂ ਮੈਂ ਸਭ ਕੁਝ ਭੁਲ ਜਾਂਦਾ ਹਾਂ—ਭਾਵੇਂ ਮੇਰੇ ਖਫਤੀ ਅਫਸਰ ਦੀਆਂ ਭੀਂਗੀਆਂ ਭੀਂਗੀਆਂ ਅੱਖਾਂ ਮੈਨੂੰ ਕੁਝ ਪਲ ਪਹਿਲਾਂ ਮੇਜ਼ ਉਤੇ ਟਿਕੀਆਂ ਨਜ਼ਰ ਆ ਰਹੀਆਂ ਸਨ।

ਮੈਂ ਹੌਲਾ ਹੌਲਾ ਹੋਇਆ ਬਾਹਿਰ ਵੇਖਦਾ ਹਾਂ—ਮੁਟਿਆਰ ਆਪਣੀ ਖੱਬੀ ਬਾਰੀ ਥਾਣੀਂ ਬਾਹਿਰ ਵੇਖਦੀ ਹੈ—ਉਹ ਛੋਂਹਦੀ ਜਿਹੀ ਮੇਰੇ ਵਲ ਝਾਤ ਪਾਉਂਦੀ ਹੈ।

ਬਸ ਰੁਕ ਜਾਂਦੀ ਹੈ। ਮੈਂ ਆਪਣਾ ਟਿਫਨ ਉਠਾਂਦਾ ਹਾਂ ਤੇ ਪਤਾ ਨਹੀਂ ਕਿਉਂ ਸੰਕੋਚ ਕਰਦਿਆਂ ਵੀ ਮੇਰਾ ਹੱਥ ਮੁਟਿਆਰ ਦੇ ਪਫ ਨਾਲ ਜਾ ਲਗਦਾ ਹੈ। ਉਹ ਘੁੰਮ ਕੇ ਮੇਰੇ ਵਲ ਵੇਖਦੀ ਹੈ, ਜਿਵੇਂ ਮੈਂ ਤਵੱਕਾ ਰਖਦਾ ਸਾਂ ਤੇ ਫਿਰ ਉਸ ਦਾ ਸਿਰ ਝਟਕੇ ਨਾਲ ਹੇਠਾਂ ਝੁਕ ਜਾਂਦਾ ਹੈ।

ਫ਼ਨਿਸ਼ ਸੈਲਾਨੀ ਆਖਦਾ ਹੈ, "ਇਹ ਸਭ ਕੁਝ ਸੋਚਾਂ ਦੀ ਵਿੱਥ 'ਤੇ ਹੀ ਹੁੰਦਾ ਹੈ।"

ਤੇ ਮੇਰੀ ਘਰ ਵਾਲੀ ਆਖਦੀ ਹੈ, "ਚਿਤਾਵਨੀ ਕਰਾ ਕੇ ਵੀ ਸ਼ਾਂਮੀ ਖਾਲੀ ਹੱਥਾਂ ਘਰ ਮੁੜ ਆਵੇ ਤਾਂ।"

ਮੈਂ ਸੜਕ 'ਤੇ ਖਲੋ ਕੇ ਤੁਰਨ ਲਗੀ ਬਸ ਦੀ ਫਰੰਟ ਸੀਟ ਵਲ ਵੇਖਦਾ ਹਾਂ।

(ਸ਼ੀਰਾਜ਼ਾ ਅੰਕ 2)

ਭੁਪਿੰਦਰ ਸੂਦਨ

ਅਸਕੋਪ

ਗੱਲ ਕਿਤੋਂ ਵੀ ਸ਼ੁਰੂ ਹੋਏ । ਜਾ ਖਤਮ ਹੁੰਦੀ ਹੈ ਔਰਤ ਤੇ ।

ਤੇ ਜਿਹੜੀ ਸ਼ੁਰੂ ਹੀ ਔਰਤ ਤੋਂ ਹੋਵੇ——ਉਹ ਗਲ ?

ਸੋਚਦਾਂ ਉਹ ਕਿਹੜੇ ਮੌਜ਼ੂਹ ਤੇ ਖਤਮ ਹੋਵੇਗੀ ?

ਇਕ ਤੀਵੀਂ । ਸੁਹਣੀ । ਉਹ ਬਹੁਤ ਹੀ ਸੁਹਣੀ । ਸ਼ਰੀਰੇ ਅੰਗਾਂ ਵਾਲੀ । ਸੁਹਣੇ ਤਗੜੇ ਪਿੰਡੇ ਦੀ । ਉਹਦੀ ਉਮਰ ਵੀ ਤਾਂ ਕਿੰਨੀ ਹੋ ਚਲੀ ਹੈ ? ਉਸ ਦੀ ਨਿੱਕੀ ਭੈਣ ਵੀ ਹੁਣ ਵਿਆਹੁਣ ਯੋਗ ਹੈ । ਵਿਆਹੁਣ ਯੋਗ ਕੀ ? ਚਿਰਾਂ ਦੀ ਵਿਆਹੁਣ ਯੋਗ ਹੈ । ਹੁਣ ਤਕ ਵਿਆਹੀ ਹੁੰਦੀ ਤਾਂ ਦੋ ਤਿੰਨ ਬੱਚਿਆਂ ਦੀ ਮਾਂ ਹੁੰਦੀ ।

ਉਹ ਕਾਫੀ ਸੁਹਣੀ ਹੈ । ਚਿੱਟੀ ਗੋਰੀ । ਸੱਡੌਲ ਬਦਨ ਦੀ । ਆਪਣੀ ਜਵਾਨੀ ਨੂੰ ਪਿਛੇ ਛੱਡ ਆਈ ਹੈ । ਕੁੜੀ ਨਹੀਂ—ਤੀਵੀਂ ਹੈ । ਪਰ ਤੀਵੀਂ ਵੀ ਨਹੀਂ—ਕਿਉਂ ਜੋ ਹਾਲੀ ਵਿਆਹੀ ਨਹੀਂ ।

ਰਣਜੀਤ (ਇਹੀ ਉਸ ਕੁੜੀ-ਨੁਮਾ ਔਰਤ ਦਾ ਨਾਂ ਹੈ) ਆਪ ਕਨਫੈਸ ਕਰਦੀ ਹੈ ਕਿ ਉਸ ਇਕ ਮਰਦ ਨਾਲ ਪਿਆਰ ਕੀਤੈ—ਤੇ ਪਿਆਰ 'ਚ ਵਾਸ਼ਨਾ ਵੀ ਰੱਲੀ ਰਹੀ । ਪਰ ਸਿਰ ਚੁਕ ਕੇ ਕਹਿੰਦੀ ਹੈ ਕਿ—ਇਕ ਅੱਧੇ ਮਰਦ ਨਾਲ ਸਬੰਧ ਕਿਹੜਾ ਪਾਪ ਹੈ ? ਇਹ ਕੋਈ ਇੱਲਲੀ-ਗਲ ਨਹੀਂ ।

ਜੇ ਇੰਝ ਹੀ ਸੀ ਤਾਂ ਫੇਰ ਉਸ ਆਪਣੀ ਗੂੜ੍ਹੀ ਸਹੇਲੀ (ਉਹ ਇੰਝ ਹੀ ਆਖਦੀ ਹੈ) ਨਾਲ ਇਹ ਕਿਉਂ ਕਿਹੈ ਕਿ ਉਹ ਉਸ ਮਰਦ ਗਲੋਂ ਬਦਨਾਮ ਹੈ । ਉਹ ਨਹੀਂ ਚਾਹੁੰਦੀ ਕਿ ਕਿਸੇ ਹੋਰ ਨਾਲ ਵਿਆਹ ਕਰਾਕੇ ਬਾਅਦ 'ਚ ਉਹਨੂੰ ਪੱਤਾ ਲਗ ਜਾਏ—ਤਾਂ ਉਹ ਤਾਅਨੇ ਮਾਰੇਗਾ । ਟਿਚਕਰਾਂ ਕਰੇਗਾ ।

ਅਜੀਬ ਗਲ ਹੈ ? ਮੈਂ ਕੋਈ ਦੇਵਤਾ ਤਾਂ ਨਹੀਂ। ਪਰ ਫੇਰ ਵੀ ਜੇ ਮੈਂ ਉਹਦੇ ਨਾਲ ਸ਼ਾਦੀ ਕਰਨ ਲਈ ਤਿਆਰ ਹੋ ਗਿਆ ਸਾਂ, (ਇਹ ਜਾਣਦਾ ਹੋਇਆ ਵੀ ਕਿ ਉਸ ਗੈਰ ਨਾਲ ਰਾਤਾਂ ਕੱਟੀਆਂ ਹਨ) ਤਾਂ ਉਹਨੂੰ ਕੀ ਇਤਰਾਜ਼ ਸੀ ।

ਫੇਰ ਉਹਨੇ ਲਗਦੇ ਹੀ ਦੂਜਾ ਬਹਾਨਾ ਕਾਹਨੂੰ ਘੜ ਲਿਆ ਸੀ—ਮੈਂ ਕਦੀ ਵਿਆਹ ਨਹੀਂ ਕਰਾਉਣਾ । ਮੇਰੇ ਕੰਧੇ ਤੇ ਬਹੁਤ ਸਾਰਾ ਬੋਝ ਹੈ। ਬਾਪ ਹੈ ਨਹੀਂ । ਨਿੱਕੀ ਭੈਣ ਵੀ ਵਿਆਹੁਣ ਯੋਗ ਹੈ । ਅਤੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਵੀ ਤਾਂ ਮੇਰੇ ਹੀ ਸਿਰ ਹਨ । ਜੋ ਮੈਂ ਕਮਾਂਦੀ ਹਾਂ । ਉਹੀ ਤਾਂ..... । ਇਨ੍ਹਾਂ ਸਾਰੀਆਂ ਗੱਲਾਂ ਬਾਦ ਜੇ ਮੈਂ ਕਦੀ ਕੀਤਾ ਵੀ ਤਾਂ ਉਸੇ ਨਾਲ ਕਰਾਵਾਂਗੀ——— ।

ਤੇ ਜਿਸ ਨਾਲ ਉਹ ਪ੍ਰੇਮ ਕਰਦੀ ਸੀ, (ਜਾਂ ਕਰਦੀ ਹੈ) ਉਸ ਨਾਲ ਵਿਆਹ ਨਹੀਂ ਕਰਵਾ ਸਕਦੀ । ਕਿਉਂ ਜੋ ਦੋਵੇਂ ਇਕ ਮਜ਼ਹਬ ਦੇ ਨਹੀਂ । ਤੇ ਘਰੋਂ ਦੂਰ.....!

ਹਾਂ ਇੰਨੀ ਦੂਰ ਹੁੰਦਿਆਂ ਹੋਇਆਂ ਵੀ ਮੈਂ ਕਿੰਨੇ ਸੁਨੇਹੇ ਘੱਲੇ ਹਨ । ਮੈਂ ਕਹਿੰਦਾ, ਮੈਨੂੰ ਉਹਦੀ ਹਰ ਸ਼ੈਅ ਪਿਆਰੀ ਲਗਦੀ ਹੈ । ਉਹਦੇ ਗੁਣ ਔਗੁਣ । ਉਹ ਜੋ ਮਰਜ਼ੀ ਪਈ ਕਰਦੀ ਰਵੇ । ਮੈਂ ਝੱਲ ਲਾਂਗਾ । ਸਭ ਭੁਲ ਜਾਂ ਗਾ ਪਰ ਉਹ ਫੇਰ ਵੀ..... ।

ਅਜੀਬ ਕਸ਼ਮਕਸ਼ ਹੈ । ਭੱਲਾ ਇਹ ਵੀ ਕੋਈ ਗਲ ਹੋਈ——ਉਹਨੂੰ ਆਖੋ, ਜੇ ਮੈਨੂੰ ਇੰਨਾ ਪਿਆਰ ਦੈ । ਮੇਰੀ ਨਿੱਕੀ ਭੈਣ ਨਾਲ ਵਿਆਹ ਕਰਾ ਲਏ ।

ਅਜੀਬ ਦੁਬਿੱਧਾ ਹੈ !

ਉਹਨੂੰ ਦੋ ਚਾਰ ਸਾਲ ਬਾਅਦ ਸ਼ਾਇਦ ਕੋਈ ਮਰੀਅਲ ਬੁੱਢਾ ਵੀ ਨਾ ਵਿਆਹੁਣ ਨੂੰ ਤਿਆਰ ਹੋਵੇ । ਮੈਂ ਤਾਂ ਹਾਲੀ ਸ਼ਾਇਦ ਕੁਝ ਛੋਟਾ ਹੀ ਹੋਵਾਂ ।

ਮੈਂ ਆਖਦਾਂ—ਉਹ ਜਿੰਨੀ ਦੇਰ ਮਰਜ਼ੀ ਸੂ—ਉਡੀਕ ਲਵੇ । ਨਿੱਕੀ ਭੈਣ ਦਾ ਵਿਆਹ ਵੀ ਕਰਵਾ ਲਵੇ । ਹੋਰ ਜ਼ਿੰਮੇਵਾਰੀਆਂ ਵੀ ਹਲਕੀਆਂ ਕਰ ਲਵੇ । ਮੈਂ ਉਡੀਕ ਕਰ ਲਾਂਗਾ ।

ਪਰ ਇਹ ਲੋਕ ਜਿਹੜੇ ਕਹਿੰਦੇ ਹਨ ਕਿ ਮੇਰੀ ਆਯੂ ਵੀ ਜ਼ਾਇਆ ਹੁੰਦੀ ਜਾ ਰਹੀ ਹੈ । ਮੈਨੂੰ ਛੇਤੀ ਹੀ ਕਰਾ ਲੈਣਾ ਚਾਹੀਦੈ । ਹੁਣ ਉਨ੍ਹਾਂ ਨੂੰ (ਮੈਂ) ਕੀ ਆਖਾਂ ? ਕੀ ਦਸਾਂ (ਕੀ ਮੈਨੂੰ ਆਪਣੇ ਤੋਂ ਕੁਝ ਵੱਡੀ ਔਰਤ ਨਾਲ ਪਿਆਰ ਹੋ ਗਿਐ ?)

ਤੇ ਉਸ ਦੋਸਤ ਦੀ ਚਿੱਠੀ ਦਾ ਕੀ ਕਰਾਂ । ਜਿਹੜੀ ਉਹਨੇ ਹਾਲੀ ਪਿਛਲੇ ਦਿਨੀਂ ਘਲੀ ਸੀ—ਤੇਰੇ ਲਈ ਇਕ ਸੁਹਣੀ ਕੁੜੀ ਵੇਖੀ ਹੈ । ਬਹੁਤ ਇਨਟੈਲੀਜੈਂਟ ਤੇ ਸਿਆਣੀ । ਐਮ. ਏ. ਫਸਟ ਕਲਾਸ । ਜੇ ਚਾਹਵੇਂ ਤਾਂ ਸਰਵਿਸ ਵੀ ਕਰ ਲਏਗੀ । ਪੰਜਾਬ ਦੀ ਜੰਮ ਪਲ ਹੈ । ਰਹਿੰਦੀ ਦਿਲੀ ਹੈ । ਆਖੇਂ ਤਾਂ ਉਹਦਾ ਸਨੈਪ ਭਿਜਵਾ ਦਿਆਂ—ਜਾਂ ਉਸ ਨਾਲ ਇਨਟ-ਰੋਡੀਊਸ ਹੀ ਕਰਾਂ ਦਿਆਂ । (ਦਿਲ ਕਰਦੇ ਨੌਕਰੀ ਕਰਦੀ ਕੁੜੀ ਲਈ ਅਖਬਾਰ 'ਚ ਇਸ਼ਤਿਹਾਰ ਦਿਆਂ) । ਯਾਰ ਸੋਚਦੇ ਹਨ—ਮੇਰੀ ਉਮਰ ਬੁੱਕ ਬੁੱਕ ਕਰਕੇ ਘੁਲਦੀ ਜਾ ਰਹੀ ਹੈ । ਇਹ ਕਿਵੇਂ

ਸਚ ਹੋ ਸਕਦੈ ? ਹਾਂ—ਸ਼ਾਇਦ ਠੀਕ ਹੀ ਸੋਚਦੇ ਹੋਣ ।

ਤੇ ਫੇਰ ਕਾਨਸ਼ਸ ਤੇ ਸੱਬ-ਕਾਨਸ਼ਸ ਦੇ ਝਮੇਲੇ । ਜਿਵੇਂ ਦੋਹਾਂ ਜਵਾਬ ਦੇ ਦਿਤੇ । ਤੇ ਫੇਰ ਨਵੇਂ ਸਿਰਿਉਂ ਸੋਚਣ ਲਗਦਾਂ ।

ਗਲ ਕੁਝ ਅਜੀਬ ਜਿਹੀ ਹੈ ।

ਪਤਾ ਨਹੀਂ ਨੌਕਰੀ ਕਰਦੀਆਂ ਤੇ ਵਿਆਹੀਆਂ ਔਰਤਾਂ (ਆਪਣੇ ਤੋਂ ਵੱਡੀਆਂ) ਕਿਉਂ ਚੰਗੀਆਂ ਲਗਦੀਆਂ ਹਨ ? (ਸ਼ਾਇਦ ਇਸ ਲਈ ਕਿ ਉਨ੍ਹਾਂ ਨੂੰ ਕੁਝ ਸਿਖਾਉਣ ਦੀ ਲੋੜ ਨਹੀਂ ਭਾਸਦੀ) ।

ਇਕ ਮਿਤਰ ਨੇ ਕਿਹਾ ਸੀ—ਇਕ ਕੁੜੀ ਹੈ । ਬਹੁਤ ਪਿਆਰੀ । ਬੜੀ ਲਵਲੀ । ਕਮਾਂਦੀ ਹੈ । ਜੇ ਰਾਜ਼ੀ ਹੋਵੇ ਤਾਂ ਗਲ ਚਲਾ ਵੇਖਾਂ । ਉਹਨੇ ਬੀਅਰ ਦੇ ਘੁੱਟ ਭਰਦਿਆਂ ਅੱਖਾਂ ਝੰਮਕੀਆਂ ਸਨ—ਸ਼ੀ ਇਜ਼ ਕਵਾਈਟ ਮੱਚਿਓਰਡ । ਤੇਰੇ ਹਰ ਅਨੁਭਵ ਤੇ ਉਤਰਣ ਵਾਲੀ । ਉਹਦੀ ਮਾਂ ਸਾਡੇ ਘਰ ਆਂਦੀ ਜਾਂਦੀ ਹੈ । ਇਕ ਦਿਨ ਉਸ ਆਪ ਹੀ ਗਲ ਛੇੜੀ ਵੀ ਸੀ...ਕੀ ਖਿਆਲ ਈ ? ਆਈ ਸੁਜੈਸਟ । ਡੋਂਟ ਮਿਸ ਦਾ ਚਾਂਨਸ ।

ਮੈਂ ਕੀ ਕਹਿੰਦਾ ? ਕੁੜੀ ਕਿਹੜੀ ਮਾੜੀ ਹੁੰਦੀ ਹੈ (ਜੀ ਕੀਤਾ ਸੱਭ ਨਾਲ ਵਿਆਹ ਕਰਾ ਲਾਂ) ਤੇ ਇਥੇ ਪਰਦੇਸ 'ਚ ?

ਮੇਰੇ ਕਮਰੇ ਦੇ ਸਾਹਮਣੇ ਜਾਂਦੀ ਉਸ ਨਿਕੀ ਜਿਹੀ ਗਲੀ ਦੀ ਨੁਕਰ ਵਾਲੇ ਮਕਾਨ 'ਚ ਜਿਹੜੀ ਉਹ ਔਰਤ ਹਰ ਵਲ ਬੈਠੀ ਕਪੜੇ ਸੀਊਂਦੀ ਰਹਿੰਦੀ ਹੈ । ਉਹ ਕਿੰਨਾ ਕੰਮ ਕਰਦੀ ਹੈ । ਸਵੇਰ ਤੋਂ ਸ਼ਾਮ ਲਥਣ ਤੀਕ ।

ਉਫ਼ । ਕਿੰਨੀ ਲੰਮੀ । ਕਿੰਨੀ ਸੁਹਣੀ । ਕਿੰਨੀ ਤਗੜੀ ਔਰਤ ਹੈ ਇਹ । ਕਣਕ-ਭਿੰਨਾ ਰੰਗ । ਗਲਾਂ ਮਾਸ ਨਾਲ ਕੱਸੀਆਂ ਹੋਈਆਂ । ਜਿਵੇਂ ਜੋਰੀ ਭਰਿਆ ਹੋਵੇ । ਪਿੰਨੀਆਂ ਤੇ ਬਾਹਵਾਂ ਦੀਆਂ ਪਿੰਡਲੀਆਂ ਇੰਨੀਆਂ ਸਖਤ—ਇੰਨੀਆਂ ਵੱਟੀਆਂ ਹੋਈਆਂ । ਜਿਵੇਂ ਕਸਰਤ ਕਰਦੀ ਰਹੀ ਹੋਵੇ । ਦੋ ਜਵਾਨ ਕੁੜੀਆਂ ਦੀ ਮਾਂ । ਇਕ ਨੌਵੀਂ 'ਚ । ਦੂਜੀ ਅੱਠਵੀਂ 'ਚ । ਜਾਮਣੂ ਰੰਗੀ ਸਾੜੀ ਤੇ ਸਫੈਦ ਬਲੌਜ਼ 'ਚ ਕਿੰਨੀ ਖੂਬਸੂਰਤ ਹੋ ਜਾਂਦੀ ਹੈ । ਤੇ ਜਦ ਕਮੀਜ਼-ਸੁੱਥਣ ਪਾ ਕੇ ਗਲੀ ਦੀਆਂ ਹੋਰ ਤੀਵੀਆਂ ਨਾਲ ਬੰਹਿਦੀ ਹੈ ਤਾ ਕੜੀਆਂ (ਆਪਣੀਆਂ) ਦੀ ਮਾਂ ਨਹੀਂ-ਵੱਡੀ ਭੈਣ ਲਗਦੀ ਹੈ । ਸਾਇਦ ਭੈਣ ਨਹੀਂ ਸਹੇਲੀ । ਚਿਹਰੇ ਤੇ ਕੋਈ ਝੁਰੜੀ ਨਹੀਂ । ਕੋਈ ਦਾਗ਼ ਕੋਈ ਲਕੀਰ ਨਹੀਂ ।

ਅਜੀਬ ਔਰਤ ਹੈ ?

ਉਸ ਦਿਨ ਤਾਂ (ਗੱਲਾਂ ਗੱਲਾਂ 'ਚ) ਕਹਿ ਹੀ ਬੈਠੀ——ਤੁਸੀਂ ਹਰ ਵੇਲੇ ਸਾਡੇ ਦਰਵਾਜ਼ੇ ਵਲ ਨੀਝ ਲਾ ਕੇ ਕੀ ਵੇਖਦੇ ਰਹਿੰਦੇ ਹੋ ? ਹਾਲੀ ਉਹ ਜਾਣਦੀ ਹੈ ਕਿ ਮੈਂ ਉਹਦੀਆਂ

ਕੁੜੀਆਂ ਵਲ ਕਦੀ ਨਹੀਂ ਤਕਿਆ। ਉਹ ਜਾਣਦੀ ਹੈ ਕਿ ਮੈਂ ਸਿਰਫ ਉਸੇ ਵਲ ਤਕਦਾਂ।

ਤੇ ਫੇਰ ਉਹ ਮੇਰੇ ਨਾਲ ਕਿੰਨੀ ਖੁਲ੍ਹ ਗਈ ਸੀ।

ਉਹਦਾ ਮਰਦ ਬਿਲਕੁਲ ਸੁਕਾ ਜਿਹੈ! ਮਰੀਅਲ ਜਿਹਾ। ਜਿਵੇਂ ਹਵਾ ਦੇ ਝੋਕੇ ਨਾਲ ਢਹਿ ਪਵੇਗਾ। ਉਹ ਉਹਨੂੰ ਪਿਆਰਦੀ ਨਹੀਂ। ਤੇ ਨਾਂ ਹੀ ਨਫਰਤ ਕਰਦੀ ਹੈ। ਸ਼ਾਇਦ ਕਿਸਮਤ ਸਮਝਕੇ ਕੰਪਰੋਮਾਈਜ਼ ਕਰ ਬੈਠੀ ਹੈ।

ਹਰ ਮੰਗਲਵਾਰ ਦੀ ਰਾਤ ਨੂੰ ਜਦ ਉਹ ਗਲੀ 'ਚ ਹੋਰ ਤੀਵੀਆਂ ਸੰਗ ਗਾਉਂਦੀ ਹੈ ਤਾਂ ਅਵਾਜ਼ ਉਚੀ ਹੁੰਦੀ ਜਾਂਦੀ ਹੈ। ਉਹਦੀ ਪਿਠ ਤੇ ਮੇਰੇ ਦਰਵਾਜ਼ੇ ਦਾ ਮੂੰਹ ਆਹਮੋ-ਸਾਹਮਣੀ ਹੁੰਦੇ। ਪਰ ਅਵਾਜ਼ ਦਰ ਪਾੜ ਪਾੜ ਅੰਦਰ ਲੰਘ ਆਂਦੀ ਹੈ। ਅਵਾਜ਼ 'ਚ ਬਲਾ ਦਾ ਦਰਦ ਹੈ। ਇਕ ਸੋਜ਼ ਹੈ। ਇਕ ਹੂਕ ਉਠਦੀ ਹੈ——ਰਾਮ ਕਦੋਂ ਆਓਗਾ।...। ਕੱਖਾਂ ਵਾਲੀ ਝੁੱਗੀ ਵਿਚ ਫੇਰਾ ਕਦੋਂ ਪਾਉਗੇ.....।"

ਤਾਂ ਉਹਦੀ ਅਵਾਜ਼ ਬਾਕੀ ਔਰਤਾਂ ਕੋਲੋਂ ਬਦਲਾਂ ਵਾਂਗ ਚਮਕ ਚਮਕ ਪੈਂਦੀ ਹੈ। ਪਤਾ ਨਹੀਂ ਕਿਹੜੇ ਰਾਮ ਲਈ (ਸ਼ਾਇਦ ਉਸ ਮਰਦ ਲਈ ਜੋ ਪਹਿਲੀ ਜਾਂ ਆਖਰੀ ਵਾਰ ਉਹਦੀ ਜ਼ਿੰਦਗੀ 'ਚ ਆਇਆ ਹੋਵੇ ਜਾਂ ਆਏਗਾ—ਮੈਂ ਸੋਚਦਾ) ਜਾਂ ਐਵੇਂ ਹੀ.....ਜੰਗਲ ਡਰਾਉਣੇ ਤੇ ਰਾਤਾਂ ਨੇ ਹਨੇਰੀਆਂ.....ਭਿੱਲਣੀ ਦੇ ਜੂਠੇ ਬੇਰ, ਰਾਮ ਕਦੋਂ ਖਾਓਗੇ..... ?

ਉਫ। ਉਸ ਦਿਨ ਕਿੰਨੀ ਗਰਮੀ ਸੀ। ਸਾਰੀ ਰਾਤ ਨਹੀਂ ਸੀ ਸੁਤਾ ਗਿਆ। ਬਾਰਸ਼ ਹੋਣ ਮਗਰੋਂ ਕਿੰਨਾ ਹੁੱਮਸ ਹੋ ਗਿਆ ਸੀ.....ਜਿਵੇਂ ਜ਼ਮੀਨ ਫਟਨ ਤੇ ਆਈ ਹੋਵੇ। ਸਾਰਿਆਂ ਨੇ ਆਪਣੇ ਮੰਜੇ ਘਰੋਂ ਬਾਹਰ ਕਢ ਲਏ ਸਨ। ਉਸ ਵੀ ਆਪਣੀ ਮੰਜੀ ਚੁਕ ਕੇ ਕੋਠੇ ਤੇ ਚੜ੍ਹਾ ਲਈ ਸੀ। ਕੁੜੀਆਂ ਉਹਦੀਆਂ ਦੂਜੀ ਛਤੇ ਸੁੱਤੀਆਂ ਸਨ। ਤੇ ਮਰਦ...ਸ਼ਾਇਦ ਜ਼ਿਆਦਾ ਪੀਣ ਕਾਰਨ ਥਲੇ ਹੀ ਪਿਆ ਖਰਾਟੇ ਮਾਰ ਰਿਹਾ ਸੀ।

ਸਾਡੇ ਛੱਤ ਕਿੰਨੇ ਨੇੜੇ ਨੇੜੇ ਹਨ। (ਸ਼ਹਿਰਾਂ 'ਚ ਇਹ ਵੀ ਮੌਜ ਹੈ)। ਸਾਰੀ ਰਾਤ ਭੜਾਸ ਜਿਹੀ ਰਹੀ ਸੀ। ਸਭ ਆਪਣੀਆਂ ਆਪਣੀਆਂ ਮੰਜੀਆਂ (ਖੁਰਲੀਆਂ) ਤੇ ਪਏ ਪਾਸੇ ਮਰੋੜ ਰਹੇ ਸਨ।

ਉਹ ਛੱਤ ਦੇ ਜੰਗਲੇ ਕੋਲ ਹੀ ਸੁੱਤੀ ਪਈ ਸੀ। ਅਜਿਹੀ ਗਰਮੀ ਮੈਂ ਪਹਿਲੀ ਵਾਰੀ ਮਹਿਸੂਸ ਕੀਤੀ ਜ਼ਿੰਦਗੀ 'ਚ।

ਹਾਂ। ਉਹਦੀ ਮੰਜੀ ਨੇੜੇ ਹੀ ਤਾਂ ਪਾਣੀ ਦੀ ਸੁਰਾਹੀ ਭਰੀ ਪਈ ਸੀ। ਜੰਗਲਾ ਉਚਾ ਨਹੀਂ ਸੀ ਬਹੁਤ। ਮੈਂ ਦੋ ਘੁੱਟ ਭਰਨ ਲਈ ਉਹਦੇ ਕੋਨੇ ਚੜ੍ਹ ਆਇਆ। ਉਹਦੇ ਮਰਦ ਦੇ ਖਰਾਟੇ ਬਰਾਬਰ ਆ ਰਹੇ ਸਨ। ਤੇ ਪਤਾ ਨਹੀਂ ਕਿਉਂ...ਮੈਂ ਸੁਰਾਹੀ ਲੱਭਣ ਆਇਆ—ਉਹਦੇ ਉਤੇ ਝੁਕ ਪਿਆ। ਹੌਲੀ ਜਿਹੀ ਉਹਦੀਆਂ ਕੱਸੀਆਂ ਗਲ੍ਹਾਂ ਤੇ ਹੱਥ ਫਿਰ ਗਏ। ਉਹ ਸੁੱਤੀ ਪਈ ਸੀ (ਸ਼ਾਇਦ)। ਪਰ ਇਹ ਕੀ ਹੈ ?

ਚਾਣਚਕ ਮੇਰੇ ਹਥ ਕਿਸ ਨੇ ਫੜ ਲਏ ? ਮੇਰਾ ਕਾਲਜਾ ਧੜੂ ਧੜੂ ਗਿਆ । ਉਹਨੇ ਮੇਰੇ ਹੱਥ ਗੱਲ੍ਹਾਂ ਤੇ ਹੀ ਕਸ ਲਏ । ਅੱਖਾਂ ਹਾਲੀ ਵੀ ਮੀਟੀਆਂ ਹੀ ਸਨ ।

ਫੇਰ ਹੌਲੀ ਹੌਲੀ ਰਾਤ ਬੀਤਦੀ ਗਈ । ਗਰਮੀ ਘਟਦੀ ਗਈ । ਹੁੱਮਸ ਘਟਦਾ ਗਿਆ (ਮੈਨੂੰ ਮਹਿਸੂਸ ਹੋਇਆ) । ਮੈਨੂੰ ਚੇਤੇ ਨਹੀਂ । ਮੈਂ ਆਪਣੀ ਮੰਜੀ ਤੇ ਕਦੋਂ ਪਰਤਿਆ ।

ਸਿਰਫ ਇੰਨਾ ਚੇਤਾ ਹੈ.....ਬੁਲਾਂ ਚੋਂ ਇਹ ਲਫਜ਼ ਕਿਰੇ ਸਨ "——ਤੁਸੀਂ ਵਿਆਹੀਆਂ ਔਰਤਾਂ ਨੂੰ ਬਹੁਤ ਚਾਹੁੰਦੇ ਹੋ.....ਸ਼ਾਇਦ । ਹੈ ਨਾ.....?"

ਤੇ ਮੈਂ ਬਸ ਇੰਨਾ ਹੀ ਆਖ ਸਕਿਆ ਸਾਂ "——ਹਾਂ...ਸ਼ਾਇਦ..... ।"

ਉਹਦੀਆਂ ਕੁੜੀਆਂ ਮੈਨੂੰ ਭਾਜੀ ਆਖਦੀਆਂ ਹਨ । ਤੇ ਉਹ...ਬਸ ਬੈਠੀ ਹਰ ਵੇਲੇ ਕਪੜੇ ਸੀਊਂਦੀ ਰਹਿੰਦੀ ਹੈ ਜਾਂ ਮੇਰੇ ਸਟੱਡੀ ਰੂਮ ਵਲ ਵੇਖਦੀ...ਹਸਦੀ ਰਹਿੰਦੀ ਹੈ ।

ਮੈਂ ਲਾਰੇਂਸ, ਹੀਊਗੋ.....ਗੋਗਲ.....ਇਕ ਇਕ ਕਰਕੇ ਸਾਰੇ ਮੁਕਾ ਛੱਡੇ ਹਨ... ।

ਉਹਨੇ ਇਕ ਇਕ ਕਰਕੇ ਮੁਹੱਲੇ ਦੀਆਂ ਔਰਤਾਂ ਦੇ ਸਾਰੇ ਬਲੌਜ਼ ਸੀਅ ਦਿਤੇ ਹਨ ।

ਉਹਦੀ ਵੱਡੀ ਕੁੜੀ ਦਸਵੀਂ ਪਾਸ ਕਰ ਬੈਠੀ ਹੈ ।

ਉਹਦਾ ਮਰਦ ਹਾਲੀ ਵੀ ਝੂਮਦਾ ਝੂਮਦਾ ਆਉਂਦਾ ਹੈ । ਕਿਤੇ ਕੁੱਝ ਨਹੀਂ ਬਦਲਿਆ । ਕੁਝ ਨਹੀਂ ਹੋਇਆ । ਮੈਨੂੰ ਜਦ ਦਿਲ ਕਰਦੈ । ਜੰਗਲਾ ਟਪ ਪਾਣੀ ਡੀਕਣ ਚਲਾ ਜਾਂਦਾ । ਉਹਦਾ ਜਦ ਚਿਤ ਕਰਦੈ । ਜੰਗਲੇ ਕੋਲ ਖੜ ਖੰਘ ਛੱਡਦੀ ਹੈ । ਤੇ ਮੈਂ ਹੌਲੀ ਜਿਹੀ ਉਠਕੇ ਬਹਿ ਰਹਿੰਦਾ । ਫੇਰ ਤੁਰ ਪੈਂਦਾ...ਫੇਰ...ਫੇਰ... । ਹਾਂ ਇਕ ਗਲ ਉਸ ਬਹੁਤ ਵਾਰੀ ਦੁਹਰਾਈ ਹੈ ".....ਤੁਸੀਂ ਵਿਆਹੀਆਂ ਅਤੇ ਆਪਣੇ ਤੋਂ ਵੱਡੀਆਂ ਔਰਤਾਂ ਨੂੰ ਬਹੁਤ ਪਿਆਰਦੇ ਹੋ...ਹੈ ਨਾ..... ?" ਪਰ ਮੈਂ ਉਸਨੂੰ ਅਜ ਤੀਕ ਕਿਉਂ ਨਹੀਂ ਕਹਿ ਸਕਿਆ "——ਹਾਂ ਤੁਹਾਨੂੰ ਵੀ ਤਾਂ ਆਪਣੇ ਤੋਂ ਛੋਟੇ ਮਰਦ ਚੰਗੇ ਲਗਦੇ ਹਨ...ਹੈ ਨਾਂ.....?

ਪਹਿਲਾਂ ਪਹਿਲਾ ਮੇਰੇ ਬਦਨ 'ਚ ਜਿਹੜਾ ਤਾਅ, ਕੱਸਿਆ-ਪਨ ਸੀ (ਜਦੋਂ ਰੰਜੀ ਨੂੰ ਕਿਹਾ ਸੀ) ਸੀ—ਹੁਣ ਖੁਰਦਾ ਜਾ ਰਿਹੈ ।

ਹਾਂ । ਪਰਸੋਂ ਰੰਜੀ ਦੀ ਸਹੇਲੀ ਦੀ ਚਿੱਠੀ ਆਈ ਸੀ——ਸੁਣਿਐ ਤੁਹਾਡੇ ਸ਼ਹਿਰ ਬਹੁਤ ਗਰਮੀ ਹੈ ਅਜ ਕਲ । ਬਹੁਤ ਹੁਮਸ ਹੈ । ਭੜਾਸ ਹੈ । ਇਕੱਲੇ ਤੰਗ ਪੈਂਦੇ ਹੋਵੋਗੇ... । ਹਾਂ ਤੁਹਾਡੀ ਤਪਸਿਆ । ਤੁਹਾਡੀ ਸਾਧਨਾਂ ਫਲ ਲੈ ਆਈ । ਤੁਹਾਡੀ ਉਡੀਕ ਮੁਕ ਗਈ । ਰੰਜੀ ਮੈਰਜ ਲਈ ਹਾਂ ਭਰ ਬੈਠੀ ਹੈ । ਮੁਬਾਰਕ ਹੋਵੇ । ਮੂੰਹ ਮਿੱਠਾ ਕਰਾਉਣ ਕਦੋਂ ਆ ਰਹੇ ਹੋ... ? ਮੈਂ ਜੁਆਬ ਦੀ ਛੇਤੀ ਹੀ ਉਡੀਕ ਕਰ ਰਹੀ ਹਾਂ ।

ਕਿਤੇ ਕੁੱਝ ਨਹੀਂ ਹੋਇਆ । ਕੁਝ ਨਹੀਂ ਗੁਆਚਾ । ਹੁਮੱਸ ਉਥੇ ਹੀ ਹੜਬੜਾਂਦੀ ਹੈ ।

ਗਰਮੀ ਉਨੀ ਹੀ ਸ਼ਿੱਦਤ ਨਾਲ ਪੈਂਦੀ ਹੈ। ਲੋਕ ਉਵੇਂ ਗਲੀਆਂ ਤੇ ਕੋਠਿਆਂ ਤੇ ਸੌਂਦੇ ਹਨ।

ਪਰ ਅੱਜ ਰਾਤ ਮੈਂ ਜੰਗਲੇ ਪਾਰ ਦੀ ਸਰਾਹੀ ਦਾ ਪਾਣੀ ਕੁਝ ਵਧੇਰੇ ਪੀ ਲਿਐ।

ਤੇ ਸਵੇਰੇ ਉਠ ਕੇ ਜਿਹੜਾ ਸ਼ਬਦ ਮੈਂ ਰੰਜੀ (ਰਣਜੀਤ) ਦੀ ਸਹੇਲੀ ਨੂੰ ਲਿਖਿਆ, ਉਹ ਸ਼ਾਇਦ ਇੰਝ ਹੈ——"ਮੈਨੂੰ ਰੰਜੀ, ਕਿਸੇ ਵੀ ਕਮਾਉਣ ਵਾਲੀ ਰੰਜੀ ਦੀ ਲੋੜ ਨਹੀਂ। ਉਹਨੂੰ ਕਹਿ ਮੇਰੇ ਛੋਟੇ ਭਰਾ ਨਾਲ ਗਲ ਕਰ ਵੇਖੇ। ਹਾਂ—ਤੈਨੂੰ ਕਿਸੇ ਗਲਤ ਦਸਿਐ ਕਿ ਇਥੇ ਬਹੁਤ ਗਰਮੀ ਹੈ। ਹੁਮੱਸ ਹੈ। ਗਲਤ। ਬਿਲਕੁਲ ਗਲਤ। ਇਥੇ ਕੋਈ ਹੁੱਮਸ ਨਹੀਂ। ਮੈਨੂੰ ਬਿਲਕੁਲ ਗਰਮੀ ਨਹੀਂ ਭਾਸਦੀ। ਜੇ ਕਿਤੇ ਦੁਨੀਆਂ 'ਚ ਠੰਢ ਹੈ ਤਾਂ ਉਹ ਸਿਰਫ.....ਉਹ ਸਿਰਫ ਮੇਰੇ ਸ਼ਹਿਰ 'ਚ ਹੀ ਹੈ——।

('ਅਕਾਲੀ ਪਤ੍ਰਿਕਾ' 'ਚੋਂ ਧਨਵਾਦ ਸਹਿਤ')

ਹਰਭਜਨ ਸਿੰਘ ਸਾਗਰ

ਇਕ ਘਟਨਾ-ਇਕ ਕਹਾਣੀ

ਇਸ ਕਹਾਣੀ ਦੀ ਨਾਇਕਾ ਇਕ ਆਮ ਜਿਹੀ ਔਰਤ ਹੁੰਦਿਆਂ ਵੀ ਬਿਲਕੁਲ ਇਕ ਵਖਰੇ ਕਿਸਮ ਦੀ ਪਾਤਰ ਹੈ। ਉਹ ਕਿਥੇ ਪੈਦਾ ਹੋਈ ਅਤੇ ਕਿਉਂ ਪੈਦਾ ਹੋਈ, ਇਸ ਗਲ ਦਾ ਕਹਾਣੀ ਨਾਲ ਕੋਈ ਸੰਬੰਧ ਨਹੀਂ। ਹਾਂ, ਪਰ ਉਹ ਇਕ ਪੈਂਡੂ ਤੀਵੀਂ ਹੈ—ਸੋਹਣੇ ਨੈਣ ਨਕਸ਼ਾਂ ਵਾਲੀ। ਉਸ ਦਾ ਪਤੀ ਵੀ ਇਕ ਪੈਂਡੂ ਗਭਰੂ ਹੈ। ਦੋਵੇਂ ਇਕ ਦੂਜੇ ਨਾਲ ਬਹੁਤ ਪਿਆਰ ਕਰਦੇ ਹਨ। ਹੋ ਸਕਦਾ ਹੈ ਕਿ ਸ਼ਾਦੀ ਤੋਂ ਪਹਿਲਾਂ ਵੀ ਉਹ ਇਕ ਦੂਜੇ ਨਾਲ ਟੁਟ ਕੇ ਪਿਆਰ ਕਰਦੇ ਰਹੇ ਹੋਣ। ਪਰ ਇਸ ਗਲ ਦਾ ਵੀ ਕਹਾਣੀ ਨਾਲ ਕੋਈ ਸਬੰਧ ਨਹੀਂ। ਇਤਨੀ ਹੀ ਗਲ ਕਾਫ਼ੀ ਹੈ ਕਿ ਉਹ ਸ਼ਾਦੀ ਤੋਂ ਬਾਦ ਵੀ ਇਕ ਦੂਜੇ ਨਾਲ ਬਹੁਤ ਪਿਆਰ ਕਰਦੇ ਹਨ। ਸ਼ਾਦੀ ਵੀ ਨਵੀਂ ਨਵੀਂ ਹੋਈ ਹੈ।

ਵਿਆਹ ਹੋਣਾ ਅਤੇ ਵਿਆਹ ਤੋਂ ਬਾਦ ਪਿਆਰ ਕਰਨਾ ਇਕ ਸਧਾਰਣ ਜੇਹੀ ਗਲ ਹੈ। ਸੋ ਇਸ ਵੇਲੇ ਤੀਕ ਕਹਾਣੀ ਦੀ ਨਾਇਕਾ ਕੋਈ 'ਨਾਇਕਾ' ਨਹੀਂ ਅਖਵਾ ਸਕਦੀ ਅਤੇ ਇਹ ਇਕ ਸਿਧੀ ਜੇਹੀ ਗਲ ਵੀ ਕੋਈ ਕਹਾਣੀ ਨਹੀਂ ਬਣ ਸਕਦੀ। ਕਹਾਣੀ ਤਾਂ ਉਸ ਵੇਲੇ ਬਣਦੀ ਹੈ, ਜਦ ਇਸ ਪਿੰਡ ਵਿਚ ਇਕ ਦਿਨ ਮੋਟਰਕਾਰ ਆ ਖੜੋਂਦੀ ਹੈ। ਅਤੇ ਕਾਰ 'ਚੋਂ ਇਕ ਸ਼ਹਿਰੀ ਬਾਬੂ ਬਾਹਰ ਨਿਕਲਦਾ ਹੈ। ਉਸ ਨੇ ਬਹੁਤ ਸੁੰਦਰ ਸੂਟ ਬੂਟ ਪਾਇਆ ਹੈ। ਪਰ ਫਿਰ ਵੀ ਸੁੰਦਰ ਨਹੀਂ ਲਗ ਰਿਹਾ। ਉਸ ਨੇ ਅਖਾਂ ਤੋਂ ਕਾਲਾ ਚਸ਼ਮਾ ਉਤਾਰ ਕੇ ਲੋਕਾਂ ਵਲ ਵੇਖਿਆ ਅਤੇ ਮੁਸਕਰਾ ਕੇ ਕਹਿਣ ਲਗਾ—"ਲੋਕੋ! ਬਹੁਤ ਛੇਤੀ ਤੁਹਾਡੇ ਪਿੰਡ ਦੇ ਨਾਲ ਹੀ ਇਕ ਬਹੁਤ ਵਡਾ ਡੈਮ ਬਣ ਰਿਹਾ ਹੈ। ਹੁਣ ਤੁਹਾਡੀ ਭੁਖ ਅਤੇ ਬੇਕਾਰੀ ਦੇ ਦਿਨ ਖ਼ਤਮ ਹੋ ਰਹੇ ਹਨ। ਇਸ ਡੈਮ ਦਾ ਪਾਣੀ ਤੁਸਾਂ ਦੇ ਖੇਤਾਂ ਤੋਂ ਛੁਟ ਬਿਜਲੀ ਪੈਦਾ ਕਰਨ ਦੇ ਕੰਮ ਆਵੇਗਾ। ਸੋ ਤੁਸੀਂ ਸਾਰੇ ਇਸ ਡੈਮ ਨੂੰ ਮੁਕੰਮਲ ਕਰਨ ਵਿਚ ਸਾਡੀ ਸਹਾਇਤਾ ਕਰੋ—।" ਫਿਰ ਵੇਖਦੇ ਹੀ ਵੇਖਦੇ ਡੈਮ ਦਾ ਪ੍ਰਾਜੈਕਟ ਸ਼ੁਰੂ ਹੋ ਗਿਆ। ਪਿੰਡ ਦੇ ਸਾਰੇ ਗਭਰੂ ਕੰਮ ਕਰਨ ਡੈਮ ਤੇ ਪੁਜ

ਜਾਂਦੇ। ਪਰ ਮਜ਼ਦੂਰਾਂ ਦੀ ਗਿਣਤੀ ਘਟ ਹੋਣ ਦੇ ਕਾਰਣ, ਸ਼ਹਿਰੀ ਬਾਬੂ ਨੇ ਔਰਤਾਂ ਨੂੰ ਵੀ ਕੰਮ ਕਰਨ ਦੀ ਇਜਾਜ਼ਤ ਦੇ ਦਿਤੀ। ਔਰਤਾਂ ਨੂੰ ਵੀ ਮਰਦਾਂ ਬਰਾਬਰ ਮਜ਼ਦੂਰੀ ਮਿਲਣ ਲਗੀ। ਕਹਾਣੀ ਦੀ ਨਾਇਕਾ ਪਿੰਡ ਦੀ ਦੂਜੀ ਔਰਤਾਂ ਵਾਂਗ, ਆਪਣੇ ਪਤੀ ਨਾਲ ਡੈਮ ਤੇ ਜਾ ਤੇ ਮਜ਼-ਦੂਰੀ ਕਰਨ ਲਗੀ। ਪਰ ਅਜੇ ਵੀ ਉਸ ਵਿਚ ਨਾਇਕਾ ਹੋਣ ਦਾ ਕੋਈ ਚਿੰਨ ਨਜ਼ਰ ਨਹੀਂ ਆ ਰਿਹਾ। ਨਿਰਾ ਜੁਆਨ ਅਤੇ ਸੁੰਦਰ ਹੋਣ ਨਾਲ ਕੋਈ ਔਰਤ ਨਾਇਕਾ ਨਹੀਂ ਹੋ ਸਕਦੀ।

ਤੇ ਫਿਰ ਇਕ ਦਿਨ——ਸ਼ਹਿਰੀ ਬਾਬੂ ਮਜ਼ਦੂਰਾਂ ਨੂੰ ਕੰਮ ਕਰਦੇ ਵੇਖ ਰਿਹਾ ਹੈ। ਸਾਰੇ ਮਜ਼ਦੂਰ ਕੰਮ ਵਿਚ ਰੁਝੇ ਹੋਏ ਹਨ—ਅਤੇ ਉਹ ਖੁਸ਼ ਹੈ। ਉਹ ਸੋਚ ਰਿਹਾ ਹੈ—"ਪਿੰਡ ਦੇ ਮਜ਼ਦੂਰ ਸ਼ਹਿਰ ਦੇ ਮਜ਼ਦੂਰਾਂ ਨਾਲੋਂ ਕੰਮ ਵੀ ਵਧ ਕਰਦੇ ਹਨ ਅਤੇ ਮਜ਼ਦੂਰੀ ਵੀ ਘਟ ਲੈਂਦੇ ਹਨ। ਕਿੰਨੇ ਸਸਤੇ ਮਜ਼ਦੂਰ ਹਨ—।" ਉਹ ਵੇਖ ਰਿਹਾ ਹੈ, ਸੋਚ ਰਿਹਾ ਹੈ ਅਤੇ ਖੁਸ਼ ਹੋ ਰਿਹਾ ਹੈ। ਫਿਰ ਉਸ ਦੀ ਨਜ਼ਰ ਨਾਇਕਾ ਤੇ ਜਾ ਰੁਕੀ, ਜਿਸ ਦੀ ਟੋਕਰੀ ਵਿਚ ਇਕ ਗਭਰੂ ਬੇਲਚੇ ਨਾਲ ਮਿਟੀ ਪਾ ਰਿਹਾ ਸੀ। ਉਸ ਨੇ ਵੇਖਿਆ ਨਾਇਕਾ ਸੁੰਦਰ ਹੋਣ ਦੇ ਨਾਲ ਨਾਲ ਕਹਿਰਾਂ ਦੀ ਜੁਆਨ ਵੀ ਹੈ। ਮੁਸਕਾਨ ਉਸ ਦੇ ਮੁਖੜੇ ਤੇ ਇਕ ਫੁਲ ਵਾਂਗ ਖਿੜੀ ਹੋਈ ਹੈ। ਪਸੀਨੇ ਦੇ ਨਿਕੇ ਨਿਕੇ ਕਤਰੇ ਉਸ ਦੇ ਮੁਖ ਤੇ ਇੰਜ ਲਰਜ਼ ਰਹੇ ਹਨ, ਜਿਵੇਂ ਫੁਲ ਦੀਆਂ ਪਤੀਆਂ ਤੇ ਤਰੇਲ। ਟੋਕਰੀ ਮਿਟੀ ਨਾਲ ਭਰ ਗਈ। ਫਿਰ ਕਹਾਣੀ ਦੇ ਦੋਹਾਂ ਹੀ ਪਾਤਰਾਂ ਨੇ ਹਥ ਟੋਕਰੀ ਵਲ ਵਧਾਏ ਤੇ ਟੋਕਰੀ ਉਪਰ ਚੁਕ ਕੇ ਨਾਇਕਾ ਦੇ ਸਿਰ ਤੇ ਟਿਕਾ ਦਿਤੀ। ਇਸ ਇਕ ਛਿਣ ਵਿਚ ਸ਼ਹਿਰੀ ਬਾਬੂ ਦੇ ਸ਼ਰੀਰ ਤੇ ਜਿਵੇਂ ਬਿਜਲੀ ਪੈ ਗਈ ਹੋਵੇ। ਪਲ ਦੀ ਪਲ ਨਾਇਕਾ ਦੇ ਸੀਨੇ ਦਾ ਉਭਾਰ ਅਤੇ ਉਸ ਦੇ ਜੁਆਨ ਜਿਸਮ ਦੇ ਵਖੋ ਵਖ ਜ਼ਾਵੀਏ ਵੇਖ ਕੇ ਉਸ ਦੀਆਂ ਅੱਖਾਂ ਨਸ਼ਿਆ ਗਈਆਂ। ਉਹ ਪੂਰੇ ਦਿਨ ਦੇ ਇਕ ਨਿਕੇ ਜਿਹੇ ਪਲ ਦੀ ਅਤਿ ਸੁੰਦਰ ਤਸਵੀਰ ਆਪਣੀਆਂ ਅੱਖਾਂ ਵਿਚ ਬਸਾ ਕੇ ਦਫ਼ਤਰ ਵਲ ਮੁੜ ਗਿਆ ਅਤੇ ਚਪੜਾਸੀ ਰਾਹੀਂ ਨਾਇਕਾ ਨੂੰ ਸਦ ਘਲਿਆ।

"ਤੇਰਾ ਨਾਂ ?"

"ਜੀ.....।" ਉਹ ਕੁਝ ਘਬਰਾਈ ਅਤੇ ਮੈਲੇ ਕੁਚੈਲੇ ਹਥਾਂ ਨਾਲ ਚਿਹਰੇ ਦਾ ਪਸੀਨਾ ਪੂੰਝਣ ਲਗੀ।"

"ਰਹਿਣ ਦੇ——ਰਹਿਣ ਦੇ ਆਪਣੇ ਮੁਖੜੇ ਦਾ ਪਸੀਨਾ।" ਸ਼ਹਿਰੀ ਬਾਬੂ ਨੇ ਉਸ ਪਸੀਨਾ ਪੂੰਝਦੀ ਦਾ ਹੱਥ ਰੋਕ ਲਿਆ, "ਤੇਰੇ ਨ ਲੋਂ ਵਧ ਕੰਮ ਤਾਂ ਤੇਰੇ ਪਸੀਨੇ ਨੇ ਕੀਤਾ ਹੈ।"

ਉਸ ਦੀ ਘਬਰਾਹਟ ਸ਼ਰਮ ਵਿਚ ਬਦਲ ਗਈ ਅਤੇ ਆਹਿਸਤਾ ਜਿਹੇ ਬੋਲੀ, "ਮੇਰਾ ਨਾਂ ਰਾਣੀ ਹੈ।"

"ਸਚ ਮੁਚ ਤੂੰ ਰਾਣੀ ਹੀ ਹੈਂ।" ਉਸ ਨੇ ਇਕ ਡੂੰਘਾ ਜਿਹਾ ਸਾਹ ਭਰਦਿਆਂ ਕਿਹਾ, "ਹਾਂ ਉਹ ਤੇਰੇ ਨਾਲ ਕੰਮ ਕਰ ਰਿਹਾ ਗਭਰੂ ਕੌਣ ਸੀ।"

"ਜੀ !.....ਉਹ ਰਾਜਾ.....ਮੇਰਾ ਪਤੀ।" ਉਸ ਨੇ ਸ਼ਰਮਾ ਕੇ ਆਪਣੀ ਚੁੰਨੀ ਦਾ ਇਕ ਕੋਨਾ ਮੂੰਹ ਵਿਚ ਪਾ ਲਿਆ।

"ਠੀਕ ਹੈ, ਠੀਕ ਹੈ। ਅਜ ਤੋਂ ਤੁਸੀਂ ਦੋਵੇਂ ਇਨਾਂ ਮਜ਼ਦੂਰਾਂ ਉਪਰ ਮੇਟ ਹੋਵੋਗੇ। ਅਤੇ ਰੋਜ਼ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਤੁਸੀਂ ਇਨਾਂ ਮਜ਼ਦੂਰਾਂ ਦੀ ਹਾਜ਼ਰੀ ਅਤੇ ਇਨਾਂ ਦੇ ਕੰਮ ਦੀ ਰਿਪੋਰਟ ਮੈਨੂੰ ਦੇਵੋਗੇ। ਤੁਹਾਂ ਦੀ ਤਨਖਾਹ ਵਧਾ ਦਿਤੀ ਜਾਏਗੀ।"

ਸਵੇਰੇ ਮਜ਼ਦੂਰਾਂ ਦੀ ਹਾਜ਼ਰੀ ਰਿਪੋਰਟ ਰਾਜਾ ਦਿੰਦਾ ਅਤੇ ਦਿਨ ਦੇ ਕੰਮ ਦੀ ਰਿਪੋਰਟ ਰਾਣੀ ਹਰ ਸ਼ਾਮੀਂ ਸ਼ਹਿਰੀ ਬਾਬੂ ਨੂੰ ਦਿੰਦੀ। ਦੋਵਾਂ ਦੀ ਤਨਖ਼ਾਹ ਵਿਚ ਦਸ ਰੁਪੈ ਦਾ ਵਾਧਾ ਕੀਤਾ ਗਿਆ ਅਤੇ ਇੰਜ ਹੀ ਦਿਨ ਬੀਤਣ ਲਗੇ।

ਸਿਆਣੇ ਪਾਠਕ ਤਾਂ ਸਮਝ ਗਏ ਹੋਣਗੇ ਕਿ ਕਹਾਣੀ ਵਿਚ ਅੰਦਰੋਂ ਅੰਦਰ ਇਕ ਤਬਦੀਲੀ ਆਣੀ ਸ਼ੁਰੂ ਹੋ ਗਈ ਹੈ। ਪਰ ਕਹਾਣੀ ਦੀ ਨਾਇਕਾ ਰਾਣੀ ਦੀ ਸਮਝ ਵਿਚ ਕੁਝ ਨਾ ਆਇਆ। ਉਹਨੂੰ ਸਮਝ ਤਾਂ ਉਸ ਵੇਲੇ ਆਈ ਜਦ ਉਸ ਦੇ ਦੁਪਟੇ ਦੇ ਠੀਕ ਵਿਚਕਾਰ ਇਕ ਦਾਗ਼ ਲਗ ਚੁਕਾ ਸੀ—ਇਕ ਅਮਿਟ ਦਾਗ਼। ਉਸ ਦੀਆਂ ਮੁਸਕਾਂਦੀਆਂ ਅਖਾਂ ਝਨਾਂ ਬਣ ਗਈਆਂ। ਪਰ ਇਸ ਝਨਾਂ ਤੋਂ ਵੀ ਇਹ ਦਾਗ ਨਾ ਧੁਲ ਸਕਿਆ।

ਜਦ ਇਸ ਦੁਖਾਂਤ ਦਾ ਪਤਾ ਰਾਜਾ ਨੂੰ ਲਗਾ, ਤਾਂ ਉਸ ਦੇ ਤਨ ਮਨ ਵਿਚ ਇਕ ਭਾਂਬੜ ਬਲ ਪਿਆ। ਗੁਸੇ ਨਾਲ ਉਸ ਦੀਆਂ ਰਗਾਂ ਤਨ ਗਈਆਂ ਅਤੇ ਉਸਨੇ ਖਿਚਕੇ ਇਕ ਥਪੜ ਰਾਣੀ ਦੇ ਮੂੰਹ ਤੇ ਜੜ ਦਿਤਾ। ਰਾਣੀ ਜੋ ਪਹਿਲਾਂ ਹੀ ਬਹੁਤ ਦੁਖੀ ਸੀ ਹੋਰ ਦੁਖੀ ਹੋ ਕੇ ਬੋਲੀ, "ਕੀ ਤੁਹਾਡੇ ਥਪੜ ਨਾਲ ਮੇਰਾ ਦਾਗ ਧੁਲ ਸਕਦਾ ਹੈ?—ਜੇ ਧੁਲ ਸਕਦਾ ਹੈ ਤਾਂ ਹੋਰ ਮਾਰੋ।" ਉਸ ਦੀ ਗਲ ਸੁਣ ਕੇ ਰਾਜਾ ਪਸੀਜ ਗਿਆ। ਅਤੇ ਉਸ ਨੇ ਰਾਣੀ ਨੂੰ ਗਲ ਲਾ ਲਿਆ। ਫਿਰ ਝਟ ਇਕ ਡਾਂਗ ਚੁਕ ਕੇ ਘਰੋਂ ਬਾਹਰ ਨਿਕਲ ਗਿਆ।

ਅਗਲੀ ਸਵੇਰ ਰਾਜਾ ਦੀ ਲਾਸ਼ ਡੈਮ ਦੀ ਪਕੀ ਕੰਧ ਦੇ ਥਠੇ ਮਲਬੇ ਹੇਠੋਂ ਮਿਲੀ। ਉਸ ਦੀ ਮੌਤ ਤੇ ਸਾਰਾ ਪਿੰਡ ਨੂੰ ਡਾਢਾ ਦੁਖ ਹੋਇਆ। ਰਾਣੀ ਢਾਹਾਂ ਮਾਰ ਕੇ ਰੋਈ। ਇਸ ਸੋਗ ਵਿਚ ਸ਼ਹਿਰੀ ਬਾਬੂ ਵੀ ਸ਼ਾਮਿਲ ਹੋਇਆ। ਉਸ ਦਿਆਲੂ ਨੇ ਰਾਣੀ ਦੇ ਗੁਜ਼ਾਰੇ ਲਈ ਦੋ ਸੌ ਰੁਪਏ ਵੀ ਦਿਤੇ, ਜਹਿੜੇ ਰਾਣੀ ਨੇ ਨਹੀਂ ਲਏ। ਉਸ ਨੂੰ ਪੂਰਾ ਯਕੀਨ ਸੀ ਕਿ ਰਾਜਾ ਨੂੰ ਮਾਰਣ ਵਾਲਾ ਇਹੋ ਦੈਂਤ ਸੀ। ਗਲ ਪੁਲੀਸ ਤਕ ਪਹੁੰਚੀ। ਰਾਣੀ ਦੀ ਜੁਆਨੀ ਵੇਖ ਕੇ ਪੁਲੀਸ ਅਫਸਰ ਦਾ ਦਿਲ ਹਮਦਰਦੀ ਵਜੋਂ ਗਦ-ਗਦ ਕਰ ਉਠਿਆ। ਉਸ ਨੇ ਪੂਰੀ ਪੂਰੀ ਸਹਾਇਤਾ ਦਾ ਯਕੀਨ ਦਿਤਾ—ਪਰ ਬੁਰਾ ਹੋਵੇ ਉਸ ਸ਼ਹਿਰੀ ਬਾਬੂ ਦੇ ਹੱਥਾਂ ਦਾ ਜਿਨਾਂ ਪੁਲਿਸ ਅਫ਼ਸਰ ਦੇ ਹਥਾਂ ਨੂੰ ਛੋਂਦਿਆਂ ਹੀ, ਅਪਣਾ ਕਰ ਲਿਆ।

ਦੋ ਤਿੰਨ ਮਹੀਨੇ ਪੁਲਿਸ ਦੇ ਇਨਸਾਫ ਦੀ ਉਡੀਕ ਵਿਚ ਲੰਘ ਗਏ। ਪੁਲਿਸ ਦੇ ਇਨਸਾਫ਼ ਤੋਂ ਤਾ ਸਾਰੇ ਹੀ ਪਾਠਕ ਜਾਣੂ ਹਨ। ਪਰ ਰਾਣੀ ਅਨਜਾਣ ਸੀ। ਇਨਸਾਫ ਵਿਚ ਕਾਫੀ ਦੇਰ ਹੋ ਗਈ। ਉਸ ਦਾ ਪੇਟ ਵੀ ਹੁਣ ਕਮੀਜ਼ ਤੋਂ ਬਾਹਰ ਹੁੰਦਾ ਜਾ ਰਿਹਾ ਸੀ—ਅਤੇ ਉਹ ਸਮਝ ਰਹੀ ਸੀ ਕਿ ਉਸ ਦੇ ਪੇਟ ਵਿਚ ਇਕ ਪਾਪ ਪਲ ਰਿਹਾ ਹੈ। ਇਹ ਬੋਝ ਉਸ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ—ਅਤੇ ਇਕ ਉਦਾਸ ਤਰਕਾਲੀਂ ਉਹ ਡੈਮ ਦੀ ਸਭ ਤੋਂ ਉਚੀ ਕੰਧ ਤੋਂ ਕੁਦ ਕੇ ਆਤਮ ਹਤਿਆ ਕਰਨ ਤੁਰ ਪਈ।—ਉਹ ਉਚੀ ਕੰਧ ਜਿਸ ਦੇ ਮਲਬੇ ਹੇਠ

ਉਸ ਦੇ ਪਤੀ ਦੀ ਲਾਸ਼ ਪਈ ਹੋਈ ਸੀ। ਉਸ ਕੰਧ ਉਪਰ ਚੜ੍ਹ ਕੇ ਅੱਖਾਂ ਮੀਟ ਲਈਆਂ ਅਤੇ ਆਖਰੀ ਪਲ ਰਬ ਨੂੰ ਯਾਦ ਕਰਨ ਲਗੀ। ਝਟ ਉਸ ਦੇ ਮਨ ਵਿਚ ਇਕ ਸੋਚ ਆਈ—"ਜੇ ਮੈਂ ਮਰ ਗਈ ਤਾਂ ਉਸ ਦੈਂਤ ਕੋਲੋਂ ਬਦਲਾ ਕੌਣ ਲਵੇਗਾ।"

ਕਹਾਣੀ ਦੀ ਨਾਇਕਾ ਨੇ ਆਤਮ ਹਤਿਆ ਨਹੀਂ ਕੀਤੀ। ਜੇ ਉਹ ਆਤਮ ਹਤਿਆ ਕਰ ਬੈਠਦੀ ਤਾਂ ਕਹਾਣੀ ਇਥੇ ਹੀ ਮੁਕ ਜਾਣੀ ਸੀ ਅਤੇ ਇਹ ਇਕ ਆਮ ਜੇਹੀ ਕਹਾਣੀ ਹੋ ਜਾਂਦੀ। ਪਰ ਕਹਾਣੀ ਅਗੇ ਤੁਰਦੀ ਹੈ। ਉਹ ਭੁਲ ਗਈ ਕਿ ਪੁਲਿਸ ਨੇ ਕੇਸ ਦੀ ਕੀ ਸ਼ਕਲ ਬਣਾਈ। ਉਸ ਨੇ ਸੋਚਿਆ ਇਨਸਾਫ ਤਾਂ ਆਪਣੇ ਨਾਲ ਆਪ ਕਰਨਾ ਹੈ। ਪੁਲੀਸ ਨੇ ਜਾਂ ਸਮਾਜ ਨੇ ਉਸ ਦੀ ਕੀ ਸਹਾਇਤਾ ਕਰਨੀ ਹੈ। ਸੋ ਉਸ ਨੇ ਫਿਰ ਡੈਮ ਤੇ ਜਾ ਕੇ ਮਜ਼ਦੂਰੀ ਕਰਨੀ ਆਰੰਭ ਕੀਤੀ। ਉਹ ਹੁਨ ਮੇਟ ਨਹੀਂ ਰਹੀ, ਸਗੋਂ ਇਕ ਮਜ਼ਦੂਰ ਸੀ। ਦਿਨ ਬੀਤ ਰਹੇ ਸਨ ਅਤੇ ਲੋਕੀ ਸੋਚ ਰਹੇ ਸਨ ਕਿ ਸ਼ਾਇਦ ਇਹ ਔਰਤ ਆਪਣੇ ਪਤੀ ਦੀ ਮੋਤ ਦਾ ਦੁੱਖ ਭੁਲ ਚੁਕੀ ਹੈ।

ਫਿਰ ਉਸ ਦੇ ਪੇਟ ਦਾ ਪਾਪ ਬਾਹਿਰ ਆ ਗਿਆ। ਉਸ ਦਾ ਮੰਨ ਕੀਤਾ ਉਹ ਉਸ ਮਸੂਮ ਜਾਨ ਦੀ ਸੰਘੀ ਘੁਟ ਦੇਵੇ। ਉਸ ਦੇ ਹਥ ਉਸ ਵਲ ਵਧੇ ਅਤੇ ਇਕ ਚੀਕ ਸੁਣ ਕੇ ਢਿਲੇ ਪੈ ਗਏ। ਫਿਰ ਉਸ ਨੂੰ ਪਤਾ ਹੀ ਨਹੀਂ ਲਗਾ ਕਿ ਕਦੋਂ ਉਸ ਦੀਆਂ ਛਾਤੀਆਂ ਦੇ ਦੁਧ ਦੀ ਧਾਰ ਉਸ ਨਿਕੀ ਜਾਨ ਦੇ ਮੂੰਹ ਵਿਚ ਚਲੀ ਗਈ।

ਉਸ ਨੇ ਉਸ ਪਾਪ ਦਾ ਨਾਂ ਰਖਸ਼ਪਾਲ ਰਖਿਆ। ਜਦ ਉਹ ਪੰਜ ਸਾਲ ਦਾ ਹੋਇਆ ਤਾਂ ਉਸ ਨੂੰ ਪਿੰਡ ਦੇ ਸਕੂਲ ਪੜ੍ਹਨ ਪਾਇਆ। ਮੁੰਡਾ ਬੜਾ ਝਗੜਾਲੂ ਨਿਕਲਿਆ। ਆਪਣੇ ਹਾਣ ਦਿਆਂ ਮੁੰਡਿਆਂ ਨਾਲ ਖੂਬ ਝਗੜਦਾ। ਲੋਕੀ ਉਸ ਦੀ ਮਾਂ ਅਰਥਾਤ ਕਹਾਣੀ ਦੀ ਨਾਇਕਾ ਅਗੇ ਸ਼ਿਕਾਇਤਾਂ ਕਰਦੇ—ਪਰ ਉਹ ਰਖਸ਼ਪਾਲ ਨੂੰ ਕੁਝ ਨਾ ਆਖਦੀ। ਸਗੋਂ ਕਦੀ ਕਦੀ ਉਸ ਨੂੰ ਗਲ ਨਾਲ ਲਾ ਲੈਂਦੀ। ਰਖਸਪਾਲ ਨੂੰ ਉਤਸ਼ਾਹ ਮਿਲਦਾ ਅਤੇ ਕਦੀ ਕਦੀ ਉਹ ਆਪਣੇ ਨਾਲੋਂ ਵਡੇ ਮੁੰਡਿਆ ਨਾਲ ਵੀ ਲੜਨੋਂ ਨਾ ਝਿਝਕਦਾ।—ਪਹ ਉਹ ਪੜ੍ਹਨ ਵਿਚ ਵੀ ਚੰਗਾ ਹੁਸ਼ਿਆਰ ਸੀ।

ਇਸ ਦੌਰਾਨ ਪਿੰਡ ਵਿਚ ਕਈ ਤਬਦੀਲੀਆਂ ਆਈਆਂ। ਡੈਮ ਮੁਕਮਲ ਹੋ ਚੁੱਕਾ ਸੀ—ਸ਼ਹਿਰੀ ਬਾਬੂ ਮੁੜ ਸ਼ਹਿਰ ਚਲਾ ਗਿਆ——ਪਿੰਡ ਦੇ ਕਈ ਕਚੇ ਮਕਾਨ ਪਕੇ ਹੋ ਗਏ——ਪ੍ਰਾਇਮਰੀ ਸਕੂਲ ਵੀ ਹਾਈ ਸਕੂਲ ਬਣ ਗਿਆ——ਅਤੇ ਕੁੜੀਆਂ ਦਾ ਵੀ ਇਕ ਅੱਠਵੀਂ ਜਮਾਤ ਤੀਕ ਨਵਾਂ ਸਕੂਲ ਖੁਲ੍ਹ ਗਿਆ ਸੀ। ਰਾਣੀ ਇਸ ਸਕੂਲ ਵਿਚ ਚਪਰਾਸਣ ਲਗ ਗਈ। ਦੁਖਾਂ ਨੇ ਉਸ ਦਾ ਫੁਲ ਵਾਂਗ ਖਿੜਿਆ ਮੁਖੜਾ ਮਿਧ ਸੁਟਿਆ ਸੀ। ਕਾਲੇ ਬਦਲਾਂ ਦੀ ਘਟਾ ਵਾਂਗ ਉਸ ਦੇ ਕਾਲੇ ਬਾਲ ਬਰਫ ਵਾਂਗ ਸਫੇਦ ਹੋ ਗਏ ਸਨ। ਹੁਣ ਉਹ ਜੀਵਨ ਤੋਂ ਬਿਲਕੁਲ ਬੇ-ਆਸ ਹੋ ਚੁਕਾ ਸੀ। ਪਰ ਫਿਰ ਵੀ ਪਤਾ ਨਹੀਂ ਉਹ ਕਿਉਂ ਜੀ ਰਹੀ ਸੀ।

ਰਖਸ਼ਪਾਲ ਦੀ ਦਸਵੀਂ ਜਮਾਤ ਪਾਸ ਕਰਕੇ ਨੌਕਰੀ ਦੀ ਤਾਲਾਸ਼ ਵਿਚ ਸ਼ਹਿਰਾ ਦੀ ਖ਼ਾਕ ਛਾਣ ਰਿਹਾ ਸੀ। ਕਾਫੀ ਠੋਕਰਾਂ ਖਾਣ ਮਗਰੋਂ ਵਾਪਸ ਪਿੰਡ ਮੁੜ ਆਇਆ। ਰਾਣੀ ਨੇ ਉਸ ਨੂੰ ਬਿਲਕੁਲ ਨਹੀਂ ਪੁਛਿਆ ਕਿ 'ਪੁਤ ਤੂੰ ਇਨਾ ਚਿਰ ਕਿਥੇ ਰਿਹਾ ? ਨੌਕਰੀ ਮਿਲੀ ਜਾਂ ਨਹੀਂ ? ਹੁਣ ਗੁਜ਼ਾਰਾ ਕਿੰਜ ਚਲੇਗਾ.....।' ਉਹ ਤਾਂ ਹਮੇਸ਼ਾਂ ਵਾਂਗ ਚੁਪ ਸੀ। ਪਰ ਇਕ ਦਿਨ ਉਸ

ਦੀ ਚੁਪ ਟੁਟ ਗਈ। ਉਸ ਦਿਨ ਉਹ ਬਹੁਤ ਖੁਸ਼ ਸੀ। ਉਸ ਦੇ ਪੁਤ ਨੇ ਪਿੰਡ ਦੇ ਸਭ ਤੋਂ ਤਗੜੇ ਭਲਵਾਨ ਸ਼ੰਗਾਰੇ ਨੂੰ ਕੁਸ਼ਤੀ ਵਿਚ ਪਛਾੜਿਆ ਸੀ। ਉਸ ਸ਼ਾਮੀਂ ਉਸ ਦੇ ਘਰ ਬਹੁਤ ਰੌਣਕ ਲਗੀ ਰਹੀ। ਫਿਰ ਹੌਲੀ ਹੌਲੀ ਲੋਕੀ ਆਪਣੇ ਆਪਣੇ ਘਰੀਂ ਜਾਣ ਲਗੇ ਅਤੇ ਉਸ ਦੇ ਬਹੁਤ ਪੁਰਾਣੇ ਝੌਂਪੜੇ ਵਿਚ ਕੇਵਲ ਉਹ ਮਾਂ ਪੁਤ ਹੀ ਰਹੇ।

ਸੂਝਵਾਨ ਪਾਠਕ ਸ਼ਾਇਦ ਇਹ ਸੋਚ ਰਹੇ ਹੋਣ ਕਿ ਕਹਾਣੀ ਅਜੇ ਅਗੇ ਤੁਰੇਗੀ। ਪਰ ਕਹਾਣੀ ਦੀ ਨਾਇਕਾ ਜਾਣਦੀ ਹੈ ਕਿ ਹੁਣ ਕਹਾਣੀ ਦਾ ਅੰਤ ਆ ਗਿਆ ਹੈ। ਹੁਣ ਕਹਾਣੀ ਅਗੇ ਨਹੀਂ ਤੁਰੇਗੀ।

ਰਾਣੀ ਨੇ ਰਖਸ਼ਪਾਲ ਦੀਆਂ ਫੁਟ ਰਹੀਆਂ ਮਸਾਂ ਅਤੇ ਨਿਕੀ ਨਿਕੀ ਦਾੜ੍ਹੀ ਤੇ ਹਥ ਫੇਰਦਿਆਂ ਕਿਹਾ, "ਪੁਤ ! ਅਜ ਤੇਰੇ ਕੋਲੋਂ ਇਕ ਗ਼ਲ ਪੁਛਣੀ ਹੈ।"

"ਪੁਛ ਮਾਂ।"

"ਪੁਤ, ਮੇਰੀ ਇਕ ਏਸੇ ਆਦਮੀ ਨਾਲ ਬਹੁਤ ਪੁਰਾਣੀ ਟਕਰ ਹੈ, ਜਿਸ ਦੇ ਘਰ ਦੀਆਂ ਕੰਧਾਂ ਬਹੁਤ ਪਕੀਆਂ ਤੇ ਉਚੀਆਂ ਹਨ ਪੁਲਿਸ ਅਤੇ ਸਮਾਜ ਨੇ ਮੇਰੀ ਕੋਈ ਸਹਾਇਤਾ ਨਹੀਂ ਕੀਤੀ ਮੈਂ ਇਕੱਲੀ ਸਹਾਇਤਾ ਸਹਾਇਤਾ ਪੁਕਾਰਦੀ ਰਹੀ। ਪਰ ਮੇਰੀ ਆਵਾਜ਼ ਉਨ੍ਹਾਂ ਉਚੀਆਂ ਕੰਧਾਂ ਨਾਲ ਟਕਰਾ ਕੇ ਚੁਪ ਹੋ ਜਾਂਦੀ। ਕਾਨੂੰਨ ਅਤੇ ਸਮਾਜ ਦੇ ਕੰਨ ਵੀ ਡੋਰੇ ਹੋ ਚੁਕੇ ਸਨ—ਦਸ ਪੁਤ ਤੂੰ ਮੇਰੀ ਮਦਦ ਕਰੇਂਗਾ ?"

ਰਖਸਪਾਲ ਦੀਆਂ ਅਖਾਂ ਬਲ ਪਈਆਂ ਅਤੇ ਉਸ ਦਾ ਚਿਹਰਾ ਲਾਲ ਸੂਹਾ ਹੋ ਗਿਆ। ਉਸ ਦੇ ਡੌਲੇ ਫੜਕਣ ਲਗੇ। ਉਹ ਰਾਣੀ ਦੇ ਪੈਰੀਂ ਪੈ ਗਿਆ ਅਤੇ ਕਿਹਾ, "ਮਾਂ ! ਆਸ਼ੀਰ-ਵਾਦ ਦਿਉ।"

ਨਾਇਕਾ ਦਾ ਚਿਹਰਾ ਇਕ ਪਲ ਵਿਚ ਖਿੜ ਉਠਿਆ ਅਤੇ ਉਸ ਨੇ ਮਹਿਸੂਸ ਕੀਤਾ ਜਿਵੇਂ ਉਹ ਮੁੜ ਜੁਆਨ ਹੋ ਗਈ ਹੋਵੇ।

(ਦ੍ਰਿਸ਼ਟੀ—ਅਪ੍ਰੈਲ 72)

ਕਾਵਿ-ਉਡਾਰੀ

ਗ਼ਜ਼ਲ

ਦਿਲ ਬੇਮੁਹਾਰ ਹੋਇਆ ਤੇਰੀ ਪੜ੍ਹ ਕੇ ਪੁੱਠੀ ਪੱਟੀ,
ਚੰਦਰਾ ਨਹੀਂ ਵਰਜ ਹੋਇਆ, ਮੈਂ ਸੌ ਸੌ ਪੜ੍ਹਾਈ ਪੱਟੀ।

ਕੀਤੀ ਉਡੀਕ ਅੱਤ ਦੀ, ਮਿਲਿਆ ਨਾ ਕੋਈ ਸਾਥੀ,
ਫਿਰ ਭੀ ਕਠਨ ਡਗਰ ਤੇ, ਕੱਲਿਆਂ ਦਲਾਂਘ ਪੁਟੀ।

ਥਾਂ ਥਾਂ ਤੇ ਰੁਲ ਰਹੇ ਨੇ, ਅੱਖੀਆਂ ਦੇ ਸਿਰਜੇ ਮੋਤੀ,
ਜਾਪੇ ਲੁਟੀ ਗਈ ਏ, ਕਿਸੇ ਜੌਹਰੀ ਦੀ ਹੱਟੀ।

ਦਿਲ ਬਾਦਸ਼ਾਹ ਸਦਾ ਕੇ, ਕੰਗਾਲ ਹੋ ਗਿਆ ਏ,
ਮੈਂ ਵਣਜ ਇਸ਼ਕ ਦੇ ਚੋਂ, ਖੱਟੀ ਏ ਕਿਹੜੀ ਖੱਟੀ ?

ਦਿਨ ਫੇਰ ਵੀ ਨਾ ਲਿਸ਼ਕੇ, ਨਹੀਂ ਚਿੱਟ-ਚਿਟੈਣ ਹੋਈ,
ਰਾਤਾਂ ਦੀ ਸਾਰੀ ਸਿਆਹੀ, ਅੌਖੀਆਂ ਨੇ ਖੌਰ ਸੁੱਟੀ ?

ਦਿਲ ਦੇ ਰੰਗੀਲੇ ਚਰਖੇ, ਤੇਰੀ ਯਾਦ ਕੱਤ ਲੀਤੀ।
ਉਲਝੇ ਨਾ ਤੰਦ ਕੋਈ, ਤਾਂ ਹੀ ਅਟੇਰੀ ਅੱਟੀ।

ਤੂੰ ਚੂਰੀਆਂ ਦਾ ਗੇਜੀ, ਤੰਨ ਦੀ ਮੈਂ ਭੇਟ ਕੀਤੀ,
ਹੋਵੇਂਗਾ ਜੇ ਤੂੰ ਰਾਂਝਾ, ਮੈਂ ਨਹੀਂ ਸਾਂ ਹੀਰ ਜੱਟੀ।

ਤੇਰੀ ਦੀਦ ਦੀ ਸੀ ਇੱਛਾ, ਦੀਦੇ ਖੁਲ੍ਹੇ ਰਹੇ ਨੇ,
ਤੇਰਾ ਹਾਂਭਿਆ ਪਛਾਂਵਾਂ, ਮੈਂ ਮੁੜ ਨਾ ਅੱਖ ਪੁਟੀ।

ਹਰ ਲਫ਼ਜ ਤੇਰੇ ਲੇਖੇ, ਕਾਣੀ ਵੀ ਭੇਂਟ ਤੇਰੇ,
ਜੀਵਨ ਅਸਾਸਾ ਭੇਟਾਂ, ਮੈਂ ਉਮਰ ਹਾਰ ਸੁਟੀ।

ਹਰ ਥਾਂ 'ਤੇ ਰੱਬ ਦਿਸਦਾ ਏ, ਕਿਧਰੇ ਨਹੀਂ ਰੱਬ ਮਿਲਦਾ,
ਅਸਾਂ ਰੱਬ ਰੱਬ ਕਰਕੇ, ਉਹਦੀ ਹੋਂਦ ਮਾਰ ਸੁੱਟੀ।

ਧਾਗੇ ਵੀ ਮੁਕ ਗਏ ਨੇ, ਮਣਕੇ ਵੀ ਸੰਭ ਗਏ ਨੇ,
'ਮਾਲਾ' ਦੀ ਥੋੜ੍ਹ ਹੋਈ, ਖ਼ਾਲੀ ਹਰ ਇਕ ਏ ਹੱਟੀ।

ਉਜਾਗਰ ਸਿੰਘ 'ਮਹਿਕ'

ਮੇਰਾ ਦਿਲ

ਮੇਰਾ ਦਿਲ 'ਟਟਹਿਣਾ' ਬਣਕੇ,
ਝੰਮ ਝੰਮ ਕਰਦੀ ਲੋਅ ਆਪਣੀ ਨਾਲ।
ਦੱਬੀ ਹੋਈ ਮਨੁਖਤਾ ਤਾਂਈਂ,
ਮੰਜ਼ਲ ਹੁਣ ਵਿਖਾਉਂਣਾ ਚਾਹੁੰਦਾ।

—0—

ਨੀਲੇ ਨਿੰਬਲ ਅਰਸ਼ਾਂ ਉਤੇ,
ਚੜ੍ਹੀਆਂ ਜੋ ਘਨਘੋਰ ਘਟਾਵਾਂ,
ਇਨ੍ਹਾਂ ਵਿਚੋਂ ਧਰਤ ਦੀ ਖ਼ਾਤਰ।
ਮਿਹਰ ਦਾ ਮੀਂਹ ਵਸਾਨਾਂ ਚਾਹੁੰਦਾ,

—0—

ਭੁਖੇ ਅਤੇ ਖਾਲੀ ਢਿਡੋਂ,
ਵਿਲੱਕਣ, ਜੋ ਮਾਂਵਾਂ ਦੇ ਪੁੱਤਰ।
ਟੁਕੜ ਪਾ ਉਨ੍ਹਾਂ ਢਿਡਾਂ ਵਿਚ,
ਸੁੱਖ ਦੀ ਨੀਂਦ ਸਵਾਂਨਾ ਚਾਹੁੰਦਾ।

—0—

ਇਕ ਪਾਸੇ ਨੇ ਚੌਂਦੇ ਢਾਰੇ,
ਦੂਜੇ ਪਾਸੇ ਮਹੱਲ ਖੜੇ ਨੇ।
ਮਹੱਲਾਂ ਵਿਚ ਬੈਠੇ ਬੰਦਿਆਂ ਨੂੰ,
ਬੰਦਿਆਂ ਵਿਚ, ਬਿਠਾਂਨਾਂ ਚਾਹੁੰਦਾ।

—0—

ਕਿਧਰੇ ਉਚੇ ਉਚੇ ਟਿੱਬੇ,
ਕਿਧਰੇ ਡੂੰਘੀਆਂ ਡੂੰਘੀਆਂ ਖਾਈਆਂ।
ਪੂਰ ਕੇ ਖਾਈਆਂ ਟਿੱਬਿਆਂ ਦੇ ਨਾਲ,
ਪਧਰੀ ਥਾਂ ਬਨਾਣਾ ਚਾਹੁੰਦਾ।

—0—

ਜਿਸ ਯੁਗ ਵਿਚ ਡੈਣ ਗਰੀਬੀ,
ਆਪਣੀ ਮੌਤੇ ਆਪ ਮਰ ਜਾਏ।
ਸੂਰਜ ਟਿਕੜੀ ਉਸ ਯੁਗੋ ਦੀ,
ਪੂਰਬ ਤੋਂ ਚੜ੍ਹਾਨਾ ਚਾਹੁੰਦਾ।

—0—

ਕਿਧਰੇ ਕਿਧਰੇ ਇਸ ਧਰਤੀ ਤੇ,
ਅਮਨ ਦੇ ਦੁਸ਼ਮਨ ਖੋਰੂ ਪਾਂਦੇ।
ਲਤਾਂ ਬਾਂਹਾਂ ਵੱਢ ਇਨ੍ਹਾਂ ਦੀਆਂ,
ਦੁਨੀਆਂ ਤੋਂ ਮੁਕਾਨਾ ਚਾਹੁੰਦਾ।

—0—

ਕਲ ਨੂੰ ਸੀਗੀ ਇਕੋ ਧਰਤੀ,
ਅਜ ਉਸੇ ਦੀਆਂ ਵੰਡੀਆਂ ਪਈਆਂ।
ਦੂਰ ਹੋਈਆਂ ਵੀਰਾਂ ਦੀਆਂ ਬਾਂਹਵਾਂ,
ਮੁੜ ਕੇ ਗਲ ਵਲਾਨਾ ਚਾਹੁੰਦਾ।

ਦੇਸ ਰਾਜ 'ਦਾਨਿਸ਼'

ਗ਼ਜ਼ਲ

ਸ਼ੀਸ਼ੇ 'ਚ ਪਈ ਮੈਅ ਵਿਚ ਝਾਤ ਜਦੋਂ ਪਾਈ,
ਇਕ ਦੁਨੀਆਂ ਭੁਲਾ ਬੈਠਾ ਇਕ ਦੁਨੀਯਾਂ ਨਜਰ ਪਾਈ !
ਆਪੇ ਉਹ ਨਹੀਂ ਆਏ ਲਿਖਿਆ ਏ ਕਿ ਆਵਾਂਗੇ,
ਬੀਮਾਰ ਨੇ ਜਦ ਸੁਣਿਆ ਮਰ ਮਰ ਕੇ ਸਦਾ ਪਾਈ।
ਸੱਚ ਕਹਿਣ ਤੋਂ ਨਹੀਂ ਡਰਦੇ ਕਹਿੰਦੇ ਨੇ ਸਦਾ ਮੂੰਹ 'ਤੇ,
ਚੁੱਪ ਰਹਿਣ ਕਿਵੇਂ ਤੱਕ ਕੇ ਖ਼ੁਦ-ਦਾਰ ਤਮਾਸ਼ਾਈ।
ਹੱਕਦਾਰ ਨੇ ਹੱਕ ਲੈਣਾ ਖ਼ੁੱਦ-ਗ਼ਰਜ਼ ਵੰਡਾਵੇ ਤੋਂ,
ਉਹ ਵਕਤ ਗਿਆ ਉਸ ਦੀ ਜਦ ਚਲਦੀ ਸੀ ਚਤਰਾਈ।
ਮਰ ਕੇ ਬੀ ਸ਼ਕਾਇਤ ਏ ਬੇ-ਦਰਦ ਜ਼ਮਾਨੇ 'ਤੇ,
ਗੁੰਜਾਨ ਆਬਾਦੀ ਵਿੱਚ ਕਿਉਂ ਲਾਸ਼ ਹੈ ਦਫ਼ਨਾਈ।
ਹਰ ਬਾਰ ਬੁਲਾਵੇ 'ਤੇ ਆਏ ਹੋ ਤੁਸੀਂ 'ਦਾਨਿਸ਼',
ਆਪੇ ਕਦੇ ਆਵਣ ਦੀ ਤਕਲੀਫ਼ ਨਾ ਫ਼ੁਰਮਾਈ।

ਮੋਹਨ ਸਿੰਘ 'ਸ਼ਾਂਤ'

ਗ਼ਜ਼ਲ

ਕਲੀਆਂ ਨੂੰ ਹਰ ਕੋਈ ਚੁੰਮਦਾ ਏ, ਕੰਡਿਆਂ ਨੂੰ ਛੂਹ ਕੇ ਵੇਖ ਜ਼ਰਾ।
ਭੌਰੇ ਰਸ ਪੀਂਦੇ ਨੇ ਸਾਰੇ, ਤੂੰ ਜ਼ਹਿਰ ਨੂੰ ਚੌ ਕੇ ਵੇਖ ਜ਼ਰਾ।
ਫੁਲ ਟੁਕ ਕੇ ਡਾਲੀ ਤੋਂ ਲੋਕੀ ਸੁੰਘ ਕੇ ਸੁਟ ਦਿੰਦੇ ਨੇ ਸਾਹੇ,
ਡਾਲੀ ਤੋਂ ਟੁਟੀਆਂ ਕਲੀਆਂ ਦਾ ਤੂੰ ਹਾਰ ਪਰੋ ਕੇ ਵੇਖ ਜ਼ਰਾ।
ਤੇਰਾ ਦੁਖ ਤਾਂ ਜਾਣ ਲਿਆ, ਕੋਈ ਦਰਦ ਕਿਸੇ ਦਾ ਕੀ ਜਾਣੇ।
ਹੁਣ ਦੁਖ ਪਰਾਏ ਵੇ ਮਿਤਰਾ ਪਲ ਭਰ ਤਾਂ ਰੋ ਕੇ ਵੇਖ ਜ਼ਰਾ।
ਮੰਦਰ ਤੇ ਮਸਜਿਦ ਥਾਵਾਂ ਨੇ ਅਣਡਿੱਠਾ ਰੱਬ ਰੀਝਾਣ ਦੀਆਂ,
ਰੱਬ ਵੱਮਦਾ ਟੁਟੀਆਂ ਝੁਗੀਆਂ ਵਿਚ, ਪਲ ਭਰ ਤਾਂ ਖਲੋਕੇ ਵੇਖ ਜ਼ਰਾ।
ਕੀ ਚਾਲ ਜ਼ਮਾਨਾ ਚਲਦਾ ਏ, ਅੱਜ ਪਿਆਰ ਭੁਲੇਖਾ ਦਿਸਦਾ ਏ,
ਇਹ ਝੂਠੇ ਲਾਰੇ ਨੇ ਮਿਤਰਾ, ਅੱਗੇ ਹੋ ਕੇ ਵੇਖ ਜ਼ਰਾ।
ਇਸ ਰੋਗ ਦਾ ਕੋਈ ਦਾਰੂ ਨਹੀਂ, ਕੀ ਕਢਕੇ ਦਿਲ ਦਸਦਾ ਏਂ,
ਹੁਣ ਦਿਲ ਦਰਵਾਜ਼ੇ ਨੂੰ ਮਿਤਰਾ, ਦਿਲ ਅੰਦਰ ਢੋ ਕੇ ਵੇਖ ਜ਼ਰਾ।

ਠਾਕਰ ਸਿੰਘ 'ਜ਼ਖਮੀ'

ਗ਼ਜ਼ਲ

ਦੋਸਤੋ ! ਗ਼ਮ ਨੂੰ ਭੁਲਾਵਾਂ, ਕਿਸ ਤਰ੍ਹਾਂ ?
ਦਾਗ਼ ਸੀਨੇ ਦੇ ਮਿਟਾਵਾਂ, ਕਿਸ ਤਰ੍ਹਾਂ ?
ਦਿਲ ਮੇਰਾ ਮਾਸੂਮ ਹੈ, ਨਿਰਦੋਸ਼ ਹੈ,
ਫਿਰ ਅੰਗਾਰਾਂ ਨੂੰ ਮੈਂ ਖ਼ਾਵਾਂ ਕਿਸ ਤਰ੍ਹਾਂ ?
ਲੈ ਗਈ ਸਾਰਾ ਤਸੱਵਰ ਬਸ ਖ਼ਿਜਾਂ,
ਮੈਂ ਬਹਾਰਾਂ ਨੂੰ ਬੁਲਾਵਾਂ, ਕਿਸ ਤਰ੍ਹਾਂ ?
ਧਿਆਨ ਵਿੱਚ ਮੇਰੇ ਤਾਂ ਬਸ ਸੱਯਾਦ ਹੈ,
ਕ਼ਫ਼ਸ ਵਿੱਚ ਪੱਰ ਫੜ-ਫੜਾਵਾਂ ਕਿਸ ਤਰ੍ਹਾਂ ?
ਐ ਮੇਰੇ ਕਾਤਲ, ਮੇਰੇ ਜ਼ਾਬਰ ਰਕੀਬ,
ਯਾਰ ਕਹਿ ਤੈਨੂੰ ਬੁਲਾਵਾਂ, ਕਿਸ ਤਰ੍ਹਾਂ ?
ਤੇਰੀ ਪੁਸਤਕ ਵਿੱਚ ਹਕੀਕਤ ਕੁਝ ਨਹੀਂ,
ਪਰਦਾ ਨਜ਼ਰਾ ਤੋਂ ਹਟਾਵਾਂ ਕਿਸ ਤਰ੍ਹਾਂ ?
ਹੋਸ਼ ਵਿਚ ਬੇਹੋਸ਼ ਹੋ ਐ ਕਾਫ਼ਰਾ,
ਹੋਸ਼ ਵਿੱਚ ਤੈਨੂੰ ਲਿਆਵਾਂ ਕਿਸ ਤਰ੍ਹਾਂ ?
ਟਿਕ ਸਕੇਂਗਾ ਨ ਸਮੇਂ ਦੇ ਸਾਹਮਣੇ,
ਰਾਜ਼ ਤੈਨੂੰ ਪਰ ਬਤਾਵਾਂ ਕਿਸ ਤਰ੍ਹਾਂ ?

ਅਮਰੀਕ ਸਿੰਘ 'ਸੁੱਖੀ'

ਇਕ ਸੰਸਾ

ਇਹ ਚਾਨਣ ਕੈਸਾ ਚਾਨਣ ਏ ?
ਜਿਸ ਦੀ ਛਾਤੀ ਵਿਚ ਉਗਿਆ ਏ,
ਨੇਰ੍ਹੇ ਦਾ ਰੁਖ,
ਜਿਸ ਦੇ ਸਿਰ ਤੇ ਛਾਈ ਏ,
ਪਸਚਾਤਾਪ ਦੀ ਧੁੰਦ,
ਤੇ ਜਿਸ ਨੇ ਸੁਪਨੇ ਦੇ ਪਰਛਾਵਿਆਂ ਅਗੇ,
ਖੈਰ ਲਈ ਅੱਡੀ ਏ ਝੋਲ,
ਤੇ ਜੇਹੜਾ ਬੋਲਦੈ ਹੁਦਾਰੇ ਲੈ ਕੇ ਬੋਲ,
ਹੀਣਤਾ ਦੇ ਰੋਗ ਨੇ ਗ੍ਰਸਿਆ,
ਜਿਸ ਦਾ ਸਾਵਾ ਮਨ ਏ ।
ਇਹ ਚਾਨਣ ਕੈਸਾ ਚਾਨਣ ਏ ?
ਇਹ ਚਾਨਣ ਕੈਸਾ ਚਾਨਣ ਏ ?
ਜਿਸ ਨੂੰ ਈਰਖਾ ਦਾ ਘੁਣ ਖਾਈ ਜਾਂਦੈ,
ਦਵੈਸ਼ ਦੇ ਤਾਪ ਜਿਸ ਦਾ ਤੰਨ ਸਾੜਿਐ,
ਜਿਸ ਦੀ ਅੱਖ ਵਿਚ ਨਫਰਤ ਜਿਹਾ ਕੁਝ ਵਸਦੈ,
ਜਿਸ ਦੇ ਲਹੂ ਵਿਚ ਝੂਠ ਜਿਹਾ ਕੁਲ ਵਗਦੈ,
ਜਿਸ ਦੀ ਸੋਚ ਵਿਚ ਉਗਿਐ ਦੁਬਦਾ ਦਾ ਕੰਡਾ,
ਜਿਸ ਦੀ ਪਿਠ ਤੇ ਕਾਲੀਆਂ ਰਾਤਾਂ ਦਾ ਹੱਥ ਏ,
ਜਿਸ ਦੀ ਹਰ ਕਿਰਨ ਧੁਆਂਖੀ ਹੋਈ ਏ,
ਤੇ ਧੂੜ ਲੁਤੇ ਸਭ ਅੰਗ ਨੇ ਜਿਸ ਦੇ,
ਜਿਸ ਦੀ ਹੋਂਦ ਬਸ ਇਕ ਸੰਸਾ ਏ,

ਇਕ ਬਸਮੈਲਾ-ਪੰਨ ਏ ।
ਇਹ ਚਾਨਣ ਕੈਸਾ ਚਾਨਣ ਏ ?

ਜੋ ਅੰਧਕਾਰ ਤੋਂ ਡਰਦਾ ਮਰਦੈ,
ਥਰ ਥਰ ਕੰਬਦਾ ਹਰਿ ਹਰਿ ਕਰਦੈ,
ਤੇ ਕੁਝ ਕਦਮਾਂ ਦੀ ਵਿਥ ਤੇ ਜੇਹੜਾ,
ਕਿਸੇ ਮਜਬੂਰੀ ਦੀ ਠੋਕਰ ਖਾ ਕੇ,
ਸੰਧਿਆ ਦੀ ਬੁਕਲ ਵਿਚ ਜਾ ਛੁਪਦੈ,
ਜਾਂ ਕਾਇਰਤਾ ਦੀ ਖਡ ਵਿਚ ਜਾ ਡਿਗਦੈ
ਤੇ ਜੰਗਲ ਦਾ ਮੁਸਾਫਿਰ ਖੜਾ,
ਪ੍ਰਸ਼ਨ ਚਿੰਨ੍ਹ ਬਣ ਜਾਂਦੈ,
ਮੁਸਾਫਿਰ .—

ਕਿ ਜਿਸ ਦ ਮੰਨਜ਼ੂਲ,
ਇਕ ਅਮਰ ਭਟਕਣ ਏ ।
ਇਹ ਚਾਨਣ ਕੈਸਾ ਚਾਨਣ ਏ ?

ਮਹੰਮਦ ਸਾਦਕ

ਗੁਜਰੀ ਕਵਿਤਾ

ਚੜਿਓ ਜੇਠ ਤੇ ਧੁੱਪ ਕਮਾਲ ਹੋਈ,
ਦਿਲ ਕਹਿ ਮੇਰੇ ਢੋਕ ਚਲ ਅੜਿਆ।
ਠੰਡੀ ਪੀਰ—ਪੰਜਾਲ ਗੀ ਵਾ ਲਾਵਾਂ,
ਸਜਣ ਬੈਠਾ ਐਂ ਸਰਾਂ ਨਾ ਮੱਲ ਅੜਿਆ।
ਨਕੋ ਸਰੀਂ ਮਸਤਾਨ ਹੈਰਾਨ ਤਕੈ,
ਬਸਤੀ ਬਾਸ ਆਵੈ ਅਜ ਕਲ ਅੜਿਆ।
ਲੰਮੇ ਛੇੜ ਛੇੜਾਂ ਮਰਜ਼ੀ ਨਾਲ ਮੋੜਾ,
ਨਾਲੇ ਗੀਤ ਗਾਵਾਂ ਕੁਲ ਹੋ ਟਲ ਅੜਿਆ।
ਹੁਸਨ ਰੂਪ ਬਾਰੋ, ਗਿਲੋ ਕੇ ਮਾਹਰੋਂ,
ਮੇਲੋ ਜ਼ਿੰਦਗੀ ਗੋ ਪਲ—ਝਲ ਅੜਿਆ।
ਨਵਾਂ ਸਾਗ ਕਿੰਡੋਰ ਗੀ ਲੋੜ ਮਿੰਨਾ,
ਮਿਠੇ ਬੋਲ ਬੋਲੇ, ਚਮਚੋ ਘੱਲ ਅੜਿਆ।
ਆਸ਼ਕ ਕੋਲ ਕਰਾਰ ਤੋਂ ਹਾਰਤਾ ਨਹੀਂ
ਹਥੂੰ ਲਾਹ ਦਸੋਂ, ਪੁੱਠੀ ਖੱਲ ਅੜਿਆ।
'ਸਾਦਕ' ਛੋੜ ਮੁਹੱਬਤਾਂ ਕੂੜੀਆਂ ਨਾਂ,
ਸਾਰੋ ਜਗ ਤਕਿਓ ਚਲੋ ਚਲ ਅੜਿਆ।